
ਖੁਰਾਲਗੜ੍ਹ : ਜਿੱਥੇ ਸ੍ਰੀ ਗੁਰੂ ਰਵਿਦਾਸ ਨੇ ਸਵਾ ਚਾਰ ਸਾਲ ਗੁਜ਼ਾਰੇ। (ਬਲਜਿੰਦਰ ਮਾਨ ਦਾ ਲੇਖ ਦੇਖੋ ਸਫਾ 24 'ਤੇ)

13ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -13 ISSUE - 44


Feburary 5, 2025

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com


Ambedkar Times and Desh Doaba Fondly Remember Honorable Mr. C. L. Chumber on his 9th anniversary Read more on page 15.

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ


**ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ।** ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਅਤੇ ਨਿਊਯਾਰਕ ਵਿਖੇ 16 ਫਰਵਰੀ 2025, ਯੂਬਾ ਸਿਟੀ ਅਤੇ ਸੇਲਮਾ ਵਿਖੇ 23 ਫਰਵਰੀ 2025, ਫਰਿਜਨੋ ਵਿਖੇ 2 ਮਾਰਚ 2025 ਅਤੇ 9 ਮਾਰਚ 2025 ਨੂੰ ਸੈਕਰਾਮੈਂਟੋ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਹੈ। ਹੋਰ ਜਾਣਕਾਰੀ ਲਈ ਸਬੰਧਤ ਸਭਾਵਾਂ ਨਾਲ ਸੰਪਰਕ ਕਰੋ ਜੀ।

# ਅਮਰੀਕੀ ਫੌਜ ਦਾ ਜਹਾਜ਼ ਉਤਰਦੇ ਹੀ ਪੰਜਾਬ ਵਿਚ ਨਮੋਸ਼ੀ ਛਾਈ

## ਅਮਰੀਕਾ ਗਏ ਮੁੰਡਿਆਂ ਦੇ ਮਾਪਿਆਂ ਦੇ ਸਾਹ ਸੂਤੇ, ਹਰ ਪਾਸੇ ਉਦਾਸੀ ਦਾ ਮਾਹੌਲ

**ਅੰਮ੍ਰਿਤਸਰ (ਬਿਊਰੋ)–** ਅਮਰੀਕੀ ਫੌਜ ਦਾ ਜਹਾਜ਼ ਜਿਉਂ ਹੀ ਅੰਮ੍ਰਿਤਸਰ ਹਵਾਈ ਅੱਡੇ ਤੇ ਉਤਰਿਆ, ਪੰਜਾਬ ਵਿਚ ਉਦਾਸੀ ਅਤੇ ਡਰ ਦਾ ਮਾਹੌਲ ਪੈਦਾ ਹੋ ਗਿਆ। ਅਫਵਾਹਾਂ ਦਾ ਬਾਜ਼ਾਰ ਗਰਮ ਹੈ। ਜਿਹਨਾਂ ਦੇ ਬੱਚੇ ਅਮਰੀਕਾ ਡੰਕੀ ਲਗਾ ਕੇ ਗਏ ਅਤੇ ਹੁਣ ਤੱਕ ਕੋਈ ਕਾਗਜ਼ਾਤ ਨਹੀਂ ਹੈ, ਉਹਨਾਂ ਦੇ ਪਰਿਵਾਰਾਂ ਵਿਚ ਦਹਿਸ਼ਤ ਅਤੇ ਉਦਾਸੀ ਦਾ ਮਾਹੌਲ ਛਾ ਗਿਆ ਹੈ। 50-50 ਲੱਖ ਲਗਾ ਕੇ ਜ਼ਮੀਨਾਂ, ਗਹਿਣੇ ਵੇਚ ਕੇ ਭੇਜੇ ਮੁੰਡਿਆਂ ਦੇ ਮਾਪਿਆਂ ਨੂੰ ਇਕ ਪਾਸੇ ਤਾਂ ਡੀਪੋਰੇਸ਼ਨ ਦਾ ਡਰ ਤੰਗ ਕਰ ਰਿਹਾ ਹੈ, ਦੂਜੇ ਪਾਸੇ ਪਰਿਵਾਰਾਂ ਤੇ ਚੜ੍ਹਿਆ ਕਰਜ਼ਾ ਤੰਗ ਕਰ ਰਿਹਾ ਹੈ। ਗੈਰਕਾਨੂੰਨੀ ਭਾਰਤੀ ਪਰਵਾਸੀਆਂ ਨੂੰ ਲੈ ਕੇ ਪੁੱਜਾ ਅਮਰੀਕੀ ਫੌਜੀ ਮਾਲਵਾਹਕ ਜਹਾਜ਼ ਬਾਅਦ ਦੁਪਹਿਰ 1:55 ਵਜੇ ਅੰਮ੍ਰਿਤਸਰ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਉਤਰ ਗਿਆ ਹੈ। ਜਹਾਜ਼ ਵਿਚ ਕੁੱਲ 205 ਭਾਰਤੀ ਸਵਾਰ ਦੱਸੇ ਜਾਂਦੇ ਹਨ। ਸੂਤਰਾਂ ਮੁਤਾਬਕ ਇਨ੍ਹਾਂ ਵਿਚੋਂ 104 ਜਣਿਆਂ ਨੂੰ ਅੰਮ੍ਰਿਤਸਰ ਵਿਚ ਉਤਾਰੇ ਜਾਣ ਦੀਆਂ ਰਿਪੋਰਟਾਂ ਹਨ। ਇਨ੍ਹਾਂ 104 ਵਿਅਕਤੀਆਂ ਵਿਚ 30 ਪੰਜਾਬ, 33 ਹਰਿਆਣਾ, 33 ਗੁਜਰਾਤ, 2 ਯੂਪੀ, 3 ਮਹਾਰਾਸ਼ਟਰ ਤੇ ਦੋ ਚੰਡੀਗੜ੍ਹ ਨਾਲ ਸਬੰਧਤ ਹਨ। ਇਨ੍ਹਾਂ ਸਾਰਿਆਂ ਨੂੰ ਮੰਗਲਵਾਰ ਨੂੰ ਟੈਕਸਸ ਦੇ ਸਾਂ ਐਨਟੋਨੀ ਤੋਂ ਸੀ-17 ਜਹਾਜ਼ ਰਾਹੀਂ ਭਾਰਤ ਡਿਪੋਰਟ ਕੀਤਾ ਗਿਆ ਸੀ। ਬਾਕੀ ਬਚਦੇ 101 ਗੈਰਕਾਨੂੰਨੀ ਪਰਵਾਸੀਆਂ ਦੀ ਸ਼ਨਾਖਤ ਨੂੰ ਲੈ ਕੇ ਭੰਬਲਭੂਸਾ ਬਰਕਰਾਰ ਹੈ। ਜਾਣਕਾਰੀ ਅਨੁਸਾਰ ਅੰਮ੍ਰਿਤਸਰ ਵਿਚ ਉਤਾਰੇ ਗਏ 104 ਭਾਰਤੀਆਂ ਦੇ ਪਹਿਲਾਂ ਦਸਤਾਵੇਜ਼ਾਂ ਦੀ ਜਾਂਚ ਕੀਤੀ ਜਾਵੇਗੀ। ਜੇ ਇਨ੍ਹਾਂ ਵਿਚੋਂ ਕਿਸੇ ਦਾ ਅਪਰਾਧਿਕ ਰਿਕਾਰਡ ਮਿਲਦਾ ਹੈ ਤਾਂ ਉਸ ਨੂੰ ਰੋਕ ਕੇ ਬਾਕੀਆਂ ਨੂੰ ਉਨ੍ਹਾਂ ਦੇ ਸਬੰਧਤ ਰਾਜਾਂ ਜਾਂ ਜ਼ਿਲ੍ਹਿਆਂ ਲਈ ਰਵਾਨਾ ਕਰ ਦਿੱਤਾ ਜਾਵੇਗਾ। ਪੰਜਾਬ ਨਾਲ ਸਬੰਧਤ ਪਰਵਾਸੀਆਂ ਨੂੰ ਉਨ੍ਹਾਂ ਦੀ ਮੰਜ਼ਿਲ ਤੱਕ ਭੇਜਣ ਲਈ ਸਬੰਧਤ ਜ਼ਿਲ੍ਹਿਆਂ ਤੋਂ ਵਾਹਨਾਂ ਦਾ ਵਿਸ਼ੇਸ਼ ਤੌਰ 'ਤੇ ਪ੍ਰਬੰਧ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਲੇ ਹਫ਼ਤੇ ਵਾਸ਼ਿੰਗਟਨ ਫੇਰੀ ਤੋਂ ਪਹਿਲਾਂ ਅਮਰੀਕਾ ਵੱਲੋਂ ਡਿਪੋਰਟ ਕੀਤਾ ਗੈਰਕਾਨੂੰਨੀ ਭਾਰਤੀ ਪਰਵਾਸੀਆਂ ਦਾ ਇਹ ਪਹਿਲਾ ਬੈਚ ਹੈ। ਚੇਤੇ ਰਹੇ ਕਿ ਭਾਰਤ ਦੇ ਵਿਦੇਸ਼ ਮੰਤਰੀ ਐਸ.ਜੈਸ਼ੰਕਰ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਨਵੀਂ ਦਿੱਲੀ ਅਮਰੀਕਾ ਸਣੇ ਹੋਰਨਾਂ ਮੁਲਕਾਂ ਵਿਚ ਗੈਰਕਾਨੂੰਨੀ ਤਰੀਕੇ ਨਾਲ ਰਹਿ ਰਹੇ ਭਾਰਤੀ ਨਾਗਰਿਕਾਂ ਨੂੰ ਵਾਪਸ ਭੇਜਣ ਦੇ ਵਿਚਾਰ ਦੀ ਵਕਾਲਤ ਕਰਦਾ ਹੈ। ਇਕ ਅੰਦਾਜ਼ੇ ਮੁਤਾਬਕ ਅਮਰੀਕਾ ਵਿਚ 7.25 ਲੱਖ ਗੈਰਕਾਨੂੰਨੀ ਭਾਰਤੀ ਪਰਵਾਸੀ ਰਹਿ ਰਹੇ ਹਨ। ਅਮਰੀਕਾ ਵਿਚ ਜਿਨ੍ਹਾਂ ਭਾਰਤੀਆਂ ਦੇ ਸਿਰ 'ਤੇ ਡਿਪੋਰਟੇਸ਼ਨ ਦੀ ਤਲਵਾਰ ਲਟਕ ਰਹੀ ਹੈ, ਉਨ੍ਹਾਂ ਵਿਚੋਂ ਬਹੁਤੇ 'ਡੰਕੀ ਰੂਟ' ਰਾਹੀਂ ਜਾਂ ਗੈਰਕਾਨੂੰਨੀ ਤਰੀਕੇ ਨਾਲ ਲੱਖਾਂ ਰੁਪਏ ਖਰਚ ਕੇ ਅਮਰੀਕਾ ਦਾਖ਼ਲ ਹੋਏ ਸਨ।



# ਦਿੱਲੀ ਵਿਧਾਨ ਸਭਾ ਚੋਣਾਂ 'ਚ 60.10 ਫੀਸਦੀ ਵੋਟਿੰਗ, ਆਪ ਤੇ ਭਾਜਪਾ 'ਚ ਸਖਤ ਮੁਕਾਬਲਾ

**ਨਵੀਂ ਦਿੱਲੀ (ਬਿਊਰੋ–** ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਅੱਜ ਕੌਮੀ ਰਾਜਧਾਨੀ ਵਿੱਚ 60.10 ਫੀਸਦ ਵੋਟਿੰਗ ਹੋਈ। ਦਿੱਲੀ ਵਿਧਾਨ ਸਭਾ ਚੋਣਾਂ ਵਿੱਚ 'ਆਪ' ਤੇ ਭਾਜਪਾ ਵਿਚਾਲੇ ਫਸਵੀਂ ਟੱਕਰ ਹੈ। ਵੋਟਿੰਗ ਦੀ ਇਹ ਫੀਸਦ 2020 ਦੀਆਂ ਵਿਧਾਨ ਸਭਾ ਚੋਣਾਂ ਦੇ ਮੁਕਾਬਲੇ ਪੰਜ ਫੀਸਦ ਪੁਆਇੰਟ ਘੱਟ ਹੈ ਕਿਉਂਕਿ 2020 ਵਿੱਚ 62.59 ਫੀਸਦ ਵੋਟਿੰਗ ਹੋਈ ਸੀ। ਉਸ ਵੇਲੇ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਪਾਰਟੀ ਨੇ 70 'ਚੋਂ 62 ਸੀਟਾਂ ਜਿੱਤੀਆਂ ਸਨ। ਹਾਲਾਂਕਿ, ਭਾਜਪਾ ਨੂੰ ਸਿਰਫ਼ ਅੱਠ ਤੇ ਕਾਂਗਰਸ ਨੂੰ ਕੋਈ ਸੀਟ ਨਹੀਂ ਮਿਲੀ ਸੀ। ਅੱਜ ਸਵੇਰ ਤੋਂ ਹੀ ਵੱਖ ਵੱਖ ਹਲਕਿਆਂ ਵਿੱਚ ਵੋਟਰਾਂ ਦੀਆਂ ਲੰਬੀਆਂ ਲਾਈਨਾਂ ਲੱਗੀਆਂ ਦੇਖੀਆਂ ਗਈਆਂ। ਇਹੀ ਨਹੀਂ ਵੋਟਾਂ ਦਾ ਸਮਾਂ 6 ਵਜੇ ਖ਼ਤਮ ਹੋਣ ਤੋਂ ਬਾਅਦ ਵੀ ਲੋਕ ਵੋਟ ਪਾਉਣ ਲਈ ਆਪਣੀ ਵਾਰੀ ਦੀ ਉਡੀਕ ਕਰਦੇ ਹੋਏ ਨਜ਼ਰ ਆਏ। ਦਿੱਲੀ ਦੇ ਮੁੱਖ ਚੋਣ ਅਧਿਕਾਰੀ ਮੁਤਾਬਕ ਸ਼ਾਮ 5 ਵਜੇ ਤੱਕ ਕੌਮੀ ਰਾਜਧਾਨ ਦੇ 1.56 ਕਰੋੜ ਯੋਗ ਵੋਟਰਾਂ ਵਿੱਚੋਂ 60.10 ਫੀਸਦ ਵੋਟਰਾਂ ਨੇ ਆਪਣੇ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ। ਵੋਟਿੰਗ ਤੋਂ ਬਾਅਦ ਕੀਤੇ ਗਏ ਜ਼ਿਆਦਾਤਰ ਚੋਣ ਸਰਵੇਖਣਾਂ (ਐਗਜ਼ਿਟ ਪੋਲ) ਵਿਚ 'ਆਪ' ਦੀ ਸੱਤਾ ਖੁੱਸਣ ਅਤੇ ਭਾਜਪਾ ਦੀ ਜਿੱਤ ਦੀ ਭਵਿੱਖਬਾਣੀ ਕੀਤੀ ਗਈ ਹੈ। ਕੁੱਝ ਸਰਵੇਖਣਾਂ ਅਨੁਸਾਰ ਐਤਕੀਂ ਫਿਰ ਕਾਂਗਰਸ ਦਾ ਖਾਤਾ ਖੁੱਲ੍ਹਣਾ ਮੁਸ਼ਕਲ ਹੈ। ਹਾਲਾਂਕਿ ਦੋ ਸਰਵੇਖਣਾਂ ਅਨੁਸਾਰ 'ਆਪ' ਜਿੱਤ ਸਕਦੀ ਹੈ ਅਤੇ ਦੋ ਅਨੁਸਾਰ ਭਾਜਪਾ ਤੇ 'ਆਪ' ਵਿਚਾਲੇ ਟੱਕਰ ਦੇਖਣ ਨੂੰ ਮਿਲ ਸਕਦੀ ਹੈ। ਇਸੇ ਤਰ੍ਹਾਂ 'ਪੀਪਲਜ਼ ਇਨਸਾਈਟ' ਅਨੁਸਾਰ ਐਨਡੀਏ 40 ਤੋਂ 44, 'ਆਪ' 25 ਤੋਂ 29 ਜਦਕਿ ਕਾਂਗਰਸ 0-1 ਸੀਟ ਜਿੱਤ ਸਕਦੀ ਹੈ। 'ਪੀ ਮਾਰਕ' ਮੁਤਾਬਕ 39-49 'ਤੇ ਭਾਜਪਾ, 21-31 'ਤੇ 'ਆਪ' ਅਤੇ 0-1 ਸੀਟ 'ਤੇ ਕਾਂਗਰਸ ਜੇਤੂ ਰਹਿ ਸਕਦੀ ਹੈ। 'ਜੇਵੀਸੀ' ਅਨੁਸਾਰ 39 ਤੋਂ 45 'ਤੇ ਭਾਜਪਾ, 22 ਤੋਂ 31 'ਤੇ 'ਆਪ' ਅਤੇ 0-2 'ਤੇ ਕਾਂਗਰਸ ਜੇਤੂ ਰਹਿ ਸਕਦੀ ਹੈ। 'ਪੋਲ ਡਾਇਰੀ' ਨੇ 42 ਤੋਂ 50 ਸੀਟਾਂ ਭਾਜਪਾ, 18 ਤੋਂ 25 'ਆਪ' ਅਤੇ 0 ਤੋਂ 2 ਸੀਟਾਂ ਕਾਂਗਰਸ ਦੇ ਜਿੱਤਣ ਦਾ ਅਨੁਮਾਨ ਲਾਇਆ ਹੈ। 'ਚਾਣਕਿਆ' ਅਨੁਸਾਰ ਭਾਜਪਾ ਅਤੇ ਉਸ ਦੇ ਭਾਈਵਾਲ 39 ਤੋਂ 44, 'ਆਪ' 25 ਤੋਂ 28 ਅਤੇ ਕਾਂਗਰਸ 2 ਤੋਂ 3 ਸੀਟਾਂ ਲੈ ਸਕਦੀ ਹੈ। ਉਧਰ 'ਵੀ ਪ੍ਰੀਜ਼ਾਈਡ' ਅਤੇ 'ਮਾਈਂਡ ਬ੍ਰਿਕ ਮੀਡੀਆ' ਨੇ 'ਆਪ' ਦੇ ਜਿੱਤਣ ਦੀ ਸੰਭਾਵਨਾ ਪ੍ਰਗਟ ਕੀਤੀ ਹੈ।





Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC) Payroll Services & Bookkeeping Services
* We are in this business since 1989. Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY

Ram Saroay
Broker/Realtor
Commercial Properties
Business License 031035
ramsaroay@hotmail.com
Cell (510) 368-3983


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

ਸੋਹੰ

ਹਰਿ

# SRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

www.sriguruavidasstemple.com

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।। ਕਨਕ ਕਟਿਕ ਜਲ ਤਰੰਗ ਜੈਸਾ।।1।।
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ।। ਪਤਿਤ ਪਾਵਨ ਨਾਮੁ ਕੈਸੇ ਹੁੰਤਾ।।1।। ਰਹਾਉ।।
**ਸਤਿਗੁਰੂ ਰਵਿਦਾਸ ਜੀ**





**ਸ੍ਰੀ ਗੁਰੂ ਰਵਿਦਾਸ ਸਭਾ, ਪਿਟਸਬਰਗ (ਕੈਲੇਫੋਰਨੀਆ) ਵੱਲੋਂ 16 ਫਰਵਰੀ, 2025 ਦਿਨ ਐਤਵਾਰ ਨੂੰ ਸਤਿਗੁਰੂ ਰਵਿਦਾਸ ਜੀ ਦਾ 648ਵਾਂ ਪ੍ਰਕਾਸ਼ ਪੁਰਬ ਗੁਰੂ ਘਰ ਵਿਖੇ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਗੁਰੂ ਦੀ ਸੰਗਤ ਵੱਲੋਂ ਪਾਠ, ਪ੍ਰਸ਼ਾਦ ਅਤੇ ਲੰਗਰ ਦੀ ਸੇਵਾ ਕੀਤੀ ਜਾਵੇਗੀ।**

**ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**
14 ਫਰਵਰੀ, 2025, (ਦਿਨ ਸ਼ੁੱਕਰਵਾਰ) ਸਵੇਰੇ 9:30 ਵਜੇ
**ਨਿਸ਼ਾਨ ਸਾਹਿਬ ਜੀ ਦੀ ਸੇਵਾ**
15 ਫਰਵਰੀ, 2025 (ਦਿਨ ਸ਼ਨਿਚਰਵਾਰ) ਸਵੇਰੇ 11 ਵਜੇ
**ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ**
16 ਫਰਵਰੀ, 2025 (ਦਿਨ ਐਤਵਾਰ) ਸਵੇਰੇ 9:30 ਵਜੇ
**ਕੀਰਤਨ ਦੀਵਾਨ**
16 ਫਰਵਰੀ, 2025 (ਦਿਨ ਐਤਵਾਰ) ਦੁਪਹਿਰ 2:00 ਵਜ ਤੱਕ

**ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਗੁਰੂ ਘਰ ਹਾਜ਼ਰੀਆਂ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।**


ਸੰਤ ਕ੍ਰਿਸ਼ਨ ਨਾਥ ਜੀ
ਚਹੇੜੂ ਵਾਲੇ


ਭਾਈ ਬਲਵਿੰਦਰ ਸਿੰਘ ਜੀ
ਦਾ ਕੀਰਤਨੀ ਜਥਾ


ਭਾਈ ਉਂਕਾਰ ਸਿੰਘ ਜੀ
ਊਨਾ ਵਾਲੇ

ਭਾਈ ਉਂਕਾਰ ਸਿੰਘ ਜੀ ਊਨਾ ਵਾਲੇ ਅਤੇ ਭਾਈ ਬਲਵਿੰਦਰ ਸਿੰਘ ਜੀ ਦਾ ਕੀਰਤਨ ਜਥਾ ਕੀਰਤਨ ਦੀਵਾਨ ਵਿਚ ਗੁਰੂ ਕੀ ਇਲਾਹੀ ਬਾਣੀ ਨਾਲ ਜੋੜ ਕੇ, ਸੰਗਤਾਂ ਨੂੰ ਨਿਹਾਲ ਕਰਨਗੇ ਤੇ ਸੰਤ ਕ੍ਰਿਸ਼ਨ ਨਾਥ ਜੀ ਚਹੇੜੂ ਵਾਲੇ ਕਥਾ ਦੁਆਰਾ ਨਿਹਾਲ ਕਰਨਗੇ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਬੇਨਤੀ ਹੈ ਕਿ ਜੋ ਵੀ ਸੰਗਤ ਲੰਗਰ ਤਿਆਰ ਕਰਨ ਅਤੇ ਸੇਵਾ ਕਰਨ, ਗੁਰੂ ਘਰ ਨੂੰ ਸਾਫ ਸੁਥਰਾ ਰੱਖਣ, ਟ੍ਰੈਫਿਕ/ਪਾਰਕਿੰਗ, ਰਸੋਈ ਸੇਵਾ, ਜੋੜਾ ਸੇਵਾ ਅਤੇ ਹੋਰ ਸੇਵਾਵਾਂ ਤਿੰਨੇ ਦਿਨ ਲਈ ਸਟਾਲ ਜਾਂ ਹੋਰ ਕਿਸੇ ਕਿਸਮ ਦੀ ਸੇਵਾ ਕਰਨ ਦੇ ਚਾਹਵਾਨ ਸੰਗਤ, ਪ੍ਰਧਾਨ **ਸੁਨੀਤਾ ਸਿੰਘ ਬੰਗੜ ਨਾਲ (415) 233-3319 ਤੇ ਜਾਂ ਚੇਅਰਮੈਨ ਵਿਨੋਦ ਕੁਮਾਰ (408) 718-2506** ’ਤੇ ਸੰਪਰਕ ਕੀਤਾ ਜਾ ਸਕਦਾ ਹੈ।

***Gurughar is open every day. Sukhmani Sahib path/ Akhand Path, Kirtan and Langar Sewa is hosted by Sangat or some devotee every Sunday.***

**16 ਫਰਵਰੀ ਅਤੇ 25 ਫਰਵਰੀ ਨੂੰ ਸਵੇਰੇ 10:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਮੈਡੀਕਲ ਕੈਂਪ ਲਗਾਏ ਜਾਣਗੇ। ਇਸ ਕਾਰਜ ਲਈ ਵੀ ਵੱਧ ਤੋਂ ਵੱਧ ਯੋਗਦਾਨ ਪਾਓ ਜੀ।**

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਸਬੰਧਤ 12 ਫਰਵਰੀ 2025 ਦਿਨ ਬੁੱਧਵਾਰ ਸ਼ਾਮ 6 ਵਜੇ ਤੋਂ 8 ਵਜੇ ਤੱਕ ਕੀਰਤਨ ਦੀਵਾਨ ਸਜਣਗੇ, ਜਿਸ ਦੌਰਾਨ ਗੁਰੂ ਘਰ ਦਾ ਰਾਗੀ ਜਥਾ ਭਾਈ ਸਾਹਿਬ ਭਾਈ ਬਲਵਿੰਦਰ ਸਿੰਘ, ਭਾਈ ਕਰਮਜੀਤ ਸਿੰਘ ਅਤੇ ਭਾਈ ਸਤਿੰਦਰ ਸਿੰਘ ਸ਼ਬਦ ਕੀਰਤਨ ਕਰਨਗੇ

## Sangat Sewadars


**Chairman**
**Vinod Kumar**


**President**
**Sunita Singh Bangar**


**Gen. Secretary**
**Upinder Pal (Ricky)**


**Treasurer**
**Shinder Pal Narabut**

ੴ

ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648 ਵੇਂ ਗੁਰਪੁਰਬ ਦੀ ਸਮੂਹ ਸੰਗਤ ਨੂੰ ਕੋਟਿਨ ਕੋਟ ਵਧਾਈਆਂ

"ਬੋਲੇ ਸੋ ਨਿਹਾਲ, ਸਤਿਗੁਰੂ ਰਵਿਦਾਸ ਮਹਾਰਾਜ ਕੀ ਜੈ"

॥ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ॥

ਗੁਰੂ ਪਿਆਰੀ ਸਾਧ ਸੰਗਤ ਜੀ,

ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ 16 ਫ਼ਰਵਰੀ ਦਿਨ ਐਤਵਾਰ ਨੂੰ ਬੜੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ, ਆਪ ਸਮੂਹ ਸੰਗਤ ਨੂੰ ਬੇਨਤੀ ਜੋਦੜੀ ਹੈ ਕਿ ਆਪ ਜੀ ਨੇ ਆਪਣੇ ਪਰਿਵਾਰ ਸਮੇਤ ਹੁੰਮ ਹੁਮਾ ਕੇ ਇਸ ਪਾਵਨ ਤੇ ਪਵਿੱਤਰ ਦਿਹਾੜੇ ਨੂੰ ਮਨਾਉਣ ਲਈ ਭਰਵੀਂ ਹਾਜ਼ਰੀ ਭਰਨੀ ਹੈ ਜੀ। ਇਸ ਵਿੱਚ ਦੁਨੀਆਂ ਭਰ ਤੋਂ ਪ੍ਰਸਿੱਧ ਰਾਗੀ ਢਾਡੀ ਕੀਰਤਨੀਆਂ ਜੱਥੇ ਅਤੇ ਕਥਾਵਾਚਕ ਗੁਰੂ ਜੀ ਦੀ ਇਲਾਹੀ ਬਾਣੀ ਦਾ ਕੀਰਤਨ ਕਰਨਗੇ, ਕਥਾਵਾਚਕ ਗੁਰੂ ਜੀ ਦੀ ਜੀਵਨ ਘਾਲਣਾ ਬਾਰੇ ਜਾਣਕਾਰੀ ਭਰਪੂਰ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ।



DHAN DHAN SHRI GURU RAVIDAS MAHARAJ JI

ਗੁਰਪੁਰਬ ਨੂੰ ਮਨਾਉਂਦਿਆਂ ਹਰ ਸਾਲ ਦੀ ਤਰ੍ਹਾਂ ਗਿਆਰਾਂ ਅਖੰਡ ਪਾਠਾਂ ਦੀ ਲੜੀ ਆਰੰਭ ਕੀਤੀ ਜਾਵੇਗੀ॥

ਗੁਰੂ ਘਰ ਦੇ ਸੇਵਾਦਾਰ ਗ੍ਰੰਥੀ ਸਿੰਘ



ਬਾਬਾ ਬ੍ਰਹਮ ਦਾਸ ਜੀ | ਗਿਆਨੀ ਓਂਕਾਰ ਸਿੰਘ ਜੀ | ਭਾਈ ਰੂਪ ਸਿੰਘ ਜੀ | ਭਾਈ ਦਿਲਬਾਗ ਸਿੰਘ ਜੀ | ਭਾਈ ਸਰਬਜੀਤ ਸਿੰਘ ਜੀ | ਭਾਈ ਸਤਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਦਰਬਾਰ ਸਾਹਿਬ

ਇਸ ਪਾਵਨ ਤੇ ਪਵਿੱਤਰ ਦਿਹਾੜੇ ਨੂੰ ਮਨਾਉਂਦਿਆਂ ਰਾਤਰੀ ਤੇ ਦਿਨ ਦੇ ਦੀਵਾਨ ਸਜਾਏ ਜਾਣਗੇ, ਵੱਖ-ਵੱਖ ਸੁਆਦਲੇ ਪਕਵਾਨਾਂ ਦੇ ਲੰਗਰ ਤਾਜ਼ੀਆਂ ਜਲੇਬੀਆਂ, ਤਾਜ਼ੀ ਰਸ, ਛੋਲੇ ਭਟੂਰੇ, ਵੈਜ਼ੀ ਬਰਗਰ, ਫਰੂਟ ਚਾਟ ਆਦਿ ਅਤੁੱਟ ਵਰਤਣਗੇ

ਪਹੁੰਚ ਰਹੇ ਪ੍ਰਸਿੱਧ ਕੀਰਤਨੀ ਜਥੇ



ਭਾਈ ਹਰਚਰਨ ਸਿੰਘ ਖ਼ਾਲਸਾ ਅੰਮ੍ਰਿਤਸਰ ਵਾਲੇ | ਭਾਈ ਮਹਾਵੀਰ ਸਿੰਘ ਜੀ ਦਾ ਰਾਗੀ ਜਥਾ | ਭਾਈ ਅਮਰੀਕ ਸਿੰਘ ਗੁਰਦਾਸਪੁਰ ਵਾਲੇ

11 ਅਖੰਡ ਪਾਠਾਂ ਸਾਹਿਬ ਦੀ ਲੜੀ ਅਰੰਭ : 3 ਫ਼ਰਵਰੀ ਸੋਮਵਾਰ

ਫੁੱਲਾਂ ਦੀ ਵਰਖਾ ਤੇ ਰਾਤ ਦੇ ਦੀਵਾਨ : 11 ਫ਼ਰਵਰੀ ਮੰਗਲਵਾਰ

ਨਿਸ਼ਾਨ ਸਾਹਿਬ ਦੀ ਸੇਵਾ : 16 ਫ਼ਰਵਰੀ 9:00 ਸਵੇਰੇ



ਸੰਤ ਜੀਤ ਦਾਸ ਜੀ ਮਾਹਿਲ ਗਹਿਲਾਂ ਵਾਲੇ | ਭਾਈ ਸੁਖਵਿੰਦਰ ਸਿੰਘ ਜੀ ਜਲੰਧਰ ਵਾਲੇ

ਗੁਰਪੁਰਬ ਦੇ ਵਿਸ਼ੇਸ਼ ਦੀਵਾਨ :
16 ਫ਼ਰਵਰੀ ਦਿਨ ਐਤਵਾਰ
ਸਵੇਰੇ 9 :00 ਤੋਂ ਕੀਰਤਨ ਦੀਵਾਨ ਅਰੰਭ ਹੋਣਗੇ,
ਸ਼ਾਮ 5:00 ਨਿਰੰਤਰ ਜਾਰੀ ਰਹਿਣਗੇ

ਢਾਡੀ ਜੱਥਾ :



ਭਾਈ ਮੋਹਣ ਸਿੰਘ ਬਡਾਣਾ, ਸਾਰੰਗੀ ਮਾਸਟਰ ਭਾਈ ਚਮਕੌਰ ਸਿੰਘ ਜਲਾਲਾਬਾਦੀ ਤੇ ਭਾਈ ਅਮਰਜੀਤ ਸਿੰਘ ਸੰਧੂ

ਆਪ ਸਮੂਹ ਸੰਗਤਾਂ ਦੇ ਗੁਰੂ ਘਰ ਦੀਆਂ ਦਹਿਲੀਜ਼ਾਂ ਤੇ ਸਤਿਕਾਰ ਸਹਿਤ ਉਡੀਕਵਾਨ ਸਮੂਹ ਪ੍ਰਬੰਧਕ

ਪ੍ਰਬੰਧਕ ਕਮੇਟੀ ਮੈਂਬਰ



President: Paramjit Kamam | Chairman: Jaswinder Singh Billa | Senior Vice President: Gurdyal Ram Ladoo | Vice President: Paramjit Lal | General Secretary: Charanjit Jhally | Joint Secretary: Balvinder Bhaura | Head Cashiers: Kirpal Singh | Joint Cashiers: Manohar Kaler | Public Relations Secretary : Tawinder Singh Bains | ਲੰਗਰ ਇੰਨਚਾਰਜ : ਭਾਈ ਗੁਰਨਾਮ ਸਿੰਘ ਵਿਰਦੀ

ਟਰੱਸਟੀ ਮੈਂਬਰ



ਸੁਰਜ ਪ੍ਰਕਾਸ਼ | ਸਤਨਾਮ ਸਿੰਘ | ਲਖਵੀਰ ਕਟਾਰੀਆ | ਮਹਿੰਦਰ ਰਾਮ | ਅਵਤਾਰ ਭਾਟੀਆ | ਬਲਜਿੰਦਰ ਕੁਮਾਰ | ਬੂਟਾ ਰਾਮ | ਅਸ਼ਵਨੀ ਦਾਦਰਾ | ਸੁਖਵਿੰਦਰ ਸਿੰਘ ਵਿਰਦੀ | ਰਮੇਸ਼ ਮਹੇ

YouTube ਪ੍ਰੋਗਰਾਮ ਦਾ ਸਿੱਧਾ ਲਾਈਵ ਪ੍ਰਸਾਰਣ ਯੂ-ਟਿਊਬ ਚੈਨਲ : www.shri guru Ravidas sabha of New York LIVE

**SHRI GURU RAVIDAS SABHA OF NEW YORK INC.**

61-01 BROADWAY, WOODSIDE, NY 11377 TEL: 1-929-462-0184 gururavidassnyc@gmail.com





ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

## ਜੀ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648 ਵੇਂ ਆਗਮਨ ਪੁਰਬ ਦੇ ਸਬੰਧ ਵਿਚ ਗੁਰੂ ਘਰ ਵਿਖੇ ਸਮਾਗਮ ਕਰਵਾਏ ਜਾ ਰਹੇ ਹਨ।

7 ਫਰਵਰੀ ਤੋਂ ਪ੍ਰਭਾਤ ਫੇਰੀਆਂ ਆਰੰਭ ਹੋਣ ਜਾ ਰਹੀਆਂ ਹਨ।


ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਦਿਹਾੜੇ ਵਾਲੇ ਦਿਨ ਮੰਗਲਵਾਰ ਸਾਮ 6 ਵਜੇ ਤੋਂ ਰਾਤ 12 ਵਜੇ ਤੱਕ ਰੈਣ ਸਬਾਈ, ਕੀਰਤਨ ਦਰਬਾਰ ਰਾਤ 1 ਵਜੇ ਤੱਕ ਹੋਣਗੇ।

21 ਫਰਵਰੀ 2025 ਦਿਨ ਸ਼ੁੱਕਰਵਾਰ ਨੂੰ ਗੁਰਪੁਰਬ ਦੀਆਂ ਖੁਸ਼ੀਆਂ ਵਿਚ ਸ੍ਰੀ ਅਖੰਡ ਪਾਠ ਸਾਹਿਬ ਜੀ ਸਵੇਰੇ 10 ਵਜੇ ਅਰੰਭ ਕੀਤੇ ਜਾਣਗੇ। 22 ਫਰਵਰੀ 2025 ਦਿਨ ਸ਼ਨਿਚਰਵਾਰ ਸ਼ਾਮ 3.30 ਵਜੇ ਨਿਸ਼ਾਨ ਸਾਹਿਬ ਜੀ ਦੇ ਚੋਲੇ ਬਦਲੇ ਜਾਣਗੇ ਅਤੇ 23 ਫਰਵਰੀ 2025 ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਇਸ ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਦੌਰਾਨ ਪ੍ਰਸਿੱਧ ਰਾਗੀ/ਢਾਡੀ ਜਥੇ, ਕਥਾਵਾਚਕ ਗੁਰਬਾਣੀ ਅਤੇ ਧਾਰਮਿਕ ਵਾਰਾਂ ਅਤੇ ਕਥਾ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

**ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**

ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) 530 713 1823, ਦਲਵਿੰਦਰ ਰੱਲ੍ਹ (ਵਾਈਸ ਚੇਅਰਮੈਨ) 530 933 3938

ਹੈਡ ਗ੍ਰੰਥੀ ਭਾਈ ਅਰਵਿੰਦ ਸਿੰਘ, ਗੁਰੂ ਘਰ ਦਾ ਫੋਨ ਨੰਬਰ 530 674 2564


ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ- ਪ੍ਰਧਾਨ


ਸ੍ਰੀ ਗੁਰਨਾਮ ਸਿੰਘ ਭੰਡਾਲ- ਚੇਅਰਮੈਨ


ਸ੍ਰੀ ਦਲਵਿੰਦਰ ਰੱਲ੍ਹ- ਵਾਈਸ ਚੇਅਰਮੈਨ


ਸ੍ਰੀ ਜਗਮੇਲ ਸਿੰਘ- ਜਨਰਲ ਸਕੱਤਰ


ਸ੍ਰੀ ਜਸਵਿੰਦਰ ਸਿੰਘ- ਵਾਈਸ ਜਨਰਲ ਸਕੱਤਰ


ਸ੍ਰੀ ਰਾਮ ਸੇਵਕ ਭਾਟੀਆ- ਕੈਸ਼ੀਅਰ


ਸ੍ਰੀ ਕਿਸ਼ੋਰ ਬੰਗੜ - ਵਾਈਸ ਕੈਸ਼ੀਅਰ


ਸ੍ਰੀ ਗੁਰਦੀਪ ਸਿੰਘ ਹੀਰਾ- ਸਟੇਜ ਸਕੱਤਰ


ਸ੍ਰੀ ਪ੍ਰਸ਼ੋਤਮ ਸੂਦ - ਟਰੱਸਟੀ

**ਗੁਰੂ ਘਰ ਦੇ ਮੌਜੂਦਾ ਸੇਵਾਦਾਰ**

ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ- ਪ੍ਰਧਾਨ, ਸ੍ਰੀ ਗੁਰਨਾਮ ਸਿੰਘ ਭੰਡਾਲ- ਚੇਅਰਮੈਨ, ਸ੍ਰੀ ਦਲਵਿੰਦਰ ਰੱਲ੍ਹ- ਵਾਈਸ ਚੇਅਰਮੈਨ

ਸ੍ਰੀ ਜਗਮੇਲ ਸਿੰਘ- ਜਨਰਲ ਸਕੱਤਰ, ਸ੍ਰੀ ਜਸਵਿੰਦਰ ਸਿੰਘ- ਵਾਈਸ ਜਨਰਲ ਸਕੱਤਰ, ਸ੍ਰੀ ਰਾਮ ਸੇਵਕ ਭਾਟੀਆ- ਹੈਡ ਕੈਸ਼ੀਅਰ


ਸ੍ਰੀ ਕਿਸ਼ੋਰ ਕੁਮਾਰ - ਵਾਈਸ ਕੈਸ਼ੀਅਰ, ਸ੍ਰੀ ਗੁਰਦੀਪ ਸਿੰਘ ਹੀਰਾ- ਸਟੇਜ ਸਕੱਤਰ, ਪ੍ਰਸ਼ੋਤਮ ਸੂਦ - ਟਰੱਸਟੀ

**SHRI GURU RAVIDASS TEMPLE, 1480 HAYNE AVE YUBA CITY, CA 95993**

# ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ, ਸੇਲਮਾ

**ਐਸੀ ਲਾਲ ਤੁਝ ਬਿਨ ਕਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥**




ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

---------------

ਗੁਰੂ ਪਿਆਰੀ ਸਾਧ ਸੰਗਤ ਜੀ ਆਪ ਸਭ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ ਮਿਤੀ 21, 22 ਅਤੇ 23 ਫਰਵਰੀ 2025 ਨੂੰ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਸੈਲਮਾਂ ਵਿਖੇ ਬੜੀ ਸ਼ਰਧਾ, ਪਿਆਰ, ਸਤਿਕਾਰ ਅਤੇ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਸਮੂਹ ਪਰਿਵਾਰ ਸਮੇਤ ਤਿੰਨੋ ਦਿਨ ਗੁਰੂ ਘਰ ਵਿਖੇ ਆਪਣੀਆਂ ਹਾਜ਼ਰੀਆਂ ਲਗਾ ਕੇ ਗੁਰੂ ਸਾਹਿਬ ਜੀ ਦਾ ਪਿਆਰ ਅਤੇ ਖੁਸ਼ੀਆਂ ਪ੍ਰਾਪਤ ਕਰੋ ਜੀ।

**ਪ੍ਰੋਗਰਾਮਾਂ ਦਾ ਵੇਰਵਾ**

*ਸ਼ੁਕਰਵਾਰ, 21 ਫਰਵਰੀ, 2025*
ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭਤਾ - ਸਵੇਰੇ 10:30 ਵਜੇ
ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ- ਸਵੇਰੇ 9 ਤੋਂ 10 ਵਜੇ ਤੱਕ

*ਐਤਵਾਰ, 23 ਫਰਵਰੀ 2025*
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ - 11 ਵਜੇ
ਉਪਰੰਤ ਗੁਰੂ ਜੀ ਦੇ ਕੀਰਤਨੀ ਸਿੰਘ ਇਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ

**ਸੰਗਤ ਦੇ ਸੇਵਾਦਾਰ**

ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ :

**ਦੇਵਰਾਜ ਸਿੰਘ 559-916-6202, ਮਨੋਹਰ ਗਾਦੜਾ 559-546-3437**

**Address: 2650 Blaine Avenue Selma (CA) 93662**

ਦੇਸ਼ ਦੁਆਬਾ

# ਜੋ ਹਮ ਸਹਰੀ ਸੋ ਮੀਤ ਹਮਾਰਾ

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਅਤੇ ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਜਿਸ ਖ਼ਾਸ ਨੁਕਤੇ ਦੇ ਉੱ ਕੇਂਦਰਿਤ ਹਨ, ਉਹ ਹੈ ਇਨਸਾਨ ਦੇ ਅੰਦਰ ਸਵੈ-ਮਾਣ, ਸਵੈ-ਨਿਰਭਰਤਾ ਅਤੇ ਕਿਰਤ ਦੇ ਮਾਧਿਅਮ ਰਾਹੀਂ ਇੱਕ ਅਜਿਹੇ ਰਾਜ ਦਾ ਨਿਰਮਾਣ ਕਰਨਾ ਹੈ ਜਿਸ ਵਿੱਚ ਕੋਈ ਵੀ ਕਿਸੇ ਕਿਸਮ ਦੀ ਨੀਚ-ਊਚ, ਭੇਦ ਭਾਵ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿੱਚ ਵਿਆਖਿਆਨ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਭਾਰਤ ਦੇ ਬਿਪਰਵਾਦੀ ਕੇਂਦਰ ਕਾਂਸ਼ੀ ਵਿਖੇ ਵੱਡੇ-ਵੱਡੇ ਬਿਪਰਾਂ ਨੂੰ ਇਸ ਗੱਲ ਦਾ ਅਹਿਸਾਸ ਚੰਗੀ ਤਰ੍ਹਾਂ ਕਰਵਾ ਦਿੱਤਾ ਸੀ ਕਿ ਵਡਿਆਈ, ਨਾ ਬਰਾਬਰਤਾ ਵਿੱਚ ਨਹੀਂ ਹੈ, ਸਗੋਂ ਬਰਾਬਰਤਾ ਦਾ ਹੀ ਦੂਸਰਾ ਨਾਂ ਵਡਿਆਈ ਹੈ। ਗੁਰੂ ਜੀ ਨੇ ਬਰਾਬਰਤਾ ਦਾ ਨਾਹਰਾ ਬੁਲੰਦ ਕਰਦੇ ਹੋਏ ਕਾਂਸ਼ੀ ਵਿਖੇ ਇੱਕ ਨਵੀਂ ਤਰ੍ਹਾਂ ਦੀ ਸ਼ਾਂਤੀ ਲਹਿਰ ਦਾ ਆਗਾਜ਼ ਕਰਕੇ ਭਾਰਤ ਦੀ ਮੂਲਨਿਵਾਸੀ ਕੌਮ ਨੂੰ ਉਤਸ਼ਾਹਿਤ ਕੀਤਾ। ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ।।

ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ।। ਇਸ ਗੱਲ ਦੀ ਗਵਾਹ ਹੈ ਕਿ ਜਦ ਤੱਕ ਇਨਸਾਨ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਬਾਹਰ ਨਹੀਂ ਆ ਜਾਂਦਾ, ਉਦੋਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਕਿਸੇ ਵੀ ਪੱਧਰ ਤੇ ਬਰਾਬਰਤਾ ਦੀ ਗੱਲ ਕਰਨਾ ਤੱਥਾਂ ਤੋਂ ਦੂਰ ਹੋਣਾ ਹੈ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਲਾਮੀ ਤੋਂ ਛੁਟਕਾਰਾ ਦਵਾਉਣ ਲਈ ਜਿਸ ਮਾਰਗ ਨੂੰ ਚੁਣਿਆ ਉਹ ਸੀ ਕਿਰਤ, ਸਵੈ-ਆਤਮ ਵਿਸ਼ਵਾਸ ਅਤੇ ਨਿਡਰਤਾ। ਉਨ੍ਹਾਂ ਦਾ ਬਰਾਬਰਤਾ ਨੂੰ ਹਾਸਿਲ ਕਰਨ ਦਾ ਸਿਧਾਂਤ ਆਪਣੇ ਆਪ ਵਿੱਚ ਅਲੱਗ ਕਿਸਮ ਦੀ ਮਿਸਾਲ ਪੇਸ਼ ਕਰਦਾ ਹੈ। ਉਹ ਚਾਹੁੰਦੇ ਸਨ ਜਿਸ ਜਾਤ ਪਾਤ ਸਿਧਾਂਤ ਨੇ ਭਾਰਤ ਦੇ ਮੂਲਨਿਵਾਸੀ ਵਰਗ ਨੂੰ ਗੁਲਾਮੀ ਦੀਆਂ ਕਾਲ-ਕੋਠੜੀਆਂ ਵਿੱਚ ਸਦੀਆਂ ਤੋਂ ਬੰਦ ਕੀਤਾ ਹੈ, ਉਸ ਨੂੰ ਜਿਸ ਤਰੀਕੇ ਨਾਲ ਗੁਲਾਮੀ ਤੋਂ ਮੁਕਤ ਕਰਵਾਉਣਾ ਹੈ, ਉਹ ਤਰੀਕਾ ਸੱਚਾ ਤੇ ਸੁੱਚਾ ਹੀ ਨਹੀਂ ਹੋਣਾ ਚਾਹੀਦਾ, ਬਲਕਿ ਅਪਰਾਧੀਆਂ ਨੂੰ ਵੀ ਉਨ੍ਹਾਂ ਦੇ ਅਪਰਾਧ ਤੋਂ ਅਜ਼ਾਦ ਕਰਵਾ ਕੇ ਬਰਾਬਰਤਾ ਦੇ ਸਮਾਜ ਵਿੱਚ ਉਨ੍ਹਾਂ ਦਾ ਯੋਗਦਾਨ ਹਾਸਿਲ ਕਰੇ। ਗੁਰੂ ਜੀ ਦਾ ਜਾਤ ਪਾਤ ਨੂੰ ਖਤਮ ਕਰਨ ਦਾ ਸਿਧਾਂਤ ਜ਼ਾਤ ਅਭਿਮਾਨੀਆਂ ਨੂੰ ਭਗਤੀ ਦੇ ਮਾਧਿਅਮ ਰਾਹੀਂ ਸੋਝੀ ਦੇ ਕੇ ਇੱਕ ਵਿਸ਼ਾਲ ਅਤੇ ਨਿਰਮਾਣ ਦਾ ਮੌਕਾ ਦਿੰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ ।। ਜੋ ਹਮ ਸਹਰੀ ਸੋ ਮੀਤ ਹਮਾਰਾ।। ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੇ ਸ਼ਹਿਰ ਵਿੱਚ ਜੋ ਸ਼ਖਸ ਉਨ੍ਹਾਂ ਦੇ ਇਸ ਸਿਧਾਂਤ ਨੂੰ ਅਪਨਾਉਂਦਾ ਗੁਰੂ ਰਵਿਦਾਸ ਜੀ ਉਸ ਨੂੰ ਆਪਣਾ ਮਿੱਤਰ ਸਮਝਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਹੱਕਦਾਰ ਉਹੀ ਬਣ ਸਕਦਾ ਹੈ, ਜਿਸ ਨੇ ਜਾਤੀ ਪਾਤੀ ਘਿਨਾਉਣੀ ਵੰਡ ਨੂੰ ਤਿਆਗ ਕੇ ਬਰਾਬਰਤਾ ਦਾ ਸਿਧਾਂਤ ਅਪਨਾ ਲਿਆ ਹੈ। ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਾਵਨ ਸਿੱਖਿਆਵਾਂ ਤੋਂ ਸਬਕ ਸਿਖਦੇ ਹੋਏ ਜਿਸ ਆਦਿ ਧਰਮ ਲਹਿਰ ਦੀ ਉਸਾਰੀ ਕਰਦੇ ਹਨ, ਉਸ ਦੀ ਸ਼ੁਰੂਆਤ ਅਤੇ ਅੰਤ ਦਾ ਰਸਤਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਬਰਾਬਰਤਾ ਦੇ ਸਿਧਾਂਤਾਂ ਵਿੱਚੋਂ ਹੀ ਹੋ ਕੇ ਜਾਂਦਾ ਹੈ। ਬਾਬਾ ਮੁਗੋਵਾਲੀਆ ਜੀ ਨੇ ਆਦਿ ਧਰਮ ਦੀ ਲਹਿਰ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਨੂੰ ਅਪਨਾਇਆ, ਜਿਸ ਵਿੱਚੋਂ ਸੋਹੰ ਦਾ ਚਿੰਨ੍ਹ ਚੁਣ ਕੇ ਬ੍ਰਾਹਮਣਵਾਦੀ ਕਾਣੀ ਵੰਡ ਦੇ ਖਾਤਮੇ ਦਾ ਬਿਗਲ ਵਜਾਇਆ।

ਉਨ੍ਹਾਂ ਦੀ ਆਦਿ ਧਰਮ ਦੀ ਲਹਿਰ ਜਿੱਥੇ ਅੰਗਰੇਜ਼ ਸਰਕਾਰ ਤੋਂ ਵੱਖਰੇ ਧਰਮ ਦੀ ਮੰਗ ਕਰਦੇ ਹੋਏ ਦਲਿਤ ਮੁਕਤੀ ਦਾ ਆਦੀ ਬਾਣ ਛੱਡਦੀ ਹੈ। ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਸਿੱਖਿਆਵਾਂ ਨੂੰ ਅਪਨਾਉਂਦੇ ਹੋਏ ਦਲਿਤ ਸ਼ਕਤੀ ਕਰਨ ਦਾ ਨਵਾਂ, ਅਨੋਖਾ ਤੇ ਸਵੈ-ਮਾਨ ਭਰਿਆ ਮਾਰਗ ਦਿਖਾਉਂਦੀ। ਅੱਜ ਭਾਵੇਂ ਆਦਿ ਧਰਮ ਦੀ ਲਹਿਰ ਅਪਨੇ ਜਲਾਓ 'ਚ ਨਹੀਂ ਹੈ, ਪ੍ਰੰਤੂ ਜਿਸ ਕਦਰ ਪੰਜਾਬ ਦੇ ਤਕਰੀਬਨ ਹਰ ਪਿੰਡ ਕਸਬੇ ਸ਼ਹਿਰ ਅੰਦਰ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਡੇਰਿਆਂ ਅੰਦਰ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਸੰਗ ਜੁੜਦਾ ਹੈ। ਉਹ ਜਿੱਥੇ ਆਦਿ ਧਰਮ ਦੀ ਲਹਿਰ ਦੀ ਵਿਰਾਸਤ ਦੀ ਤਸਵੀਰ ਪੇਸ਼ ਕਰਦਾ ਹੈ, ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਵਿਚਲੇ ਬਰਾਬਰਤਾ ਦੇ ਸਿਧਾਂਤ ਦੀ ਮੂੰਹ ਬੋਲਦੀ ਤਸਵੀਰ ਹੈ। ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 648ਵੇਂ ਪਾਵਨ ਆਗਮਨ ਪੁਰਬ ਮਨਾਏ ਜਾਣ ਦੀਆਂ "ਅਦਾਰਾ ਅੰਬੇਦਕਰ ਟਾਈਮਜ਼" ਤੇ "ਦੇਸ਼ ਦੁਆਬਾ" ਦੇ ਮਾਣਯੋਗ ਪਾਠਕਾਂ, ਇਸ਼ਤਿਹਾਰ ਦਾਤਾ ਅਤੇ ਹੋਰ ਸਨੇਹੀਆਂ ਨੂੰ ਇਸ ਸ਼ੁਭ ਦਿਹਾੜੇ ਤੇ ਬਹੁਤ ਬਹੁਤ ਵਧਾਈਆਂ ਦਿੰਦਾ ਹੈ ਅਤੇ ਆਸ ਕਰਦਾ ਹੈ ਕਿ ਉਨ੍ਹਾਂ ਦਾ ਸਹਿਯੋਗ ਅਦਾਰੇ ਨੂੰ ਹਮੇਸ਼ਾਂ ਪ੍ਰਾਪਤ ਹੁੰਦਾ ਰਹੇਗਾ ਅਤੇ ਅਦਾਰਾ ਗੁਰੂ ਸਾਹਿਬਾਨ ਜੀ ਦੇ ਅਸ਼ੀਰਵਾਦ ਨਾਲ ਬਹੁਜਨ ਦੇ ਹਿੱਤਾਂ ਲਈ ਅਵਾਜ਼ ਬੁਲੰਦ ਕਰਦਾ ਰਹੇਗਾ।

**- ਪ੍ਰੇਮ ਕੁਮਾਰ ਚੁੰਬਰ**

### ਸਤਿਗੁਰੂ ਰਵਿਦਾਸ ਚਿੰਤਨ

# ਆਗਮਨ ਪੁਰਬ ਨੂੰ ਸਾਰਥਕ ਬਣਾਉਣ ਲਈ ਕੁਝ ਸੁਝਾਅ



**ਡਾ. ਜੀ. ਸੀ. ਕੌਲ**
ਐਮ. ਏ., ਪੀ. ਐਚ. ਡੀ.
91-94632-23223

ਸਦੀਆਂ ਪਹਿਲਾਂ ਭਾਰਤ ਦੇ ਅਛੂਤਾਂ ਅੰਦਰ ਸਵੈ-ਮਾਣ, ਸਵੈ-ਵਿਸ਼ਵਾਸ ਤੇ ਸਵੈ-ਸ਼ਕਤੀ ਦਾ ਅਹਿਸਾਸ ਜਗਾਉਣ ਵਾਲੇ ਸੰਤ ਸਤਿਗੁਰੂ ਰਵਿਦਾਸ ਜੀ ਇਕ ਮਹਾਨ, ਆਕਰਸ਼ਕ, ਵਿਲੱਖਣ, ਅਦੁੱਤੀ ਤੇ ਬੇਮਿਸਾਲ ਵਿਅਕਤਿਤਵ ਦੇ ਮਾਲਕ ਸਨ। ਉਹ ਸੱਚੇ, ਕਰਮਯੋਗੀ, ਸਹਿਣਸ਼ੀਲ, ਦਿਆਲੂ, ਪਰ-ਉਪਕਾਰੀ, ਅਮਨ-ਪਸੰਦ, ਕਥਨੀ-ਕਰਨੀ ਵਿਚ ਪੂਰੇ, ਮਿਠਬੋਲੜੇ, ਨਿਰਭੈ, ਨਿਰਵੈਰ, ਸਾਹਸੀ ਅਤੇ ਮਹਾਨ ਸੰਤ ਸਨ। ਆਪ ਚੇਤਨਾ ਦੀ ਲਟ-ਲਟ ਬਲਦੀ ਇਕ ਅਜਿਹੀ ਮਿਸ਼ਾਲ ਸੀ, ਜਿਸਨੇ ਨਿਮਨ ਵਰਗ ਵਿਚ ਜੋਸ਼ ਅਤੇ ਉਤਸ਼ਾਹ ਦੀ ਇਕ ਅਜਿਹੀ ਅਗਨੀ ਪ੍ਰਚੰਡ ਕੀਤੀ, ਜੋ ਤਤਕਾਲੀਨ ਸਮਾਜ ਦੀਆਂ ਬੁਰਾਈਆਂ ਅਤੇ ਕੁਰੀਤੀਆਂ ਨੂੰ ਸਾੜ ਕੇ ਇਕ ਅਜਿਹਾ ਪ੍ਰਕਾਸ਼ ਪਿੱਛੇ ਛੱਡ ਗਈ ਕਿ ਅੱਜ ਵੀ ਲੱਖਾਂ ਪ੍ਰਾਣੀ ਉਸ ਤੋਂ ਰੌਸ਼ਨੀ ਪ੍ਰਾਪਤ ਕਰ ਰਹੇ ਹਨ। ਗੁਰੂ ਰਵਿਦਾਸ ਜੀ ਦੀ ਬੇਮਿਸਾਲ ਸ਼ਖਸੀਅਤ ਦਾ ਹੀ ਪ੍ਰਭਾਵ ਸੀ ਕਿ ਅਖੌਤੀ ਨਿਮਨ ਵਰਗ ਵਿਚ ਪੈਦਾ ਹੋ ਕੇ ਵੀ ਉਹ ਸ਼ਾਹੀ ਖਾਨਦਾਨ ਦੇ ਰਾਜਗੁਰੂ ਬਣੇ ਅਤੇ ਅਨੇਕ ਰਾਜੇ-ਮਹਾਰਾਜੇ, ਵਿਦਵਾਨ ਪੰਡਤ ਅਤੇ ਕਥਿਤ ਉਚਤਮ ਵਰਗ ਦੇ ਲੋਕ ਉਹਨਾਂ ਦੇ ਸੇਵਕ ਬਣੇ। ਆਪ ਬਾਣੀ ਵਿਚ ਲਿਖਦੇ ਹਨ:

ਮੇਰੀ ਜਾਤ ਕੁਟਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ।।
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ।। (ਆਦਿ ਗ੍ਰੰਥ, ਪੰਨਾ 1293)

ਸਿੱਖ ਧਰਮ ਦੇ ਚੌਥੇ ਗੁਰੂ ਸਤਿਗੁਰੂ ਰਾਮਦਾਸ ਜੀ ਆਪ ਜੀ ਦੀ ਪ੍ਰਸੰਸਾ ਕਰਦਿਆਂ ਲਿਖਦੇ ਹਨ:

ਰਵਿਦਾਸ ਚਮਾਰ ਉਸਤਤਿ ਕਰੇ
ਹਰਿ ਕੀਰਤਿ ਨਿਮਖ ਇਕ ਗਾਇ।।
ਪਤਿਤ ਜਾਤ ਉਤਮੁ ਭਇਆ
ਚਾਰ ਵਰਨ ਪਏ ਪਗਿ ਆਦਿ।। (ਆਦਿ ਗ੍ਰੰਥ, ਪੰਨਾ 733)

ਗੁਰੂ ਰਵਿਦਾਸ ਜੀ ਇਨਕਲਾਬੀ ਯੋਧਾ ਸਨ। ਆਪ ਨੇ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਗੁਲਾਮੀ ਵਿਰੁੱਧ 'ਪਰਾਧ-ਿਨਤਾ ਪਾਪ ਹੈ' ਅਤੇ 'ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੇ ਸਬਨ ਕੋ ਅੰਨ' ਕਹਿ ਕੇ ਇਸ ਵਿਵਸਥਾ ਵਿਰੁੱਧ ਨਾਅਰਾ ਬੁਲੰਦ ਕੀਤਾ। 'ਸੰਕਾ ਸੁਨਿ ਬੇਦ ਪੁਰਾਨ' ਅਤੇ 'ਮੂਰਖਿ ਹੈ ਜੋ ਕਰਤ ਹੈ, ਬਰਨ ਅਬਰਨ ਬਿਚਾਰ' ਦੁਆਰਾ ਅਖੌਤੀ ਧਰਮ-ਸ਼ਾਸਤਰਾਂ ਦੀ ਪ੍ਰਭੁਸੱਤਾ ਨੂੰ ਵੰਗਾਰ ਕੇ ਭਰਮਾਂ, ਕਰਮਕਾਂਡਾਂ, ਅੰਧ-ਵਿਸ਼ਵਾਸਾਂ, ਆਡੰਬਰਾਂ, ਪੂਜਾ, ਅਰਚਨਾ, ਮੂਰਤੀਆਂ ਅੱਗੇ ਨੱਚਣ, ਗਾਉਣ ਆਦਿ ਵਰਗੇ ਪਾਖੰਡਾਂ ਦਾ 'ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ' ਕਹਿ ਕੇ ਜ਼ੋਰਦਾਰ ਖੰਡਨ ਕੀਤਾ, ਆਪ ਦਾ ਫਰਮਾਨ ਹੈ:

(ੳ) ਮਾਧਵੇ! ਕਿਆ ਕਹੀਐ ਭ੍ਰਮ ਐਸਾ।
ਜੈਸਾ ਮਾਨੀਐ ਹੋਇ ਨ ਤੈਸਾ। ਰਹਾਉ। (ਪੰਨਾ 657)
(ਅ) ਭ੍ਰਮ ਨਚਣ ਭ੍ਰਮ ਗਾਇਣ, ਭ੍ਰਮ ਜਪ ਤਪੁ ਜਾਨਿ।।
ਭ੍ਰਮ ਸੇਵਾ ਭ੍ਰਮ ਪੂਜਾ ਅਰੁ ਭ੍ਰਮ ਸੂੰ ਪਹਿਚਾਨ।।
(ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪੰ. ਯੂ. ਚੰਡੀਗੜ੍ਹ, ਪੰਨਾ 62)

ਸਤਿਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ 'ਰਵਿਦਾਸ ਜਨਮ ਕੇ ਕਾਰਨੈ, ਹੋਤ ਨ ਕੋਈ ਨੀਚ' ਅਤੇ 'ਰਵਿਦਾਸ ਬਾਹਮਨ ਮਤ ਪੂਜੀਏ, ਜਉ ਹੋਵੇ ਗੁਨਹੀਨ' ਕਹਿ ਕੇ ਜਾਤ-ਪਾਤ, ਊਚ-ਨੀਚ ਅਤੇ ਅਖੌਤੀ ਉਚਤਮ ਵਰਗ ਦੀ ਸ੍ਰੇਸ਼ਠਤਾ ਨੂੰ ਚੁਣੌਤੀ ਦਿੱਤੀ, ਬਲਕਿ ਗੁਰੂ ਜੀ ਦਾ ਸਪਸ਼ਟ ਆਦੇਸ਼ ਹੈ ਕਿ 'ਪੂਜਹਿੰ ਚਰਨ ਚੰਡਾਲ ਕੇ, ਜਉ ਹੋਵੇ ਗੁਨ ਪਰਵੀਨ' ਅਰਥਾਤ ਗੁਣਹੀਣ ਬ੍ਰਾਹਮਣ ਦੇ ਮੁਕਾਬਲੇ ਤੇ ਸ੍ਰੇਸ਼ਠ ਗੁਣਾਂ ਨਾਲ ਭਰਪੂਰ ਅਖੌਤੀ ਚੰਡਾਲ ਅਥਵਾ ਕਥਿਤ ਅਛੂਤ ਪੂਜਣਯੋਗ ਹੈ। ਆਪ ਨੇ ਆਰਥਿਕ ਸੰਪਨਤਾ ਲਈ ਨਿਰੰਤਰ ਕਿਰਤ ਨਾਲ ਜੁੜੇ ਰਹਿਣ, 'ਅਬਿਦਿਆ ਹਿਤ ਕੀਨ ਬਿਬੇਕ ਦੀਪ ਮਲੀਨ' ਦੇ ਸੰਕਲਪ ਨੂੰ ਪ੍ਰਗਟਾਉਂਦਿਆਂ ਅਨ-ਪੜ੍ਹਤਾ ਅਤੇ ਅਗਿਆਨਤਾ ਤੋਂ ਮੁਕਤੀ ਲਈ 'ਉਪਜਿਓ ਗਿਆਨ ਹੂਆ ਪਰਗਾਸ' ਕਹਿ ਕੇ ਵਿਵੇਕ ਰੂਪੀ ਦੀਪ ਦੀ ਮਲੀਨਤਾ ਨੂੰ ਵਿਦਿਆ ਦੇ ਨੂਰ ਨਾਲ ਪ੍ਰਜਵਲਿਤ ਅਥਵਾ ਰੋਸ਼ਨ ਕਰਨ, 'ਸੁਰਸੁਰੀ ਸਲਲ ਕ੍ਰਿਤ ਬਾਰੁਨੀ ਰੇ' ਆਖ ਕੇ ਨਸ਼ਿਆਂ ਦੇ ਸੇਵਨ ਤੋਂ ਪਰਹੇਜ਼, ਸਾਦੀ ਰਹਿਣੀ-ਬਹਿਣੀ ਅਤੇ 'ਸਤਸੰਗਤਿ ਮਿਲਿ ਰਹੀਐ ਮਾਧਉ! ਜੈਸੇ ਮਧੁਪ ਮਖੀਰਾ' ਦੇ ਦ੍ਰਿਸ਼ਟਾਂਤ ਰਾਹੀਂ ਸਾਊ ਮਨੁੱਖ ਤੇ ਸੁਚੱਜਾ ਸਮਾਜ ਸਿਰਜਣ ਦੀ ਪ੍ਰੇਰਨਾ ਦਿੱਤੀ ਹੈ।

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਸਮਕਾਲੀਨ ਅਣਉਚਿਤ, ਅਯੋਗ, ਅਜੋੜ, ਅਸਾਵੀਂ, ਅਨਿਆਪੂਰਨ, ਅਤਿਆਚਾਰੀ ਅਤੇ ਅੰਦੇਸ਼ਿਆਂ ਭਰਪੂਰ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਧਾਰਮਿਕ ਵਿਵਸਥਾ ਵਿਰੁੱਧ ਅਜਿਹੇ ਸੁਤੰਤਰ ਰਾਜ ਦਾ ਮਾਡਲ ਪ੍ਰਸਤੁਤ ਕਰਦੀ ਹੈ, ਜਿਸ ਵਿਚ ਏਕਾਧਿਕਾਰੀ ਸਾਮੰਤਸ਼ਾਹੀ ਹਕੂਮਤ ਦੀ ਥਾਂ ਸਹੀ ਅਰਥਾਂ ਵਿਚ ਲੋਕਤੰਤਰ ਹੋਵੇ। ਪਰ ਪਦਾਰਥਵਾਦੀ ਰੁਚੀਆਂ ਅਧੀਨ ਅਸੀਂ ਆਪਣੇ ਸੰਤ-ਸਤਿਗੁਰੂਆਂ ਦੀ ਵਿਵਹਾਰਕ ਵਿਚਾਰਧਾਰਾ ਤੋਂ ਬੜੀ ਤੇਜ਼ੀ ਨਾਲ ਦੂਰ ਹੁੰਦੇ ਜਾ ਰਹੇ ਹਾਂ। ਅਜੋਕੀਆਂ ਤੇ ਮੱਧਕਾਲੀਨ ਪ੍ਰਸਥਿਤੀਆਂ ਵਿਚ ਵਧੇਰੇ ਪਰਿਵਰਤਨ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਅੱਜ ਦਾ ਅਖੌਤੀ ਤੇ ਸੁਤੰਤਰ ਮਨੁੱਖ ਹਾਲੇ ਵੀ ਸਮਾਜਿਕ ਰਹਿਤਾਂ, ਧਾਰਮਿਕ ਬਲਗਣਾਂ, ਬੰਦਸ਼ਾਂ ਤੇ ਰਾਜ ਸ਼ਕਤੀ ਦਾ ਕੈਦੀ, ਗੁਲਾਮ ਤੇ ਪਰਾਧੀਨ ਹੈ। ਜਾਤਾਂ, ਰੰਗਾਂ, ਨਸਲਾਂ, ਕੌਮਾਂ ਅਤੇ ਕਿੱਤਿਆਂ ਦੇ ਵਿਤਕਰੇ ਕਿਸੇ ਨਾ ਕਿਸੇ ਬਦਲਵੇਂ ਰੂਪ ਵਿਚ ਅੱਜ ਵੀ ਮੌਜੂਦ ਹਨ।

ਬ੍ਰਾਹਮਣਵਾਦ ਹਰ ਮਨੁੱਖ, ਜਾਤ, ਕੌਮ, ਮਜ਼ਹਬ ਅਤੇ ਨਸਲ ਵਿਚ ਸਮਾ ਗਿਆ ਹੈ। ਗੁਰੂ ਰਵਿਦਾਸ ਜੀ ਦੇ ਵਿਸ਼ਵ ਭਾਈਚਾਰੇ ਦੇ ਫ਼ਲਸਫ਼ੇ ਨੂੰ ਸੰਕੀਰਨ ਦਾਇਰਿਆਂ ਵਿਚ ਕੈਦ ਕੀਤਾ ਜਾ ਰਿਹਾ ਹੈ। ਸਵਾਰਥੀ ਰੁਚੀਆਂ ਅਧੀਨ ਗੁਰੂ ਜੀ ਦੀ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਕੇ ਜਿਸ ਰੂੜ੍ਹੀਵਾਦ, ਕਰਮਕਾਂਡ, ਆਡੰਬਰ ਤੇ ਪਾਖੰਡ ਦਾ ਸਤਿਗੁਰੂ ਰਵਿਦਾਸ ਜੀ ਨੇ ਖੰਡਨ ਕੀਤਾ ਸੀ, ਮੱਠਧਾਰੀਆਂ ਵੱਲੋਂ ਉਸ ਨੂੰ ਹੀ ਪੂਰੀ ਤਰ੍ਹਾਂ ਅਪਣਾ ਲਿਆ ਗਿਆ ਹੈ।

**ਆਗਮਨ ਪੁਰਬ ਨੂੰ ਸਾਰਥਕ ਬਣਾਉਣ ਲਈ ਕੁਝ ਸੁਝਾਅ**

ਸਤਿਗੁਰੂ ਰਵਿਦਾਸ ਜੀ ਨੇ ਆਪਣੇ ਚਿੰਤਨ ਦੁਆਰਾ ਸਮਾਜ ਨੂੰ ਵਿਦਿਅਕ, ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਸਭਿਆਚਾਰਕ ਤੌਰ 'ਤੇ ਆਪਣੇ ਅਧਿਕਾਰਾਂ ਪ੍ਰਤੀ ਚੇਤੰਨ ਹੋਣ ਦਾ ਇਨਕਲਾਬੀ ਸੁਨੇਹਾ ਦਿੱਤਾ ਹੈ। ਪਰ ਆਪ ਜੀ ਦੇ ਸਮੁੱਚੇ ਫ਼ਲਸਫ਼ੇ ਦਾ ਵਿਸ਼ਾਲ ਪੱਧਰ ਤੇ ਪ੍ਰਚਾਰ ਅਤੇ ਪਾਸਾਰ ਨਹੀਂ ਹੋ ਸਕਿਆ। ਅਕਸਰ ਅਸੀਂ ਆਪ ਦੇ ਅਧਿਆਤਮਕ ਚਿੰਤਨ ਉਪਰ ਹੀ ਜ਼ਿਆਦਾ ਬਲ ਦਿੰਦੇ ਰਹੇ ਹਾਂ। ਅਧਿਆਤਮਕ ਚਿੰਤਨ ਮਨੁੱਖ ਦੀ ਬਹੁ-ਪੱਖੀ ਤੇ ਬਹੁ-ਪਾਸਾਰੀ ਜ਼ਿੰਦਗੀ ਦਾ ਕੇਵਲ ਇਕ ਪੱਖ ਹੈ। ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਵਿਦਿਅਕ ਤੌਰ 'ਤੇ ਜੋ ਜੋਰ, ਜਬਰ, ਜ਼ੁਲਮ ਅਤੇ ਬੇਇਨਸਾਫ਼ੀ ਸਾਡੇ ਸਮਾਜ ਨਾਲ ਹੋ ਰਹੀ ਹੈ, ਉਸਦਾ ਸਾਹਮਣਾ ਕਿਵੇਂ ਕਰਨਾ ਹੈ, ਇਸ ਦਾ ਹੱਲ ਕਿਵੇਂ ਕੱਢਣਾ ਅਤੇ ਇਸ ਤੋਂ ਛੁਟਕਾਰਾ ਕਿਵੇਂ ਪ੍ਰਾਪਤ ਕਰਨਾ ਹੈ, ਇਨ੍ਹਾਂ ਮਸਲਿਆਂ ਨੂੰ ਗੁਰਬਾਣੀ ਦੀ ਕਸੌਟੀ 'ਤੇ ਪਰਖਣ ਅਤੇ ਉਹਨਾਂ ਦੇ ਸਮਾਧਾਨ ਖੋਜਣ ਦੀ ਲੋੜ ਹੈ।

ਸਤਿਗੁਰੂ ਰਵਿਦਾਸ ਜੀ ਦਾ ਸਮੁੱਚਾ ਜੀਵਨ-ਦਰਸ਼ਨ ਮਾਨਵਵਾਦੀ ਕਦਰਾਂ-ਕੀਮਤਾਂ ਦੀ ਪੁਨਰ-ਸੁਰਜੀਤੀ ਅਤੇ ਸਥਾਪਤੀ ਲਈ ਰੋਲ ਮਾਡਲ ਵਜੋਂ ਸਾਡੀ ਅਗਵਾਈ ਕਰ ਸਕਦਾ ਹੈ। ਆਪ ਜਦੋਂ ਇਹ ਕਹਿੰਦੇ ਹਨ ਕਿ 'ਐਸਾ ਚਾਹੂੰ ਰਾਜ ਮੈਂ' ਤਾਂ ਸਪਸ਼ਟ ਤੌਰ 'ਤੇ ਰਾਜਨੀਤਿਕ ਪਰਿਵਰਤਨ ਦੀ ਗੱਲ ਕਰਦੇ ਹਨ, ਸਮਾਜਿਕ ਨਿਆਂ 'ਤੇ ਬਲ ਦਿੰਦੇ ਹਨ, 'ਜਹਾਂ ਮਿਲੇ ਸਬਨ ਕੋ ਅੰਨ' ਅਤੇ ਜਿੱਥੇ 'ਛੋਟ ਬੜੋ ਸਭ ਸਮ ਬਸੈ' ਅਰਥਾਤ ਜਿੱਥੇ ਸਮਾਨਤਾ ਅਤੇ ਸੁਤੰਤਰਤਾ ਹੋਵੇ, ਭੁੱਖਮਰੀ ਨਾ ਹੋਵੇ, ਲੋਕ ਫੁਟਪਾਥਾਂ 'ਤੇ ਰਹਿਣ ਤੇ ਸੌਣ ਲਈ ਮਜਬੂਰ ਨਾ ਹੋਣ। ਅਖੌਤੀ ਅਛੂਤ/ਸ਼ੂਦਰ ਪਰਾਧੀਨ ਕਿਉਂ ਹਨ? ਕਿਉਂਕਿ 'ਅਬਿਦਿਆ ਹਿਤ ਕੀਨ ਬਿਬੇਕ ਦੀਪ ਮਲੀਨ' ਹੋ ਗਿਆ ਹੈ।ਸਮਾਜਿਕ ਸਮਾਨਤਾ ਅਤੇ ਸੁਤੰਤਰਤਾ ਕਿਉਂ ਪ੍ਰਾਪਤ ਨਹੀਂ, ਕਿਉਂਕਿ ਸ਼ਹਿਦ ਦੀਆਂ ਮੱਖੀਆਂ ਵਾਂਗ ਆਪਸੀ ਏਕਤਾ ਨਹੀਂ ਹੈ। ਇਕੱਲੇ ਇਕੱਲੇ ਸਮਾਜ ਲਈ ਕੁਝ ਪ੍ਰਾਪਤ ਨਹੀਂ ਕਰ ਸਕਦੇ, ਏਕੇ ਦੀ ਲੜੀ ਵਿਚ ਪ੍ਰੋਏ ਜਾਣ ਲਈ ਤਿਆਰ ਨਹੀਂ, ਚੌਧਰਾਂ ਖੁਸ-ਦੀਆਂ ਹਨ, ਨਿੱਜੀ ਹਿੱਤ ਪੂਰੇ ਨਹੀਂ ਹੁੰਦੇ। ਇਹ ਸਾਰੇ ਮਸਲੇ ਪ੍ਰਸਪਰ ਸਬੰਧਤ ਹਨ। ਇਨ੍ਹਾਂ ਨੂੰ ਆਪਸ ਵਿਚ ਜੋੜ ਕੇ, ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਉਪਰ ਅਮਲ ਕਰਕੇ, ਜ਼ਿੰਦਗੀ ਵਿਚ ਵਿਵਹਾਰਿਕ ਰੂਪ ਵਿਚ ਅਪਣਾ ਕੇ ਸਮਾਜ ਲਈ ਕੁਝ ਸਾਰਥਕ ਪਰਿਣਾਮ ਪ੍ਰਾਪਤ ਕੀਤੇ ਜਾ ਸਕਦੇ ਹਨ।

ਨਿਰਸੰਦੇਹ ਪੰਜਾਬ, ਵਿਸ਼ੇਸ਼ ਤੌਰ 'ਤੇ ਦੁਆਬੇ ਦੇ ਆਦਿ ਧਰਮੀਆਂ, ਰਵਿਦਾਸੀਆਂ ਵਿਚ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦੇ ਸੰਦਰਭ ਵਿਚ ਬੇਮਿਸਾਲ ਚੇਤਨਾ ਪੈਦਾ ਹੋਈ ਹੈ।ਪਿਛਲੇ ਕੁਝ ਦਹਾਕਿਆਂ ਤੋਂ ਗੁਰੂ ਜੀ ਦੇ ਆਗਮਨ ਪੁਰਬ ਨੂੰ ਬੇਹੱਦ ਸ਼ਰਧਾ, ਜੋਸ਼ ਅਤੇ ਉਤਸ਼ਾਹ ਨਾਲ ਮਨ-ਾਇਆ ਜਾਂਦਾ ਹੈ। ਗੁਰੂ ਸਾਹਿਬ ਦੇ ਪ੍ਰਕਾਸ਼ ਉਤਸਵ ਸਬੰਧੀ ਪੈਦਾ ਹੋਏ ਇਸ ਅਨੁਪਮ ਤੇ ਅਨੋਖੇ ਉਤਸ਼ਾਹ ਅਤੇ ਜਜ਼ਬੇ ਦੀ ਧਾਰਾ ਦੀ ਦਿਸ਼ਾ ਨੂੰ ਹੋਰ ਵਧੇਰੇ ਉਸਾਰੂ ਉਦੇਸ਼ਾਂ ਦੀ ਪੂਰਤੀ ਵੱਲ ਪਰਿਵਰਤਿਤ ਕਰਨਾ ਚਾਹੀਦਾ ਹੈ। ਸਮਾਜਿਕ ਵਿਕਾਸ ਨੂੰ ਗਤੀਸ਼ੀਲਤਾ ਪ੍ਰਦਾਨ ਕਰਨ ਲਈ ਇੱਥੇ ਕੁਝ ਸੁਝਾਅ ਪ੍ਰਸਤੁਤ ਹਨ, ਆਸ ਹੈ ਸਮਾਜਿਕ ਚਿੰਤਕਾਂ ਵੱਲੋਂ ਇਨ੍ਹਾਂ ਉਪਰ ਗੰਭੀਰ ਵਿਚਾਰ-ਚਰਚਾ ਕੀਤੀ ਜਾਵੇਗੀ। ਜੇਕਰ ਇਹ ਸੁਝਾਅ ਅਰਥ-ਭਰਪੂਰ ਹੋਣ ਤਾਂ ਇਨ੍ਹਾਂ ਵਿਚ ਥੋੜ੍ਹੇ-ਬਹੁਤ ਫੇਰਬਦਲ, ਪਰਿਵਰਤਨ ਜਾਂ ਸੋਧ ਕਰਕੇ ਭਵਿੱਖ ਵਿਚ ਇਨ੍ਹਾਂ ਉਪਰ ਅਮਲ ਕਰਨ ਜਾਂ ਕਰਵਾਉਣ ਦੇ ਯਤਨ ਵੀ ਕੀਤੇ ਜਾ ਸਕਦੇ ਹਨ।

**ਆਗਮਨ ਪੁਰਬ 'ਤੇ ਪ੍ਰਭਾਤ ਫੇਰੀਆਂ**

ਸਤਿਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ ਤੇ ਦੇਸ਼ ਅਤੇ ਵਿਦੇਸ਼ ਵਿਚ ਵਸਦੇ ਗੁਰੂ ਜੀ ਦੇ ਸਮੁੱਚੇ ਸ਼ਰਧਾਲੂਆਂ ਵਿਚ ਵਿਸ਼ੇਸ਼ ਜੋਸ਼, ਉਤਸ਼ਾਹ ਤੇ ਉਮਾਹ ਹੁੰਦਾ ਹੈ। ਗੁਰਪੁਰਬ ਤੋਂ ਤਿੰਨ-ਚਾਰ ਹਫਤੇ ਪਹਿਲਾਂ ਹੀ ਇਸ ਵਿਸ਼ੇਸ਼ ਦਿਨ ਨੂੰ ਸ਼ਾਨੋ-ਸ਼ੌਕਤ ਨਾਲ ਮਨਾਉਣ ਲਈ ਗੁਰੂ ਰਵਿਦਾਸ ਧਰਮ-ਅਸਥਾਨਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾਵਾਂ ਵੱਲੋਂ ਪ੍ਰੋਗਰਾਮ ਉਲੀਕਣ ਲਈ ਜ਼ੋਰ-ਸ਼ੋਰ ਨਾਲ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਹਰ ਪਿੰਡ, ਕਸਬੇ ਅਤੇ ਸ਼ਹਿਰਾਂ ਦੇ ਬਹੁਗਿਣਤੀ ਵਿਚ ਵਸਦੇ ਸ਼ਰਧਾਲੂਆਂ ਦੇ ਮੁਹੱਲਿਆਂ ਵਿਚ ਤਿੰਨ-ਚਾਰ ਹਫਤੇ ਪਹਿਲਾਂ ਹੀ ਪ੍ਰਭਾਤ ਫੇਰੀਆਂ ਅਥਵਾ ਚੇਤਨਾ ਮਾਰਚ ਦਾ ਸਿਲਸਿਲਾ ਆਰੰਭ ਹੋ ਜਾਂਦਾ ਹੈ, ਜਿਸ ਵਿਚ ਭਾਰੀ ਗਿਣਤੀ ਵਿਚ ਸ਼ਰਧਾਲੂ ਸ਼ਾਮਲ ਹੁੰਦੇ ਹਨ। ਪ੍ਰਭਾਤ ਫੇਰੀ ਵਿਚ ਸ਼ਾਮਲ ਸੰਗਤ ਦੀ ਚਾਹ-ਪਕੌੜਿਆਂ, ਬਦਾਨੇ ਅਤੇ ਲੱਡੂਆਂ ਦੇ ਲੰਗਰ ਦੁਆਰਾ ਸੇਵਾ ਕੀਤੀ ਜਾਂਦੀ ਹੈ। ਇਹ ਚੰਗੀ ਗੱਲ ਹੈ ਕਿਉਂਕਿ ਸਰਦੀ ਦੇ ਮੌਸਮ ਵਿਚ ਸੰਗਤ ਦੀ ਏਨੀ ਕੁ ਸੇਵਾ ਕਰਨੀ ਤਾਂ ਬਣਦੀ ਹੀ ਹੈ। ਪਰ ਕਈ ਵਾਰ ਸੇਵਾ-ਭਾਵਨਾ ਵਾਲੇ ਪਰਿਵਾਰ ਇੰਨੇ ਜ਼ਿਆਦਾ ਹੁੰਦੇ ਹਨ ਕਿ ਇੱਕੋ ਫੇਰੀ ਵਿਚ ਤਿੰਨ-ਚਾਰ ਵਾਰ ਇਹ ਕਿਰਿਆ ਦੁਹਰਾ ਹੋ ਜਾਂਦੀ ਹੈ।

ਇਸ ਸਬੰਧੀ ਮੇਰਾ ਸੁਝਾਅ ਹੈ ਕਿ ਆਰਥਿਕ ਤੌਰ ਤੇ ਸੰਪੰਨ ਜਿਹਨਾਂ ਪਰਿਵਾਰਾਂ ਨੇ ਇਹ ਸੇਵਾ ਲੈਣੀ ਹੈ, ਉਨ੍ਹਾਂ ਦੀਆਂ ਲਿਸਟਾਂ ਪਹਿਲਾਂ ਹੀ ਤਿਆਰ ਕਰ ਲਈਆਂ ਜਾਣ ਅਤੇ ਪ੍ਰਬੰਧਕ ਕਮੇਟੀਆਂ ਉਹਨਾਂ ਪਰਿਵਾਰਾਂ ਤੋਂ ਅਨੁਮਾਨਿਤ ਖਰਚ 'ਤੇ ਆਧਾਰਿਤ ਦਾਨ-ਭੇਟਾ ਪ੍ਰਾਪਤ ਕਰ ਲੈਣ। ਨਿਸ਼ਚਿਤ ਦਿਨ ਤੇ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ ਉਹਨਾਂ ਪਰਿਵਾਰਾਂ ਵੱਲੋਂ ਸਾਂਝੇ ਤੌਰ 'ਤੇ ਪ੍ਰਤੀ ਦਿਨ ਪ੍ਰਭਾਤ ਫੇਰੀ ਦੇ ਆਰੰਭ ਅਤੇ ਸਮਾਪਤੀ ਤੇ ਗੁਰੂ ਘਰ ਵਿਚ ਹੀ ਚਾਹ-ਪਾਣੀ ਦੇ ਲੰਗਰ ਲਗਾਏ ਜਾ ਸਕਦੇ ਹਨ। ਇਸ ਤਰ੍ਹਾਂ ਸਮੇਂ ਅਤੇ ਪੈਸੇ ਦੀ ਬੱਚਤ ਵੀ ਹੋ ਸਕੇਗੀ ਅਤੇ ਵਾਰ-ਵਾਰ ਚਾਹ ਪੀਣ ਤੋਂ ਬਚਿਆ ਜਾ ਸਕਦਾ ਹੈ। ਬਚਾਏ ਹੋਏ ਸਮੇਂ ਨੂੰ ਪ੍ਰਭਾਤ ਫੇਰੀ ਸਮੇਂ ਦੋ ਤਿੰਨ ਪੜਾਵਾਂ ਤੇ ਗੁਰੂ ਜੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਸਬੰਧੀ ਪ੍ਰਸਤੁਤ ਕਵਿਤਾਵਾਂ, ਭਾਸ਼ਣਾਂ ਅਤੇ ਸ਼ਬਦ-ਗਾਇਨ ਨਾਲ ਸ਼ਿੰਗਾਰਿਆ ਜਾ ਸਕਦਾ ਹੈ, ਜਦਕਿ ਬਚਾਏ ਹੋਏ ਪੈਸੇ ਨੂੰ ਹੋਰ ਕਲਿਆਣਕਾਰੀ ਕਾਰਜਾਂ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ।

**ਗੁਰੂ ਜੀ ਦੀ ਵਿਚਾਰਧਾਰਾ ਸਬੰਧੀ ਪ੍ਰਕਾਸ਼ਨਾਂ**

ਸਤਿਗੁਰੂ ਰਵਿਦਾਸ ਜੀ ਦੇ ਜੀਵਨ-ਸੰਘਰਸ਼ ਅਤੇ ਜੀਵਨ-ਫ਼ਲਸਫ਼ੇ ਸਬੰਧੀ 16, 32 ਜਾਂ 48 ਪੰਨਿਆਂ ਵਿਚ ਕਿਤਾਬਚੇ ਜਾਂ ਬੁਕਲਿਟਾਂ ਪ੍ਰਕਾਸ਼ਿਤ ਕੀਤੀਆਂ ਜਾ ਸਕਦੀਆਂ ਹਨ। ਨਵੀਂ ਪੀੜ੍ਹੀ, ਵਿਦਿਆਰਥੀ ਵਰਗ ਅਤੇ ਨੌਜਵਾਨਾਂ ਵਿਚ ਗੁਰੂ-ਆਸ਼ੇ ਪ੍ਰਤੀ ਚੇਤਨਾ ਪੈਦਾ ਕਰਨ ਲਈ ਅਜਿਹੇ ਪ੍ਰਕਾਸ਼ਨ ਮਹੱਤਵਪੂਰਨ ਸਾਧਨ ਸ੍ਰੋਤ ਸਾਬਤ ਹੋ ਸਕਦੇ ਹਨ। ਪ੍ਰਕਾਸ਼ਨਾਂ ਲਈ ਮੁਹੱਲੇ ਜਾਂ ਪਿੰਡ ਪੱਧਰ ਤੇ ਕਮੇਟੀ ਦਾ ਗਠਨ ਕੀਤਾ ਜਾ ਸਕਦਾ ਹੈ। ਪੰਜ-ਦਸ ਪਿੰਡਾਂ ਦੀ ਸਾਂਝੀ ਕਮੇਟੀ ਜਾਂ ਬਲਾਕ ਪੱਧਰ 'ਤੇ ਤਾਲਮੇਲ ਕਮੇਟੀ ਵੀ ਬਣਾਈ ਜਾ ਸਕਦੀ ਹੈ। ਇਸ ਨਾਲ ਆਪਸੀ ਸਹਿਯੋਗ ਵੀ ਵਧੇਗਾ ਅਤੇ ਬੁਕਲਿਟ ਜਾਂ ਕਿਤਾਬਚਾ ਵੱਡੀ ਗਿਣਤੀ ਵਿਚ ਪ੍ਰਕਾਸ਼ਿਤ ਹੋਣ ਤੇ ਖਰਚਾ ਵੀ ਘੱਟ ਆਏਗਾ। ਇਹ ਪ੍ਰਕਾਸ਼ਿਤ ਪੁਸਤਕ ਬਿਨਾਂ ਲਾਭ-ਹਾਨੀ ਤੋਂ ਨਾਮਾਤਰ ਕੀਮਤ ਤੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਮੁਹੱਈਆ ਕਰਵਾਈ ਜਾ ਸਕਦੀ ਹੈ। ਪ੍ਰਭਾਤ ਫੇਰੀ ਸਮੇਂ ਵੱਖੋ-ਵੱਖਰੇ ਪੜਾਵਾਂ ਤੇ ਇਸ ਵਿਚੋਂ ਨੌਜਵਾਨ ਲੜਕੀਆਂ-ਲੜਕੇ ਪੰਜ-ਸੱਤ ਮਿੰਟ ਦਾ ਭਾਸ਼ਣ ਵੀ ਪ੍ਰਸਤੁਤ ਕਰ ਸਕਦੇ ਹਨ।

**ਗੁਰੂ ਆਸ਼ੇ ਸਬੰਧੀ ਕਵਿਤਾ/ਭਾਸ਼ਣ ਮੁਕਾਬਲੇ**

(ਬਾਕੀ ਅਗਲੇ ਸਫੇ 'ਤੇ)



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਆਗਮਨ ਪੁਰਬ ਨੂੰ ਸਾਰਥਕ ਬਣਾਉਣ ਲਈ ਕੁਝ ਸੁਝਾਅ

(ਸਫਾ 6 ਦੀ ਬਾਕੀ)

ਗੁਰੂ ਜੀ ਦੀ ਲੋਕ ਕਲਿਆਣਕਾਰੀ ਵਿਚਾਰਧਾਰਾ 'ਅਬਿਦਿਆ ਹਿਤ ਕੀਨ ਬਿਬੇਕ ਦੀਪ ਮਲੀਨ' ਦੇ ਆਸ਼ੇ ਨੂੰ ਲੈ ਕੇ 'ਸਤਸੰਗਤਿ ਮਿਲਿ ਰਹੀਐ ਮਾਧਉ' ਦੇ ਆਦਰਸ਼ ਦੀ ਸਥਾਪਤੀ ਅਤੇ 'ਐਸਾ ਚਾਹੂੰ ਰਾਜ ਮੈਂ ਜਹਾਂ ਮਿਲੇ ਸਬਨ ਕੋ ਅੰਨ' ਅਰਥਾਤ ਆਰਥਿਕ ਸੰਪਨਤਾ ਵਾਲੀ ਵਿਵਸਥਾ ਦੀ ਸਿਰਜਣਾ ਲਈ, ਜਿੱਥੇ 'ਛੋਟ ਬੜੋ ਸਭ ਸਮ ਬਸੈਂ' ਅਤੇ 'ਪਰਾਧੀਨਤਾ ਪਾਪ ਹੈ' ਦੇ ਭਾਵ ਤੋਂ ਮੁਕਤ ਹੋਣ, ਚੇਤਨਾ ਪੈਦਾ ਕਰਨ ਅਤੇ ਸਮਾਨਤਾ, ਸੁਤੰਤਰਤਾ ਤੇ ਭਾਈਚਾਰਕ ਸਮਾਜ ਸਿਰਜਣ ਦੀ ਪੂਰਤੀ ਲਈ ਗੁਰੂ ਜੀ ਦੇ ਆਗਮਨ ਪੁਰਬ ਤੋਂ ਘੱਟੋ-ਘੱਟ ਇਕ ਦੋ ਹਫਤੇ ਪਹਿਲਾਂ ਗੁਰੂ-ਬਾਣੀ ਦੇ ਮਹਾਂਵਾਕਾਂ ਦੇ ਸਿਰਲੇਖਾਂ ਅਧੀਨ ਸਕੂਲਾਂ-ਕਾਲਜਾਂ ਵਿਚ ਪੜ੍ਹਦੇ ਵਿਦਿਆਰਥੀਆਂ ਵਿਚਕਾਰ ਉਮਰ ਦੇ ਗਰੁੱਪ ਅਨੁਸਾਰ ਕਵਿਤਾ, ਭਾਸ਼ਣ ਅਤੇ ਸ਼ਬਦ ਗਾਇਨ ਮੁਕਾਬਲੇ ਵੀ ਕਰਵਾਏ ਜਾ ਸਕਦੇ ਹਨ।

ਪ੍ਰਕਾਸ਼ਿਤ ਪੁਸਤਕ ਦੇ ਆਧਾਰ ਤੇ ਵੱਖੋ-ਵੱਖਰੇ ਉਮਰ ਗਰੁੱਪ ਦੇ ਵਿਦਿਆਰਥੀਆਂ ਦੀ ਪ੍ਰੀਖਿਆ ਲੈ ਕੇ ਉਨ੍ਹਾਂ ਨੂੰ ਗੁਰਪੁਰਬ ਸਮਾਗਮਾਂ ਤੇ ਸਨਮਾਨਿਤ ਕੀਤਾ ਜਾ ਸਕਦਾ ਹੈ। ਅਜਿਹੇ ਵਿਦਿਆਰਥੀ ਮੁਕਾਬਲੇ ਕਰਵਾਉਣ ਨਾਲ ਦੋ ਪ੍ਰਮੁੱਖ ਲਾਭ ਹੋਣਗੇ, ਪਹਿਲਾ ਵਿਦਿਆਰਥੀ ਕਵਿਤਾ, ਭਾਸ਼ਣ ਤਿਆਰ ਕਰਦਿਆਂ ਗੁਰੂ ਜੀ ਦੀ ਵਿਚਾਰਧਾਰਾ ਪ੍ਰਤੀ ਜਾਗ੍ਰਿਤ ਹੋਣਗੇ ਅਤੇ ਦੂਸਰਾ, ਸਰੋਤਿਆਂ ਤੇ ਦਰਸ਼ਕਾਂ ਵਿਚ ਇਨਕਲਾਬੀ, ਤਰਕਸ਼ੀਲ ਅਤੇ ਲੋਕ-ਕਲਿਆਣਕਾਰੀ ਗੁਰੂ ਫ਼ਲਸਫ਼ੇ ਪ੍ਰਤੀ ਚੇਤਨਾ ਪੈਦਾ ਹੋਵੇਗੀ।

### ਸ਼ੋਭਾ ਯਾਤਰਾ

ਗੁਰੂ ਜੀ ਦੇ ਆਗਮਨ ਪੁਰਬ ਤੋਂ ਇਕ ਜਾਂ ਦੋ ਦਿਨ ਪਹਿਲਾਂ ਵੱਖੋ-ਵੱਖਰੇ ਸ਼ਹਿਰਾਂ, ਕਸਬਿਆਂ, ਪਿੰਡਾਂ ਅਤੇ ਮੁਹ-ਲਿਆਂ ਵਿਚ ਬੇਹੱਦ ਜੋਸ਼, ਜਜ਼ਬੇ ਅਤੇ ਉਤਸ਼ਾਹ ਨਾਲ ਸ਼ੋਭਾ ਯਾਤਰਾਵਾਂ, ਨਗਰ ਕੀਰਤਨ ਅਤੇ ਚੇਤਨਾ ਮਾਰਚ ਆਯੋਜਿਤ ਕੀਤੇ ਜਾਂਦੇ ਹਨ। ਸਤਿਗੁਰੂ ਰਵਿਦਾਸ ਜੀ ਪ੍ਰਤੀ ਸੱਚੀ, ਸੁੱਚੀ ਸ਼ਰਧਾ, ਸਮਾਜ ਦੀ ਏਕਤਾ, ਸੂਝ-ਸਮਝ, ਸ਼ਕਤੀ ਅਤੇ ਚੇਤਨਾ ਦਾ ਪ੍ਰਗਟਾਵਾ ਇਨ੍ਹਾਂ ਸ਼ੋਭਾ ਯਾਤਰਾਵਾਂ ਦਾ ਪ੍ਰਮੁੱਖ ਉਦੇਸ਼ ਹੈ। ਸਮਾਜ ਦੀ ਸਿਆਣਪ ਅਤੇ ਅਨੁਸ਼ਾਸਨ ਦਾ ਇਹ ਪ੍ਰਗਟਾਵਾ ਦੂਸਰੇ ਸਮਾਜਾਂ ਅੱਗੇ ਹੁੰਦਾ ਹੈ। ਇਸ ਲਈ ਸਾਲ ਬਾਅਦ, ਆਗਮਨ ਪੁਰਬ ਤੇ ਸ਼ੋਭਾ ਯਾਤਰਾ ਦਾ ਆਯੋਜਨ ਪ੍ਰਭਾਵਸ਼ਾਲੀ ਅਤੇ ਅਨੁਸ਼ਾਸਨ-ਬੱਧ ਹੋਣਾ ਜ਼ਰੂਰੀ ਹੈ। ਸ਼ੋਭਾ ਯਾਤਰਾ ਵਿਚ ਪ੍ਰਸਤੁਤ ਝਾਕੀਆਂ ਪ੍ਰਚੱਲਿਤ ਮਿੱਥਾਂ ਨਾਲੋਂ ਵੱਧ ਸਤਿਗੁਰੂ ਜੀ ਦੇ ਜੀਵਨ-ਫ਼ਲਸਫ਼ੇ ਨਾਲ ਸਬੰਧਿਤ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਗੁਰੂ ਆਸ਼ੇ ਦਾ ਸੰਦੇਸ਼ ਸ਼ੋਭਾ ਯਾਤਰਾ ਵਿਚ ਸ਼ਾਮਲ ਸ਼ਰਧਾਲੂਆਂ ਤੋਂ ਇਲਾਵਾ ਦੂਸਰੇ ਸਮਾਜਾਂ ਤੱਕ ਵੀ ਪਹੁੰਚੇ।

ਸ਼ੋਭਾ ਯਾਤਰਾ ਤੇ ਲਾਏ ਜਾਂਦੇ ਨਾਅਰੇ, ਜੈਕਾਰੇ ਪਹਿਲਾਂ ਹੀ ਨਿਸ਼ਚਿਤ ਕਰ ਲਏ ਜਾਣੇ ਚਾਹੀਦੇ ਹਨ। ਪ੍ਰਾਚੀਨ ਪ੍ਰਚੱਲਿਤ 'ਐਧਰ ਕੌਣ? ਔਧਰ ਕੌਣ? ਉਪਰ ਕੌਣ?- ਜੈ ਰਵਿਦਾਸ' ਵਰਗੇ ਨਾਅਰਿਆਂ ਨੂੰ ਪਰਿਵਰਤਿਤ ਕਰਨਾ ਚਾਹੀਦਾ ਹੈ। ਇਹ ਨਾਅਰੇ ਸਤਿਗੁਰੂ ਜੀ ਦੀ ਸ਼ੋਭਾ ਨੂੰ ਮਹਾਨ ਨਹੀਂ ਬਣਾਉਂਦੇ, ਸਗੋਂ ਸ਼ੋਭਾ ਯਾਤਰਾ ਨੂੰ ਦੇਖਣ ਵਾਲੇ 'ਦੂਸਰੇ ਲੋਕ' ਅਜਿਹੀ ਭਾਸ਼ਾ ਦਾ ਮਜ਼ਾਕ ਉਡਾਉਂਦੇ ਹਨ। ਚੰਗਾ ਹੋਵੇ ਜੇ ਗੁਰੂ-ਬਾਣੀ ਆਧਾਰਿਤ ਸ਼ਬਦਾਂ ਦਾ ਗਾਇਨ ਹੋਵੇ ਜਾਂ ਗੁਰੂ ਜੀ ਦੀ ਵਿਚਾਰਧਾਰਾ ਨਾਲ ਸਬੰਧਤ ਅੱਛੇ ਪ੍ਰਚਲਿਤ ਗੀਤ ਗਾਏ, ਵਜਾਏ ਜਾਣ ਦਾ ਪ੍ਰਬੰਧ ਹੋਵੇ।

ਸ਼ੋਭਾ ਯਾਤਰਾ ਵਿਚ ਸ਼ਾਮਲ ਸ਼ਰਧਾਲੂਆਂ ਨੂੰ ਨਸ਼ਿਆਂ ਦੀ ਵਰਤੋਂ ਤੋਂ ਪਰਹੇਜ਼ ਕਰਨਾ ਬਹੁਤ ਜ਼ਰੂਰੀ ਹੈ। ਆਪਣੀ ਅੰਮ੍ਰਿਤਬਾਣੀ ਵਿਚ 'ਸੁਰਸਰੀ ਸਲਲ ਕ੍ਰਿਤ ਬਾਰਨੀ ਰੇ, ਸੰਤ ਜਨ ਕਰਤ ਨਹੀ ਪਾਨੰ' ਅਤੇ 'ਸੁਰਾ ਅਪਵਿਤ੍ਰ' ਕਹਿ ਕੇ ਗੁਰੂ ਜੀ ਨੇ ਸ਼ਰਾਬ ਦੇ ਇਸਤੇਮਾਲ ਦਾ ਪੁਰਜ਼ੋਰ ਵਿਰੋਧ ਕੀਤਾ ਹੈ। ਇਸ ਲਈ ਨਸ਼ੇ ਦਾ ਸੇਵਨ ਕਰਕੇ ਸ਼ੋਭਾ ਯਾਤਰਾ ਵਿਚ ਹਰਗਿਜ਼ ਸ਼ਾਮਲ ਨਹੀਂ ਹੋਣਾ ਚਾਹੀਦਾ। ਸਾਫ ਸੁਥਰੇ ਕੱਪੜੇ ਪਹਿਨ ਕੇ, ਜਿੰਮੇਵਾਰ ਨਾਗਰਿਕਾਂ ਤੇ ਸ਼ਰਧਾਲੂਆਂ ਵਾਂਗ ਸ਼ੋਭਾ ਯਾਤਰਾ ਵਿਚ ਸ਼ਾਮਲ ਹੋ ਕੇ ਗੁਰੂ ਜੀ ਪ੍ਰਤੀ ਸੱਚੀ, ਸੁੱਚੀ ਸ਼ਰਧਾ ਅਤੇ ਸੋਚ ਦਾ ਪ੍ਰਗਟਾਵਾ ਕੀਤਾ ਜਾ ਸਕਦਾ ਹੈ।

### ਪ੍ਰਕਾਸ਼ ਉਤਸਵ ਦਿਨ

ਆਗਮਨ ਪੁਰਬ ਵਾਲੇ ਦਿਨ ਸਤਿਗੁਰੂ ਰਵਿਦਾਸ ਜੀ ਨਾਲ ਸਬੰਧਤ ਧਰਮ-ਅਸਥਾਨਾਂ ਤੇ ਪਵਿੱਤਰ ਗੁਰੂ-ਬਾਣੀ ਦੇ ਪਾਠਾਂ ਦੇ ਭੋਗ ਪਾਏ ਜਾਂਦੇ ਹਨ, ਸ਼ਬਦ ਕੀਰਤਨ ਅਤੇ ਕਥਾਵਾਂ ਦੇ ਪ੍ਰਵਾਹ ਚਲਦੇ ਹਨ। ਇਸ ਮੌਕੇ ਤੇ ਵੀ ਗੈਰ-ਵਿ-ਗਆਨਕ ਮਿੱਥ ਕਹਾਣੀਆਂ ਨਾਲੋਂ ਗੁਰੂ ਜੀ ਦੁਆਰਾ ਉਚਾਰੇ ਸ਼ਬਦਾਂ ਦੀ ਵਿਆਖਿਆ ਦੁਆਰਾ ਗੁਰੂ-ਆਸ਼ੇ ਨੂੰ ਅਜੋਕੀਆਂ ਪ੍ਰਸਥਿਤੀਆਂ ਦੇ ਸੰਦਰਭ ਵਿਚ ਪ੍ਰਸਤੁਤ ਕਰਨਾ ਚਾਹੀਦਾ ਹੈ। ਆਪ ਜੀ ਦੀ ਬਾਣੀ-ਵਿਚਾਰਧਾਰਾ ਤੋਂ ਸਾਨੂੰ ਸਾਰਿਆਂ ਨੂੰ ਕੀ ਸੇਧ ਮਿਲਦੀ ਹੈ, ਇਸ ਨੂੰ ਜ਼ਿੰਦਗੀ ਵਿਚ ਵਿਵਹਾਰਕ ਰੂਪ ਵਿਚ ਧਾਰਨ ਕਰਕੇ, ਕਿਵੇਂ ਅਸੀਂ ਆਪਣੇ ਜੀਵਨ ਦੇ ਹਾਲਾਤ ਨੂੰ ਬਦਲਣ ਦੇ ਸਮਰੱਥ ਹੋ ਸਕਦੇ ਹਾਂ ਅਤੇ ਗੁਰੂ ਜੀ ਦੀ ਇਨਕਲਾਬੀ ਵਿਚਾਰਧਾਰਾ ਤੇ ਉਹਨਾਂ ਦੇ ਜੀਵਨ ਸੰਘਰਸ਼ ਤੋਂ ਪ੍ਰੇਰਨਾ ਲੈ ਕੇ, ਕਿਵੇਂ ਅਸੀਂ ਦੇਸ਼ ਦੇ ਹੁਕਮਰਾਨ ਬਣਨ ਦੇ ਯੋਗ ਹੋ ਸਕਦੇ, ਆਦਿ ਵਿਸ਼ਿਆਂ 'ਤੇ ਗੁਰੂ ਰਵਿਦਾਸ ਬਾਣੀ ਤੇ ਆਧਾਰਿਤ ਵਿਚਾਰ ਚਰਚਾ ਹੋ ਸਕਦੀ ਹੈ। ਇਸੇ ਵਿਚਾਰਧਾਰਾ ਨੂੰ ਅੱਗੇ ਵਧਾਉਂਦਿਆਂ ਬਾਬਾ ਸਾਹਿਬ ਡਾ. ਅੰਬੇਡਕਰ ਨੇ ਕਿਹਾ ਸੀ ਕਿ ਸਾਨੂੰ ਆਪਣੇ ਘਰਾਂ ਦੀਆਂ ਦੀਵਾਰਾਂ ਤੇ ਲਿਖਣਾ ਚਾਹੀਦੈ ਕਿ ਅਸੀਂ ਇਸ ਦੇਸ਼ ਦੇ ਹੁਕਮਰਾਨ ਬਣਨਾ ਹੈ। ਇਸ ਅਵਸਰ ਤੇ ਕਵਿਤਾ, ਭਾਸ਼ਣ, ਸ਼ਬਦ ਗਾਇਨ ਦੇ ਮੁਕਾਬਲਿਆਂ ਅਤੇ ਸਕੂਲਾਂ, ਕਾਲਜਾਂ ਵਿਚੋਂ ਚੰਗੀਆਂ ਪੁਜੀਸ਼ਨਾਂ ਲੈਣ ਵਾਲੇ ਪ੍ਰਤੀਯੋਗੀਆਂ ਅਤੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਜਾ ਸਕਦਾ ਹੈ।

### ਆਗਮਨ ਪੁਰਬ ਸਮਾਗਮ ਅਤੇ ਮਹਿੰਗੇ ਕਲਾਕਾਰ

ਆਗਮਨ ਪੁਰਬ ਤੇ ਆਯੋਜਿਤ ਕੀਤੇ ਜਾਂਦੇ ਸਮਾਗਮਾਂ ਤੇ ਪ੍ਰਬੰਧਕ ਕਮੇਟੀਆਂ ਆਪਣੀ ਯਥਾਯੋਗ ਸਮਰੱਥਾ ਅਨੁਸਾਰ ਵੱਡੇ ਕਲਾਕਾਰਾਂ, ਗਾਇਕਾਂ ਅਤੇ ਸ਼ਬਦ ਗਾਇਨ ਨਾਲ ਸਬੰਧਤ ਵੱਡੇ ਕੀਰਤਨੀ ਜਥਿਆਂ ਨੂੰ ਸ਼ਰਧਾ ਅਤੇ ਸਤਿਕਾਰ ਸਹਿਤ ਬੁਲਾਉਂਦੀਆਂ ਹਨ। ਸੁਣਨ ਵਿਚ ਆਇਆ ਹੈ ਕਿ ਇਨ੍ਹਾਂ ਵੱਡੇ ਕਲਾਕਾਰਾਂ ਨੂੰ ਇਕ ਲੱਖ ਤੋਂ ਢਾਈ ਲੱਖ ਤੱਕ ਸੇਵਾ ਫਲ ਦੇਣਾ ਪੈਂਦਾ ਹੈ।

ਮੇਰਾ ਸੁਝਾਅ ਹੈ ਕਿ ਇਸ ਖਰਚੇ ਨੂੰ ਵੀ ਘਟਾਉਣਾ ਚਾਹੀਦਾ ਹੈ। ਕੇਵਲ ਇਕ ਦਿਨ ਦੇ ਦਿਖਾਵੇ ਅਤੇ ਫੋਕੀ ਵਾਹਵਾ-ਵਾਹਵਾ ਖੱਟਣ ਲਈ ਇਸ ਇਕ ਦਿਨ ਵਿਚ ਹੀ ਪੂਰੇ ਪੰਜਾਬ ਵਿਚ ਕਰੋੜਾਂ ਰੁਪਏ ਅਜਾਈਂ ਚਲੇ ਜਾਂਦੇ ਹਨ। ਇੱਥੇ ਵੀ ਬੱਚਤ ਕੀਤੀ ਜਾ ਸਕਦੀ ਹੈ।

### ਟਿਊਸ਼ਨ ਸੈਂਟਰ, ਕੋਚਿੰਗ ਸੈਂਟਰ ਅਤੇ ਵਿਦਿਅਕ ਅਦਾਰੇ ਖੋਹਲੋ!

ਗਰੀਬ ਅਤੇ ਪਿਛੜੇ ਸਮਾਜ ਨਾਲ ਸਬੰਧਤ ਹੋਣ ਕਾਰਨ ਸਾਨੂੰ ਆਪਣੇ ਸਮਾਜਿਕ ਟੀਚੇ ਤੇ ਨਿਸ਼ਾਨੇ ਨਿਸ਼ਚਿਤ ਕਰਨੇ ਚਾਹੀਦੇ ਹਨ। ਇਹ ਟੀਚੇ ਗੁਰੂ-ਆਸ਼ਿਆਂ ਮੁਤਾਬਕ ਤੈਅ ਕੀਤੇ ਜਾ ਸਕਦੇ ਹਨ, ਜਿਨ੍ਹਾਂ ਦਾ ਵਿਸਤ੍ਰਿਤ ਵਰਣਨ ਉਪਰ ਕੀਤਾ ਜਾ ਚੁੱਕਾ ਹੈ। ਸੰਤ-ਸਤਿਗੁਰੂਆਂ ਦੇ ਜੀਵਨ-ਫ਼ਲਸਫ਼ੇ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਸੰਘਰਸ਼ ਅਤੇ ਯਤਨਾਂ ਸਦਕਾ ਭਾਰਤੀ ਸੰਵਿਧਾਨ ਵਿਚ ਪ੍ਰਾਪਤ ਸਾਡੇ ਹੱਕਾਂ ਨੂੰ ਖੋਰਾ ਲਾਇਆ ਜਾ ਰਿਹੈ। ਨਿੱਜੀ ਖੇਤਰ ਵਿਚ ਸਥਾਪਿਤ ਸਕੂਲਾਂ, ਕਾਲਜਾਂ ਨੂੰ ਹਰ ਪ੍ਰਕਾਰ ਦੀ ਪੂਰੀ ਖੁੱਲ੍ਹ ਅਤੇ ਸਰਕਾਰੀ ਵਿਦਿਅਕ ਅਦਾਰਿਆਂ ਨੂੰ ਖਤਮ ਕਰਕੇ ਸਾਡੇ ਸਮਾਜ ਨੂੰ ਵਿਦਿਆ ਤੋਂ ਵਾਂਝਿਆਂ ਕੀਤਾ ਜਾ ਰਿਹਾ ਹੈ। ਸਰਕਾਰੀ ਸਕੂਲਾਂ ਵਿਚ ਸਟਾਫ ਦੀ ਕਮੀ, ਸਟਾਫ ਨੂੰ ਵਿਦਿਅਕ ਕਾਰਜਾਂ ਤੋਂ ਲਾਂਭੇ ਕਰਕੇ ਦੂਸਰੇ ਕੰਮਾਂ ਵਿਚ ਮਸਰੂਫ ਕਰਕੇ ਅਤੇ ਬੁਨਿਆਦੀ ਢਾਂਚੇ ਨੂੰ ਖਤਮ ਕਰਕੇ ਵਿਦਿਅਕ ਮਿਆਰ ਗਿਰਾਇਆ ਜਾ ਰਿਹੈ। ਬੇਸ਼ੱਕ ਸਰਕਾਰੀ ਸਕੂਲਾਂ, ਕਾਲਜਾਂ ਦੇ ਡਿਗ ਰਹੇ ਵਿਦਿਅਕ ਮਿਆਰ ਬਾਰੇ ਇੱਥੇ ਚਰਚਾ ਕਰਨਾ ਸਾਡਾ ਮਕਸਦ ਨਹੀਂ ਹੈ, ਪਰ ਸਿੱਖਿਆ-ਤੰਤਰ ਦਾ ਸਿੱਧਾ ਸਬੰਧ ਸਾਡੀ ਪ੍ਰਗਤੀ ਨਾਲ ਜੁੜਿਆ ਹੋਇਐ, ਇਸ ਲਈ ਇਸ ਬਾਰੇ ਸਾਨੂੰ ਸਾਰਿਆਂ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ।

ਸਾਨੂੰ ਵਿਦਿਅਕ ਅਦਾਰੇ ਸਥਾਪਿਤ ਕਰਨੇ ਚਾਹੀਦੇ ਹਨ। ਪਰ ਪੈਸਾ ਕਿੱਥੋਂ ਆਏਗਾ?

ਉਪਰ ਸੁਝਾਅ ਦਿੱਤਾ ਗਿਆ ਸੀ ਕਿ ਆਪਾਂ ਪ੍ਰਭਾਤ ਫੇਰੀਆਂ ਅਤੇ ਮੁੱਖ ਸਮਾਗਮਾਂ ਵਿਚੋਂ ਪੈਸਾ ਬਚਾਈਏ। ਬੇਸ਼ੱਕ ਇਹ ਸੁਝਾਅ ਬਹੁਤ ਸਧਾਰਨ ਤੇ ਮਾਮੂਲੀ ਜਿਹਾ ਲੱਗਦਾ ਹੈ, ਪਰ ਜੇਕਰ ਗੰਭੀਰਤਾ ਅਤੇ ਗਹਿਰਾਈ ਨਾਲ ਵਿਚਾਰੀਏ ਤਾਂ ਹੈਰਾਨੀਜਨਕ ਪ੍ਰਾਪਤੀ ਹੋ ਸਕਦੀ ਹੈ। ਮਿਸਾਲ ਵਜੋਂ ਪੰਜਾਬ ਵਿਚ ਬਾਰਾਂ ਹਜ਼ਾਰ ਤੋਂ ਵੱਧ ਪਿੰਡ ਹਨ, ਸ਼ਹਿਰ, ਕਸਬੇ ਤੇ ਮੁਹੱਲੇ ਇਸਤੋਂ ਵੱਖਰੇ ਹਨ। ਜੇਕਰ ਪੰਜ ਹਜ਼ਾਰ ਸਥਾਨਾਂ ਤੇ ਪ੍ਰਕਾਸ਼ ਉਤਸਵ ਮਨਾਏ ਜਾਂਦੇ ਹੋਣ, ਪ੍ਰਭਾਤ ਫੇਰੀਆਂ, ਚੇਤਨਾ ਮਾਰਚ ਦੇ ਪ੍ਰੋਗਰਾਮ ਹੁੰਦੇ ਹੋਣ ਅਤੇ ਆਪਾਂ ਹਰ ਸਮਾਗਮ 'ਚੋਂ ਪੰਜਾਹ ਹਜ਼ਾਰ ਰੁਪਏ ਵੀ ਬਚਾ ਲਈਏ ਤਾਂ 25 ਕਰੋੜ ਰੁਪਏ ਦੀ ਬਚਤ ਹੋ ਸਕਦੀ ਹੈ।

ਇਨ੍ਹਾਂ ਸਮਾਗਮਾਂ ਤੋਂ ਬਚਾਏ ਹੋਏ ਪੈਸੇ ਨਾਲ ਗੁਰੂ ਘਰਾਂ ਦੀਆਂ ਇਮਾਰਤਾਂ ਵਿਚ ਸਕੂਲਾਂ ਦੇ ਵਿਦਿਆਰਥੀਆਂ ਦੀ ਪੜ੍ਹਾਈ ਵਿਚ ਬੁਨਿਆਦ ਪੱਕੀ ਕਰਨ ਲਈ ਸ਼ਾਮ ਦੇ ਸਮੇਂ, ਦੋ ਘੰਟੇ ਲਈ ਫ੍ਰੀ ਟਿਊਸ਼ਨ ਸੈਂਟਰ ਸ਼ੁਰੂ ਕੀਤੇ ਜਾ ਸਕਦੇ ਹਨ। ਪਿੰਡ ਜਾਂ ਮੁਹੱਲੇ ਦੇ ਉਚ-ਵਿਦਿਆ ਪ੍ਰਾਪਤ ਦੋ ਤਿੰਨ ਬੇਰੁਜ਼ਗਾਰ ਨੌਜਵਾਨਾਂ ਨੂੰ ਕੁਝ ਮਿਹਨਤਾਨਾ ਦੇ ਕੇ ਇਹ ਕੰਮ ਸ਼ੁਰੂ ਕੀਤਾ ਜਾ ਸਕਦਾ ਹੈ। ਚਾਰ, ਪੰਜ ਪਿੰਡਾਂ ਦਾ ਯੂਨਿਟ ਬਣਾ ਕੇ ਕਿਸੇ ਇਕ ਪਿੰਡ ਵਿਚ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਕੋਚਿੰਗ ਸੈਂਟਰ ਵੀ ਖੋਹਲੇ ਜਾ ਸਕਦੇ ਹਨ।

ਸਕੂਲ ਅਤੇ ਕਿੱਤਾ-ਮੁਖੀ ਸੰਸਥਾਵਾਂ ਖੋਲ੍ਹਣ ਅਤੇ ਉਨ੍ਹਾਂ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਧਾਰਮਿਕ ਡੇਰੇ, ਸੇਵਾ ਮੁਕਤ ਅਧਿਕਾਰੀ, ਅਧਿਆਪਕ ਅਤੇ ਮੁਲਾਜ਼ਮ ਵਡਮੁੱਲਾ ਯੋਗਦਾਨ ਪਾ ਸਕਦੇ ਹਨ।

ਸਤਿਗੁਰੂ ਰਵਿਦਾਸ ਜੀ ਦਾ ਆਗਮਨ ਪੁਰਬ ਸਿਰਫ਼ ਇਕ ਵਾਰੀ ਕੁਝ ਦਿਨ ਲਈ ਹੀ ਕਿਉਂ, ਇਹ ਤਾਂ ਪੂਰਾ ਸਾਲ ਹੀ ਚਲਦੇ ਰਹਿਣਾ ਚਾਹੀਦਾ ਹੈ। ਇਸ ਮੰਤਵ-ਪੂਰਤੀ ਲਈ ਹਰ ਮਹੀਨੇ ਵਿਚਾਰ-ਚਰਚਾ ਹੁੰਦੀ ਰਹਿਣੀ ਚਾਹੀਦੀ ਹੈ, ਸੈਮੀਨਾਰ ਅਤੇ ਗੋਸ਼ਟੀਆਂ ਆਯੋਜਿਤ ਕਰਕੇ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦੇ ਹਰ ਪੱਖ ਤੇ ਵਿਚਾਰ-ਵਟਾਂਦਰਾ ਕਰਦੇ ਰਹਿਣਾ ਚਾਹੀਦਾ ਹੈ। ਸਾਡੇ ਧਾਰਮਿਕ ਡੇਰੇ, ਉਨ੍ਹਾਂ ਦੇ ਸੰਚਾਲਕ ਅਤੇ ਗੁਰੂ-ਘਰਾਂ ਦੇ ਪ੍ਰਬੰਧਕ ਅਤੇ ਸਮਾਜ ਦਾ ਬੁੱਧੀਜੀਵੀ ਵਰਗ ਇਸ ਵਿਚ ਭਰਪੂਰ ਯੋਗਦਾਨ ਪਾ ਸਕਦੇ ਹਨ।

ਸਾਡਾ ਸਾਰਿਆਂ ਦਾ ਇਹ ਫਰਜ਼ ਬਣਦਾ ਹੈ ਕਿ ਸਤਿਗੁਰੂ ਰਵਿਦਾਸ ਜੀ ਦੇ ਇਨਕਲਾਬੀ ਅਤੇ ਮਾਨਵਵਾਦੀ ਫ਼ਲਸਫ਼ੇ ਨੂੰ ਅਮਲੀ ਤੇ ਵਿਵਹਾਰਕ ਰੂਪ ਵਿਚ ਆਪਣੇ ਜੀਵਨ ਵਿਚ ਧਾਰਨ ਕਰੀਏ, ਤਾਂ ਹੀ ਆਪ ਜੀ ਦੇ ਪੁਰਬ ਮਨਾਉਣੇ ਅਤੇ ਧਾਰਮਿਕ ਸਮਾਗਮ ਆਯੋਜਿਤ ਕਰਨੇ ਸਾਰਥਕ ਹੋ ਸਕਦੇ ਹਨ।


SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES
SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

ਐਸੀ ਲਾਲ ਤੁਝ ਬਿਨੁ ਕਉਨ ਕਰੈ ॥ ਗਰੀਬ ਨਿਵਾਜ ਗੁਸਾਈਆ ਮੇਰਾ ਮਾਥੈ ਛਤ੍ਰ ਧਰੈ ॥ ਰਹਾਉ ॥
ਜਾ ਕੀ ਛੋਤਿ ਜਗਤੁ ਕਉ ਲਾਗੈ ਤਾ ਪਰ ਤੁਹੀ ਢਰੈ॥ ਨੀਚਹ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ॥

# ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ)




With the blessings of Satguru Shri Guru Ravidass ji Maharaj **Shri Guru Ravidass Sabha Fresno** with co operation of Sangat is going to celebrate 648th Prakash Purab of **Shri Guru Ravidass Ji Maharaj on 2 March 2025 Sunday at Gurughar**.

## Programme:

**Friday february 28, 2025, 10:00 AM**
Arambh shri akhand path under the supervision of
Bhai Ram Singh ji Head Granthi of Gurughar.
**Saturday March 1, 2025, 4 PM Nishan Sahib Sewa (Ceremony)**
**Sunday, March 2, 2025, 10 PM**
Bhog Shri Akhand Path Sahib
Kirtan Darbar followed by Bhog up to 2:30 PM.
**Kirtan will be performed by**
Bhai Harvinder Singh Rasia, Bhai Lakhvir Singh Rasia
Bhai Harblas Singh Jhinger and Bibi Amar Kaur Ji
Guru's Langer will be served through out all three days.
**BLOOD DONATION AND MEDICAL CAMP**
Dedicated to Gurpurab special medical camp and
Blood Donation Camp is being organised by Dr. Nirmal Bhatti MD,
Dr. Satnam Banger MD, Dr. Surdeep Singh DDS and their associates.

**All devotees are co ordialy invited to attend as per programme to have Guru's blessings.**

## Sewadars


ਬੀਬੀ ਸੁਰਿੰਦਰ ਕੌਰ ਬੰਗੜ
(ਚੇਅਰਪਰਸਨ)


ਰਤਨ ਪਾਲ ਜੱਸੀ
(ਵਾਈਸ ਚੇਅਰਮੈਨ)


ਸ੍ਰੀ ਅਮਰ ਦੜੋਚ
(ਪ੍ਰਧਾਨ)


ਸ੍ਰੀ ਸੁੱਚਾ ਸਿੰਘ ਝੱਮਟ
(ਵਾਈਸ ਪ੍ਰਧਾਨ)


ਸ੍ਰੀ ਸ਼ਿਵਚਰਨ
(ਜਨਰਲ ਸਕੱਤਰ)


ਸ੍ਰੀ ਤੇਗਵੀਰ ਸਿੰਘ ਭਾਟੀਆ
(ਸਹਾਇਕ ਜਨਰਲ ਸਕੱਤਰ)


ਦਵਿੰਦਰ ਸਿੰਘ ਨਿਗਾਹ
(ਖਜਾਨਚੀ)


ਸ੍ਰੀ ਕੁਲਦੀਪ ਸਿੰਘ
(ਸਹਾਇਕ ਖਜਾਨਚੀ)


ਸ੍ਰੀ ਕੁਲਦੀਪ ਸਿੰਘ ਬੰਗੜ
(ਸਟੇਜ ਸਕੱਤਰ)


ਬੀਬੀ ਦੀਪਿਕਾ ਕਲੇਰ
(ਸਹਾਇਕ ਸਟੇਜ ਸਕੱਤਰ)


ਸ੍ਰੀ ਪਵਨ ਸਰੋਇਆ
(ਮੀਡੀਆ ਪਰਸਨ)

**5025 S Cherry Ave Fresno, CA 93706**

**ਗੁਰੂ ਘਰ ਦੇ ਫੋਨ ਨੰਬਰ: 559-486-3091**

# ਸਿੱਖ ਨੈਸ਼ਨਲ ਕਾਲਜ ਬੰਗਾ ਵਿੱਚ ਬਸੰਤ ਪੰਚਮੀ ਦਾ ਤਿਉਹਾਰ ਮਨਾਇਆ

**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)-** ਸਿੱਖ ਨੈਸ਼ਨਲ ਕਾਲਜ, ਬੰਗਾ ਦੇ ਪੀਜੀ ਵਿਭਾਗ ਆਫ਼ ਕਾਮਰਸ ਐਂਡ ਬਿਜ਼ਨਸ ਮੈਨੇਜਮੈਂਟ ਦੇ ਵਿਦਿਆਰਥੀਆਂ ਵਲੋਂ "ਬਸੰਤ ਪੰਚਮੀ" ਦੇ ਮੌਕੇ 'ਤੇ ਇੱਕ ਸੱਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਬੀਕਾਮ ਚੌਥੇ ਸਮੈਸਟਰ ਦੇ ਸਮਰਥਜੀਤ ਸਿੰਘ ਨੇ ਰਾਗ ਬਸੰਤ ਦੀ ਵਿਆਖਿਆ ਕੀਤੀ। ਹੋਰ ਵਿਦਿਆਰਥੀਆਂ ਨੇ ਲੋਕ ਗੀਤ, ਗਿੱਧਾ, ਭਾਸ਼ਣ ਅਤੇ ਕਵਿਤਾ ਆਦਿ ਵਰਗੀਆਂ ਸੱਭਿਆਚਾਰਕ ਗਤੀਵਿਧੀਆਂ ਪੇਸ਼ ਕੀਤੀਆਂ।




ਵਿਦਿਆਰਥਣ ਪਰਮਜੀਤ ਕੌਰ ਤੇ ਨਮਰਤਾ ਸਰੋਆ ਵਲੋਂ ਸਟੇਜ ਸੰਚਾਲਨ ਕੀਤਾ ਗਿਆ। ਇਸ ਮੌਕੇ ਸੀ ਬੀ ਐਮ ਕਲੱਬ ਦੇ ਮੈਂਬਰਾਂ ਦੀ ਚੋਣ ਕੀਤੀ ਗਈ। ਜਿਸ ਵਿੱਚ ਆਫਤਾਬ ਆਲਮ ਹੈਡ ਬੁਆਏ, ਗਗਨਪ੍ਰੀਤ ਕੌਰ ਹੈਡ ਗਰਲ, ਸਮਰਥਜੀਤ ਸਿੰਘ ਵਾਈਸ ਹੈਡ ਬੁਆਏ, ਮੁਸਕਾਨ ਵਾਈਸ ਹੈਡ ਗਰਲ, ਅਦਿਤੀ ਸੈਕਟਰੀ, ਰਮਨਜੋਤ ਜੁਆਇੰਟ ਸੈਕਟਰੀ ਤੇ ਬਲਜੋਤ ਕੌਰ ਫਾਇਨਾਂਸ ਸੈਕਟਰੀ ਵਜੋਂ ਚੁਣੇ ਗਏ। ਸੀ ਬੀ ਐਮ ਦੇ ਮੈਂਬਰਾਂ ਨੂੰ ਬੈਜ ਦੇ ਕੇ ਸਨਮਾਨਿਤ ਕੀਤਾ ਗਿਆ। ਵਿਭਾਗ ਮੁਖੀ ਡਾਕਟਰ ਕਮਲਦੀਪ ਕੌਰ ਨੇ ਵੀ ਸੰਬੋਧਨ ਕਰਦਿਆਂ ਵਿਦਿਆਰਥੀਆਂ ਦੀ ਪ੍ਰਸੰਸ਼ਾ ਕੀਤੀ। ਭਵਿੱਖ ਵਿੱਚ ਵੀ ਕਾਮਰਸ ਤੇ ਬਿਜਨਸ ਮੈਨੇਜਮੈਂਟ ਕਲੱਬ ਵਲੋਂ ਪੜ੍ਹਾਈ ਦੇ ਨਾਲ ਹੋਰ ਗਤੀਵਿਧੀਆ ਜਾਰੀ ਰੱਖਣ ਦਾ ਭਰੋਸਾ ਦਿਵਾਇਆ ਗਿਆ। ਪ੍ਰਿੰ-ਸੀਪਲ ਡਾ: ਤਰਸੇਮ ਸਿੰਘ ਭਿੰਡਰ ਨੇ ਵਿਦਿਆਰਥੀਆਂ ਦੇ ਇਸ ਯਾਦਗਾਰੀ ਸਮਾਗਮ ਦੇ ਆਯੋਜਨ ਲਈ ਯਤਨਾਂ ਦੀ ਸ਼ਲਾਘਾ ਕੀਤੀ। ਵਿਭਾਗ ਦੀ ਮੁਖੀ ਡਾ: ਕਮਲਦੀਪ ਕੌਰ ਨੇ ਵੀ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਨੂੰ ਆਪਣੇ ਹੌਂਸਲੇ ਬੁਲੰਦ ਰੱਖਣ ਅਤੇ ਆਪਣੇ ਕਾਲਜ ਨੂੰ ਮਾਣ ਦਿਵਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰੋ. ਰਮਨਦੀਪ ਕੌਰ, ਪ੍ਰੋ. ਮਨਰਾਜ ਕੌਰ, ਪ੍ਰੋ. ਹਰਦੀਪ ਕੌਰ, ਪ੍ਰੋ. ਪ੍ਰਿਆ ਲੱਧੇਰ, ਪ੍ਰੋ. ਦੀਪਿਕਾ, ਪ੍ਰੋ. ਮਨੀਸ਼ਾ ਅਤੇ ਪ੍ਰੋ. ਗੁਰਿੰਦਰ ਕੌਰ ਇਸ ਮੌਕੇ 'ਤੇ ਮੌਜੂਦ ਸਨ।

# ਹਿੰਦੀ ਲੈਕਚਰਾਰਾਂ ਲਈ ਕਰਵਾਇਆ ਇਕ ਰੋਜ਼ਾ ਸੈਮੀਨਾਰ




**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)-** ਜ਼ਿਲ੍ਹਾ ਸਿੱਖਿਆ ਅਫ਼ਸਰ (ਸ), ਸ਼ਹੀਦ ਭਗਤ ਸਿੰਘ ਨਗਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮਹਿੰਦੀਪੁਰ ਵਿਖੇ ਹਿੰਦੀ ਭਾਸ਼ਾ ਦੇ ਲੈਕਚਰਾਰਾਂ ਲਈ ਇਕ ਰੋਜ਼ਾ ਸੈਮੀਨਾਰ ਕਰਵਾਇਆ ਗਿਆ। ਸਕੂਲ ਪ੍ਰਿੰਸੀਪਲ ਡਾ. ਲਲਿਤਾ ਰਾਣੀ ਦੀ ਨਿਗਰਾਨੀ ਹੇਠ ਕਰਵਾਏ ਗਏ ਇਸ ਸੈਮੀਨਾਰ ਵਿਚ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੇ ਹਿੰਦੀ ਲੈਕਚਰਾਰਾਂ ਨੇ ਹਿੱਸਾ ਲਿਆ।

ਜ਼ਿਲ੍ਹਾ ਕੋਆਰਡੀਨੇਟਰ ਵਰਿੰਦਰ ਬੰਗਾ ਨੇ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਹਿੰਦੀ ਭਾਸ਼ਾ ਦੀ ਮਹੱਤਤਾ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਹਿੰਦੀ ਨਾ ਸਿਰਫ਼ ਸਾਡੀ ਰਾਸ਼ਟਰੀ ਭਾਸ਼ਾ ਹੈ, ਸਗੋਂ ਇਹ ਸਾਡੀ ਸੰਸਕ੍ਰਿਤੀ ਅਤੇ ਪਛਾਣ ਦੀ ਪ੍ਰਤੀਕ ਵੀ ਹੈ। ਉਨ੍ਹਾਂ ਅਧਿਆਪਕਾਂ ਨੂੰ ਵਿਦਿਆਰਥੀਆਂ ਤੱਕ ਹਿੰਦੀ ਭਾਸ਼ਾ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣ ਲਈ ਨਵੇਂ ਤਰੀਕਿਆਂ ਅਤੇ ਤਕਨੀਕਾਂ ਦੀ ਵਰਤੋਂ ਕਰਨ ਦਾ ਸੱਦਾ ਦਿੱਤਾ।

ਸੈਮੀਨਾਰ ਵਿਚ ਹਿੰਦੀ ਭਾਸ਼ਾ ਸਿਖਾਉਣ ਵਿਚ ਆ ਰਹੀਆਂ ਚੁਣੌਤੀਆਂ ਅਤੇ ਉਨ੍ਹਾਂ ਦੇ ਹੱਲ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ ਗਈ। ਅਧਿਆਪਕਾਂ ਨੇ ਭਾਸ਼ਾ ਨੂੰ ਦਿਲਚਸਪ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਆਪਣੇ ਤਜ਼ਰਬੇ ਅਤੇ ਵਿਚਾਰ ਸਾਂਝੇ ਕੀਤੇ। ਵਿਆਕਰਣ, ਸਾਹਿਤ ਅਤੇ ਭਾਸ਼ਾ ਦੇ ਹੁਨਰ ਦੇ ਵਿਕਾਸ ਵਰਗੇ ਵੱਖ-ਵੱਖ ਵਿਸ਼ਿਆਂ 'ਤੇ ਵੀ ਚਰਚਾ ਕੀਤੀ ਗਈ।

ਡਾ. ਲਲਿਤਾ ਰਾਣੀ ਨੇ ਸੈਮੀਨਾਰ ਵਿਚ ਹਿੱਸਾ ਲੈਣ ਵਾਲੇ ਸਾਰੇ ਅਧਿਆਪਕਾਂ ਅਤੇ ਜ਼ਿਲ੍ਹਾ ਕੋਆਰਡੀਨੇਟਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਅਜਿਹੇ ਸੈਮੀਨਾਰ ਅਧਿਆਪਕਾਂ ਦੇ ਪੇਸ਼ੇਵਰ ਵਿਕਾਸ ਲਈ ਬਹੁਤ ਮਹੱਤਵਪੂਰਨ ਹਨ ਅਤੇ ਭਵਿੱਖ ਵਿਚ ਵੀ ਅਜਿਹੇ ਸਮਾਗਮ ਆਯੋਜਿਤ ਕੀਤੇ ਜਾਂਦੇ ਰਹਿਣਗੇ।

ਇਹ ਸੈਮੀਨਾਰ ਹਿੰਦੀ ਭਾਸ਼ਾ ਦੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਅਤੇ ਅਧਿਆਪਕਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨ ਵਿਚ ਬਹੁਤ ਸਫਲ ਰਿਹਾ। ਇਸ ਵਿਚ ਹਿੱਸਾ ਲੈਣ ਵਾਲੇ ਲੈਕਚਰਾਰ ਨਵੀਨ ਪਰਾਸ਼ਰ, ਨੀਰਜ ਧੀਮਾਨ, ਸੁਮਨ, ਜਸਵਿੰਦਰ, ਹਰਜੀਤ ਰਾਣੀ, ਅਮਨਦੀਪ ਨੇ ਸੈਮੀਨਾਰ ਨੂੰ ਲਾ-ਭਦਾਇਕ ਅਤੇ ਜਾਣਕਾਰੀ ਭਰਪੂਰ ਦੱਸਿਆ।

# ਛੀਨਾ ਨੇ ਕੇਂਦਰੀ ਬਜਟ ਨੂੰ ਪ੍ਰਗਤੀਸ਼ੀਲ, ਮੱਧ ਵਰਗ ਲਈ ਦੱਸਿਆ ਲਾਹੇਵੰਦ

**ਅੰਮ੍ਰਿਤਸਰ-** ਭਾਜਪਾ ਦੇ ਸੀਨੀਅਰ ਆਗੂ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਅੱਜ ਕੇਂਦਰੀ ਬਜਟ ਨੂੰ ਵਿਕਾਸ-ਮੁਖੀ, ਮੱਧ ਵਰਗ ਸਮੇਤ ਸਮੂਹ ਵਰਗਾਂ ਲਈ ਲਾਹੇਵੰਦ ਦੱਸਦਿਆਂ ਕਿਹਾ ਕਿ ਇਹ ਬਜਟ ਚਾਰੇ ਪਾਸੇ ਆਰਥਿਕ ਖੁਸ਼ਹਾਲੀ 'ਚ ਨਵੀਂ ਜਾਨ ਪਾਵੇਗਾ।

ਉਨ੍ਹਾਂ ਨੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦਾ ਆਮਦਨ ਮਿਆਦ ਨੂੰ ਮੌਜੂਦਾ 7 ਲੱਖ ਰੁਪਏ ਤੋਂ ਵਧਾ ਕੇ 12 ਲੱਖ ਰੁਪਏ ਕਰਕੇ ਤਨਖਾਹਦਾਰ ਵਰਗ ਨੂੰ ਹੁਣ ਤੱਕ ਦੀ ਸਭ ਤੋਂ ਵੱਡੀ ਰਾਹਤ ਪ੍ਰਦਾਨ ਕਰਨ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਆਰਥਿਕ ਵਿਕਾਸ 'ਚ ਸਹਾਇਤਾ ਕਰੇਗਾ ਅਤੇ ਸਮਾਜ ਦੇ ਇਕ ਵੱਡੇ ਵਰਗ ਨੂੰ ਵਿੱਤੀ ਬੜ੍ਹਾਵਾ ਦੇਵੇਗਾ। ਸ: ਛੀਨਾ ਨੇ ਬਜਟ ਦੇ ਰੱਖਿਆ, ਬੁਨਿਆਦੀ ਢਾਂਚੇ, ਉਦਯੋਗ ਅਤੇ ਖੇਤੀਬਾੜੀ 'ਤੇ ਧਿਆਨ ਕੇਂਦਰਿਤ ਕਰਨ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਮੈਡੀਕਲ ਸਿੱਖਿਆ ਜੋ ਕਿ ਸਮੇਂ ਦੀ ਲੋੜ ਹੈ, ਨੂੰ ਅਗਲੇ ਕੁਝ ਸਾਲਾਂ 'ਚ ਦੇਸ਼ ਦੇ ਮੈਡੀਕਲ ਕਾਲਜਾਂ 'ਚ 75000 ਤੋਂ ਵੱਧ



ਸੀਟਾਂ ਜੋੜਨ ਦੇ ਵੱਡੇ ਟੀਚੇ ਵੀ ਅਲਾਟ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਕੇਂਦਰੀ ਬਜਟ 'ਚ ਕਿਸਾਨਾਂ 'ਤੇ ਵੀ ਧਿਆਨ ਕੇਂਦਰਿਤ ਕੀਤਾ ਗਿਆ ਹੈ ਅਤੇ ਕਿਸਾਨਾਂ ਲਈ ਕ੍ਰੈਡਿਟ ਕਾਰਡ ਮਿਆਦ ਨੂੰ ਵਧਾ ਕੇ 5 ਲੱਖ ਰੁਪਏ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਫਸਲਾਂ ਦੇ ਬੀਮੇ ਤੋਂ ਇਲਾਵਾ ਫਸਲਾਂ ਦੀ ਵਿਭਿੰਨਤਾ ਅਤੇ ਡਿਜੀਟਲ ਮੈਪਿੰਗ ਵੀ ਇੱਕ ਸਲਾਹੁਣਯੋਗ ਕਦਮ ਹੈ। ਸ: ਛੀਨਾ ਨੇ ਕਿਹਾ ਕਿ ਹੁਨਰ ਵਿਕਾਸ 'ਤੇ ਕੇਂਦ੍ਰਿਤ ਨਵੇਂ ਵਿੱਦਿਅਕ ਪ੍ਰੋਜੈਕਟ ਸ਼ਲਾਘਾਯੋਗ ਹਨ ਅਤੇ ਉਨ੍ਹਾਂ ਨੇ ਸ੍ਰੀ ਮੋਦੀ ਨੂੰ ਇਕ ਦੂਰਦਰਸ਼ੀ ਨੇਤਾ ਦੱਸਦਿਆਂ ਕਿਹਾ ਕਿ ਭਾਰਤ ਨੂੰ ਵਿਕਾਸ ਦੇ ਨਵੇਂ ਰਾਹ 'ਤੇ ਲੈ ਜਾਣਗੇ ਅਤੇ ਬਜਟ ਵੰਡ ਪ੍ਰਧਾਨ ਮੰਤਰੀ ਦੇ ਵਿਕਾਸ ਭਾਰਤ ਦੇ ਸੁਪਨੇ ਦਾ ਸਪੱਸ਼ਟ ਸੂਚਕ ਹਨ। ਉਨ੍ਹਾਂ ਕਿਹਾ ਕਿ ਸਮਾਜ ਦੇ ਗਰੀਬ ਵਰਗ ਅਤੇ ਆਮ ਤੌਰ 'ਤੇ ਔਰਤਾਂ ਲਈ ਕਈ ਯੋਜਨਾਵਾਂ ਹਨ। ਸ: ਛੀਨਾ ਨੇ ਕਿਹਾ ਕਿ ਆਈ। ਟੀ। ਸੇਵਾ ਖੇਤਰ, ਡਿਜੀਟਲ ਸੇਵਾਵਾਂ ਅਤੇ ਆਮ ਤੌਰ 'ਤੇ ਉਦਯੋਗਾਂ 'ਤੇ ਜ਼ੋਰ ਦੇਣ ਨਾਲ ਅਰਥਵਿਵਸਥਾ ਨੂੰ ਹੁਲਾਰਾ ਮਿਲੇਗਾ। **-ਜਸਪਾਲ ਕੁਮਾਰ ਆਜਾਦ**






# ਪੰਜਾਬ ਪੁਲਿਸ ਵੱਲੋਂ ਸਾਰੇ ਸਰਹੱਦੀ ਜ਼ਿਲ੍ਹਿਆਂ ਵਿੱਚ 703 ਰਣਨੀਤਕ ਥਾਵਾਂ 'ਤੇ ਲਗਾਏ ਜਾਣਗੇ 2300 ਸੀਸੀਟੀਵੀ ਕੈਮਰੇ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)-** ਰੱਖਿਆ ਦੀ ਦੂਜੀ ਕਤਾਰ ਨੂੰ ਹੋਰ ਮਜ਼ਬੂਤ ਕਰਨ ਅਤੇ ਨਿਗਰਾਨੀ ਵਿੱਚ ਹੋਰ ਵਾਧਾ ਕਰਨ ਦੇ ਉਦੇਸ਼ ਨਾਲ, ਪੰਜਾਬ ਪੁਲਿਸ ਪਠਾਨਕੋਟ ਤੋਂ ਫਾਜ਼ਿਲਕਾ ਤੱਕ ਫੈਲੇ ਸਰਹੱਦੀ ਖੇਤਰਾਂ ਵਿੱਚ 703 ਰਣਨੀਤਕ ਸਥਾਨਾਂ 'ਤੇ 2300 ਕਲੋਜ਼ ਸਰਕਟ ਟੈਲੀਵਿਜ਼ਨ (ਸੀਸੀਟੀਵੀ) ਕੈਮਰੇ ਲਗਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ। ਇਹ ਜਾਣਕਾਰੀ ਇੱਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਉਨ੍ਹਾਂ ਕਿਹਾ ਕਿ ਅਸੀਂ ਪਠਾਨਕੋਟ ਤੋਂ ਫਾਜ਼ਿਲਕਾ ਤੱਕ 703 ਰਣਨੀਤਕ ਸਥਾਨਾਂ 'ਤੇ 45 ਕਰੋੜ ਰੁਪਏ ਦੀ ਲਾਗਤ ਨਾਲ 2300 ਸੀਸੀਟੀਵੀ ਕੈਮਰੇ ਲਗਾ ਕੇ ਰੱਖਿਆ ਦੀ ਦੂਜੀ ਕਤਾਰ ਨੂੰ ਹੋਰ ਮਜ਼ਬੂਤ ਕਰ ਰਹੇ ਹਾਂ।







ਡੀਜੀਪੀ ਅੱਜ ਪਠਾਨਕੋਟ ਜ਼ਿਲ੍ਹੇ ਦੇ ਪੁਲਿਸ ਸਟੇਸ਼ਨ ਡਿਵੀਜ਼ਨ-1 ਦੀ ਦੂਜੀ ਮੰਜ਼ਿਲ 'ਤੇ ਸਥਿਤ ਨਵੇਂ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਦੇ ਉਦਘਾਟਨ ਸਮੇਤ ਜ਼ਿਲ੍ਹੇ ਵਿੱਚ ਪੁਲਿਸ ਬੁਨਿਆਦੀ ਢਾਂਚੇ ਨਾਲ ਸਬੰਧਤ ਕਈ ਪ੍ਰਾਜੈਕਟਾਂ ਦਾ ਉਦਘਾਟਨ ਕਰਨ ਲਈ ਆਏ ਸਨ।

ਉਨ੍ਹਾਂ ਕਿਹਾ ਕਿ ਇਹ ਅਤਿ-ਆਧੁਨਿਕ ਸਹੂਲਤ ਗੁੰਝਲਦਾਰ ਸਾਈਬਰ ਅਪਰਾਧਾਂ ਨਾਲ ਨਜਿੱਠਣ ਅਤੇ ਆਨਲਾਈਨ ਧੋਖਾਧੜੀ ਦੇ ਪੀੜਤਾਂ ਨੂੰ ਤਰੁੰਤ ਅਤੇ ਪ੍ਰਭਾਵਸ਼ਾਲੀ ਹੱਲ ਪ੍ਰਦਾਨ ਕਰਨ ਲਈ ਉੱਨਤ ਤਕਨਾਲੋਜੀ ਨਾਲ ਲੈਸ ਹੈ। ਉਨ੍ਹਾਂ ਅੱਗੇ ਕਿਹਾ ਕਿ ਨਾਗਰਿਕ ਸਿੱਧੇ ਪੁਲਿਸ ਸਟੇਸ਼ਨ ਜਾਂ ਟੋਲ-ਫ੍ਰੀ ਹੈਲਪਲਾਈਨ ਨੰਬਰ 1930 'ਤੇ ਸਾਈਬਰ ਅਪਰਾਧਾਂ ਦੀ ਰਿਪੋਰਟ ਕਰ ਸਕਦੇ ਹਨ।

ਡੀਜੀਪੀ ਗੌਰਵ ਯਾਦਵ ਨੇ ਨਵੀਨੀਕਰਨ ਕੀਤੇ ਪੁਲਿਸ ਕਮਾਂਡ ਅਤੇ ਕੰਟਰੋਲ ਸੈਂਟਰ ਦਾ ਵੀ ਉਦਘਾਟਨ ਕੀਤਾ ਜਿਸਦਾ ਉਦੇਸ਼ ਪੂਰੇ ਪਠਾਨਕੋਟ ਵਿੱਚ ਆਉਣ-ਜਾਣ ਵਾਲੇ ਸਾਰੇ ਸਥਾਨਾਂ 'ਤੇ ਸੀਸੀਟੀਵੀ ਕੈਮਰਿਆਂ ਰਾਹੀਂ ਨਜ਼ਰ ਰੱਖ ਕੇ ਸਰਹੱਦੀ ਜ਼ਿਲ੍ਹੇ ਵਿੱਚ ਸੁਰੱਖਿਆ ਨੂੰ ਵਧਾਉਣਾ ਹੈ।

ਉਨ੍ਹਾਂ ਕਿਹਾ ਕਿ 344 ਐਚਡੀ ਕੈਮਰੇ ਲਗਾਏ ਗਏ ਹਨ, ਜਿਨ੍ਹਾਂ ਵਿੱਚ ਆਟੋ ਨੰਬਰ ਪਲੇਟ ਰੀਡਰ (ਏਐਨਪੀਆਰ) ਕੈਮਰੇ ਸ਼ਾਮਲ ਹਨ ਅਤੇ ਰੱਖਿਆ ਦੀ ਦੂਜੀ ਕਤਾਰ, ਪੇਂਡੂ ਖੇਤਰਾਂ ਅਤੇ ਪੂਰੇ ਪਠਾਨਕੋਟ ਸ਼ਹਿਰ ਸਮੇਤ ਪ੍ਰਮੁੱਖ ਖੇਤਰਾਂ ਦੀ ਲਾਈਵ ਕਵਰੇਜ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ 357 ਹੋਰ ਕੈਮਰੇ ਲਗਾਏ ਜਾ ਰਹੇ ਹਨ।

ਡੀਜੀਪੀ ਗੌਰਵ ਯਾਦਵ ਨੇ ਪੁਲਿਸ ਸਟੇਸ਼ਨ ਨਰੋਟ ਜੈਮਲ ਸਿੰਘ ਵਿਖੇ ਪੰਜਾਬ ਪੁਲਿਸ, ਭਾਰਤੀ ਫੌਜ ਅਤੇ ਸੀਮਾ ਸੁਰੱਖਿਆ ਬਲ (ਬੀਐਸਐਫ) ਦੇ ਅਧਿਕਾਰੀਆਂ/ਕਰਮਚਾਰੀਆਂ ਦੀ ਸਾਂਝੀ ਮੀਟਿੰਗ ਦੀ ਪ੍ਰਧਾਨਗੀ ਵੀ ਕੀਤੀ।

ਡਰੋਨ ਅਤੇ ਅੱਤਵਾਦੀ ਗਤੀਵਿਧੀਆਂ ਨਾਲ ਨਜਿੱਠਣ ਲਈ ਉੱਚ ਪੱਧਰੀ ਤਾਲਮੇਲ ਅਤੇ ਯਤਨਾਂ ਵਾਸਤੇ ਪਠਾਨਕੋਟ ਪੁਲਿਸ ਦੀ ਸ਼ਲਾਘਾ ਕਰਦਿਆਂ, ਡੀਜੀਪੀ ਨੇ ਕਿਹਾ ਕਿ ਪੰਜਾਬ ਪੁਲਿਸ, ਫੌਜ, ਬੀਐਸਐਫ ਅਤੇ ਕੇਂਦਰੀ ਏਜੰਸੀਆਂ ਨੂੰ ਪਾਕਿ-ਆਈਐਸਆਈ ਦੇ ਆਦੇਸ਼ਾਂ 'ਤੇ ਕੰਮ ਕਰਨ ਵਾਲੇ ਅੱਤਵਾਦੀਆਂ, ਗੈਂਗਸਟਰਾਂ ਅਤੇ ਨਸ਼ਾ ਤਸਕਰਾਂ ਦੇ ਗੱਠਜੋੜ ਨੂੰ ਤੋੜਨ ਲਈ ਇੱਕ ਟੀਮ ਵਜੋਂ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਾਣਕਾਰੀ ਸਾਂਝੀ ਕਰਨਾ ਬੇਹੱਦ ਜ਼ਰੂਰੀ ਹੈ, ਅਤੇ ਇਨ੍ਹਾਂ ਖਤਰਿਆਂ ਨਾਲ ਨਜਿੱਠਣ ਲਈ ਏਜੰਸੀਆਂ ਦਰਮਿਆਨ ਤਾਲਮੇਲ ਸਮੇਂ ਦੀ ਲੋੜ ਹੈ।

ਉਨ੍ਹਾਂ ਨੇ ਪੰਜਾਬ ਪੁਲਿਸ ਅਤੇ ਬੀਐਸਐਫ ਦੇ ਬਿਹਤਰ ਪ੍ਰਦਰਸ਼ਨ ਕਰਨ ਵਾਲੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਆਪਣੀਆਂ ਡਿਊਟੀਆਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਲਈ ਉਤਸ਼ਾਹਿਤ ਵਾਸਤੇ ਡੀਜੀਪੀ ਪ੍ਰਸ਼ੰਸਾ ਡਿਸਕ ਅਤੇ ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨਿਤ ਵੀ ਕੀਤਾ।

ਡੀਜੀਪੀ ਨੇ ਪਠਾਨਕੋਟ ਪੁਲਿਸ ਵੱਲੋਂ ਆਯੋਜਿਤ 'ਵੱਡਾ ਖਾਣਾ' ਦੁਪਹਿਰ ਦੇ ਖਾਣੇ ਵਿੱਚ ਖਾਣਾ ਖਾਧਾ। ਇਸ ਦੌਰਾਨ ਸਾਰੇ ਰੈਂਕ ਦੇ ਅਧਿਕਾਰੀਆਂ ਨੂੰ ਪੁਲਿਸ ਬਲ ਦੇ ਮੁਖੀ ਨਾਲ ਗੱਲਬਾਤ ਕਰਨ ਅਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਦਾ ਮੌਕਾ ਮਿਲਿਆ ਜਿਸ ਨਾਲ ਖੇਤਰ ਵਿੱਚ ਪ੍ਰਭਾਵਸ਼ਾਲੀ ਟੀਮ ਵਰਕ ਲਈ ਜ਼ਰੂਰੀ ਸਬੰਧ ਮਜ਼ਬੂਤ ਹੋਏ।

ਬਾਅਦ ਵਿੱਚ, ਡੀਜੀਪੀ ਨੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਭਾਰਤ-ਪਾਕਿ ਦੀ ਅੰਤਰਰਾਸ਼ਟਰੀ ਸਰਹੱਦ 'ਤੇ ਸਥਿਤ ਬੀਐਸਐਫ ਦੀ ਸ਼ਹੀਦ ਕਮਲਜੀਤ ਸਿੰਘ ਬਾਰਡਰ ਆਊਟਪੋਸਟ (ਬੀਓਪੀ) ਦਾ ਵੀ ਦੌਰਾ ਕੀਤਾ ਅਤੇ ਉੱਥੇ ਤਾਇਨਾਤ ਸੁਰੱਖਿਆ ਬਲਾਂ ਨਾਲ ਗੱਲਬਾਤ ਕੀਤੀ।

ਪਠਾਨਕੋਟ ਵਿਖੇ ਪੁਲਿਸ ਸਟੇਸ਼ਨ ਸਾਈਬਰ ਕ੍ਰਾਈਮ ਦੇ ਉਦਘਾਟਨ ਮੌਕੇ, ਕਈ ਵਿਸ਼ੇਸ਼ ਮਹਿਮਾਨ ਅਤੇ ਸੀਨੀਅਰ ਅਧਿਕਾਰੀ ਮੌਜੂਦ ਸਨ ਜਿਹਨਾਂ ਵਿੱਚ ਡੀਆਈਜੀ ਬਾਰਡਰ ਰੇਂਜ ਸਤਿੰਦਰ ਸਿੰਘ ਆਈਪੀਐਸ; ਡੀਆਈਜੀ ਬੀਐਸਐਫ ਗੁਰਦਾਸਪੁਰ ਸੈਕਟਰ ਯੁਵਰਾਜ ਦੁਬੇ; ਖੁਰਮੀ ਜ਼ਿਲ੍ਹਾ ਅਤੇ ਸੈਸ਼ਨ ਜੱਜ ਪਠਾਨਕੋਟ ਜਤਿੰਦਰ ਪਾਲ ਸਿੰਘ; ਡਿਪਟੀ ਕਮਿਸ਼ਨਰ ਪਠਾਨਕੋਟ ਆਦਿਤਿਆ ਉੱਪਲ ਆਈਏਐਸ; ਐਸਐਸਪੀ ਅੰਮ੍ਰਿਤਸਰ ਦਿਹਾਤੀ ਚਰਨਜੀਤ ਸਿੰਘ ਸੋਹਲ ਆਈਪੀਐਸ; ਐਸਐਸਪੀ ਗੁਰਦਾਸਪੁਰ ਹਰੀਸ਼ ਦਿਆਮਾ ਆਈਪੀਐਸ; ਐਸਐਸਪੀ ਬਟਾਲਾ ਸੁਹੇਲ ਮੀਰ ਆਈਪੀਐਸ; ਐਸਐਸਪੀ ਪਠਾਨਕੋਟ ਦਲਜਿੰਦਰ ਸਿੰਘ ਢਿੱਲੋਂ ਪੀਪੀਐਸ ਅਤੇ ਕਰਨਲ ਮਾਲਿਆ ਬਾਈਆ, ਐਸਐਮ, ਕਮੂਨ ਰੈਜੀਮੈਂਟ (ਆਰਮੀ); ਕਮਾਂਡੈਂਟ ਸੁਨੀਲ ਮਿਸ਼ਰਾ 121 ਬਟਾਲੀਅਨ ਬੀਐਸਐਫ ਅਤੇ ਕਮਾਂਡੈਂਟ ਸ੍ਰੀ ਕਮਲ ਯਾਦਵ 58 ਬਟਾਲੀਅਨ ਬੀਐਸਐਫ ਸ਼ਾਮਲ ਸਨ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਰਾਸ਼ਟਰਪਤੀ ਟਰੰਪ ਨੇ 'ਲੇਕਨ ਰੀਲੇਅ ਐਕਟ'; ਉਪਰ ਕੀਤੇ ਦਸਤਖਤ, ਗੈਰ ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਾਰਵਾਈ ਲਈ ਇਮਗ੍ਰੇਸ਼ਨ ਅਫਸਰਾਂ ਨੂੰ ਮਿਲੇ ਅਧਿਕਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬਹੁਤ ਹੀ ਚਰਚਿਤ 'ਲੇਕਨ ਰੀਲੇਅ ਐਕਟ' ਉਪਰ ਦਸਤਖਤ ਕਰ ਦਿੱਤੇ ਹਨ। 20 ਜਨਵਰੀ ਨੂੰ ਆਪਣਾ ਕਾਰਜਕਾਲ ਸੰਭਾਲਣ ਉਪਰੰਤ ਇਹ ਪਹਿਲਾ ਕਾਨੂੰਨ ਹੈ ਜਿਸ ਉਪਰ ਟਰੰਪ ਨੇ ਸਹੀ ਪਾਈ ਹੈ। ਹੁਣ ਇਸ ਕਾਨੂੰਨ ਤਹਿਤ ਇਮੀਗ੍ਰੇਸ਼ਨ ਅਫਸਰ ਗੈਰ ਕਾਨੂੰਨੀ ਪ੍ਰਵਾਸੀ ਨੂੰ ਉਸ ਵੇਲੇ ਆਪਣੀ ਹਿਰਾਸਤ ਵਿਚ ਲੈ ਸਕਣਗੇ ਜਦੋਂ ਉਹ ਕਿਸੇ ਅਪਰਾਧ ਤਹਿਤ ਪੁਲਿਸ ਅਫਸਰਾਂ ਵੱਲੋਂ ਗ੍ਰਿਫਤਾਰ ਕੀਤਾ ਜਾਵੇਗਾ। ਉਸ ਵਿਰੁੱਧ ਮੁਕੱਦਮੇ ਦੀ ਬਜਾਏ ਉਸ ਨੂੰ ਸਿੱਧਾ ਦੇਸ਼ ਨਿਕਾਲਾ ਦਿੱਤਾ ਜਾਵੇਗਾ। ਇਸ ਤੋਂ ਪਹਿਲਾਂ ਵਾਈਟ ਹਾਊਸ ਵਿਚ ਸੰਬੋਧਨ ਕਰਦਿਆਂ ਟਰੰਪ ਨੇ ਕਿਹਾ ਕਿ ਇਹ ਇਕ ਇਤਿਹਾਸਕ ਕਾਨੂੰਨ ਹੈ ਜਿਸ ਉਪਰ ਅੱਜ ਸਹੀ ਪਾਉਣ ਜਾ ਰਹੇ ਹਾਂ। ਇਸ ਨਾਲ ਅਣਗਿਣਤ ਨਿਰਦੋਸ਼ ਅਮਰੀਕੀ ਨਾਗਰਿਕਾਂ ਦੇ ਜੀਵਨ ਬਚ ਜਾਣਗੇ। ਇਸ ਕਾਨੂੰਨ ਦਾ ਨਾਂ 22 ਸਾਲਾ ਨਰਸਿੰਗ ਵਿਦਿਆਰਥਣ ਲੇਕਨ ਰਿਲੇਅ ਦੇ ਨਾਂ 'ਤੇ ਰਖਿਆ ਗਿਆ ਹੈ ਜਿਸ ਦੀ 22 ਫਰਵਰੀ 2024 ਨੂੰ ਇਕ



ਵੈਂਜ਼ੁਏਲੀਅਨ ਨਾਗਰਿਕ ਦੁਆਰਾ ਐਥਨਜ, ਜਾਰਜੀਆ ਵਿਚ ਹੱਤਿਆ ਕਰ ਦਿੱਤੀ ਗਈ ਸੀ। ਇਹ ਵੈਂਜ਼ੁਏਲਨ ਨਾਗਰਿਕ ਗੈਰ ਕਾਨੂੰਨੀ ਸੀ ਤੇ ਇਸ ਤੋਂ ਪਹਿਲਾਂ ਉਹ ਦੁਕਾਨ ਤੋਂ ਚੋਰੀ ਕਰਨ ਦੇ ਮਾਮਲੇ ਵਿਚ ਫੜਿਆ ਗਿਆ ਸੀ। ਲੇਕਨ ਰੀਲੇਅ 2024 ਦੀਆਂ ਚੋਣਾਂ ਵਿਚ ਚੋਣ ਪ੍ਰਚਾਰ ਦੌਰਾਨ ਟਰੰਪ ਦੇ ਭਾਸ਼ਣਾਂ ਦਾ ਕੇਂਦਰ ਬਿੰਦੂ ਰਹੀ ਸੀ। ਚੋਣ ਪ੍ਰਚਾਰ ਦੌਰਾਨ ਟਰੰਪ ਨੇ ਕਿਹਾ ਸੀ ਕਿ 'ਅਮਰੀਕਾ ਲੇਕਨ ਰੀਲੇਅ ਨੂੰ ਕਦੀ ਵੀ ਨਹੀਂ ਭੁੱਲੇਗਾ। ਇਸ ਕਿਸਮ ਦੇ ਭਿਆਨਕ ਅਤਿਆਚਾਰ ਅਮਰੀਕਾ ਦੀ ਧਰਤੀ ਉਪਰ ਨਹੀਂ ਹੋਣ ਦੇਵਾਂਗੇ। ਵਾਈਟ ਹਾਊਸ ਵਿਚ ਲੇਕਨ ਰੀਲੇਅ ਕਾਨੂੰਨ ਉਪਰ ਦਸਤਖਤ ਕਰਨ ਵੇਲੇ ਲੇਕਨ ਰੀਲੇਅ ਦੀ ਮਾਂ ਐਲੀਸਨ ਫਿਲਿਪਸ ਵੀ ਮੌਜੂਦ ਸੀ ਜੋ ਸਾਹਮਣੀ ਕਤਾਰ ਵਿਚ ਉਪ ਰਾਸ਼ਟਰਪਤੀ ਜੇ ਡੀ ਵੈਂਸ ਤੋਂ ਅਗਲੀ ਸੀਟ ਉਪਰ ਬੈਠੀ ਸੀ।

ਕਾਨੂੰਨ ਉਪਰ ਸਹੀ ਪਾਉਣ ਲਈ ਫਿਲਿਪਸ ਨੇ ਟਰੰਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਜ਼ੁਬਾਨ ਦਾ ਪੱਕਾ ਹੈ ਜੋ ਉਸ ਨੇ ਕਿਹਾ ਸੀ ਉਹ ਕਰ ਵਿਖਾਇਆ ਹੈ। ਇਸ ਕਾਨੂੰਨ ਤਹਿਤ ਯੂ ਐਸ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਦੇ ਅਧਿਕਾਰੀ ਉਨਾਂ ਲੋਕਾਂ ਨੂੰ ਆਪਣੀ ਹਿਰਾਸਤ ਵਿਚ ਲੈ ਸਕਣਗੇ ਜੋ ਬਿਨਾਂ ਦਸਤਾਵੇਜ ਗੈਰ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਟਿਕੇ ਹੋਏ ਹਨ। ਜੋ ਵੀ ਗੈਰ ਕਾਨੂੰਨੀ ਪ੍ਰਵਾਸੀ ਕਿਸੇ ਅਪਰਾਧ ਤਹਿਤ ਫੜਿਆ ਗਿਆ ਹੈ ਜਾਂ ਫੜਿਆ ਜਾਵੇਗਾ ਉਸ ਵਿਰੁੱਧ ਅਦਾਲਤ ਵਿਚ ਮੁਕੱਦਮਾ ਚਲਾਉਣ ਦੀ ਲੋੜ ਨਹੀਂ ਹੋਵੇਗੀ। ਉਸ ਨੂੰ ਵਾਪਿਸ ਉਸ ਦੇ ਮੂਲ ਦੇਸ਼ ਭੇਜ ਦਿੱਤਾ ਜਾਵੇਗਾ।

## ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਵੈਂਜ਼ੂਏਲੀਅਨ ਗਿਰੋਹ ਦਾ ਅਹਿਮ ਮੈਂਬਰ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸੰਘੀ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਨਿਊ ਯਾਰਕ ਵਿਚ ਕੀਤੀ ਇਕ ਕਾਰਵਾਈ ਦੌਰਾਨ ਵੈਂਜ਼ੂਏਲੀਅਨ ਗਿਰੋਹ 'ਟਰੇਨ ਡੇ ਅਰਾਗੁਆ' ਦੇ ਇਕ ਅਹਿਮ ਮੈਂਬਰ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਪੁਲਿਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸ਼ੱਕੀ ਐਂਡਰਸਨ ਜ਼ੈਮਬਰਾਨੋ- ਪਾਚੇਕੋ (26) ਨੂੰ ਡਰੱਗ ਇਨਫੋਰਸਮੈਂਟ ਐਡਮਨਿਸਟ੍ਰੇਸ਼ਨ ਐਂਡ ਯੂ ਐਸ ਹੋਮਲੈਂਡ ਸਕਿਉਰਿਟੀ ਦੇ ਜਾਂਚ ਅਫਸਰਾਂ ਵੱਲੋਂ ਬਰੋਂਕਸ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਅਨੁਸਾਰ ਪਾਚੇਕੋ ਚੋਰੀ ਤੇ ਡਰਾਉਣ ਧਮਕਾਉਣ ਦੇ ਇਕ ਮਾਮਲੇ ਵਿਚ ਲੋੜੀਂਦਾ ਹੈ। ਸ਼ੱਕੀ ਜੈਮਬਰਾਨੋ ਪਾਚੇਕੋ ਪਿਛਲੇ ਦਿਨਾਂ ਦੌਰਾਨ ਟਰੰਪ ਪ੍ਰਸ਼ਾਸਨ ਦੁਆਰਾ ਹਿਰਾਸਤ ਵਿਚ ਲਏ ਗਏ ਬਿਨਾਂ ਦਸਤਾਵੇਜ 4 ਹਜਾਰ ਤੋਂ ਵਧ ਗੈਰ ਕਾਨੂੰਨੀ ਪ੍ਰਵਾਸੀਆਂ ਵਿਚੋਂ ਇਕ ਹੈ।

## ਪੁਲਿਸ ਅਫਸਰ ਦੀ ਧੱਕੇਸ਼ਾਹੀ ਦਾ ਸ਼ਿਕਾਰ ਹੋਈ ਔਰਤ ਨੂੰ ਸਿਟੀ ਕੌਂਸਲ ਦੇਵੇਗੀ 6 ਲੱਖ ਡਾਲਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਮਿਨੇਅਪੋਲਿਸ ਸਿਟੀ ਕੌਂਸਲ ਇਕ ਪਟੀਸ਼ਨ ਦੇ ਨਿਪਟਾਰੇ ਲਈ ਇਕ ਔਰਤ ਨੂੰ 6 ਲੱਖ ਡਾਲਰ ਦੇਣ ਲਈ ਸਹਿਮਤ ਹੋਈ ਹੈ ਜਿਸ ਔਰਤ ਨੇ ਦਾਇਰ ਪਟੀਸ਼ਨ ਵਿਚ ਦੋਸ਼ ਲਾਇਆ ਸੀ ਕਿ ਸਾਬਕਾ ਪੁਲਿਸ ਅਧਿਕਾਰੀ ਡੈਰਕ ਚੌਵਿਨ ਨੇ ਉਸ ਨੂੰ ਮਿੰਨੀ ਵੈਨ ਵਿਚੋਂ ਧੂਹ ਕੇ ਬਾਹਰ ਕੱਢਿਆ ਤੇ ਆਪਣੇ ਗੋਡੇ ਨਾਲ ਜਮੀਨ ਉਪਰ ਲਿਟਾ ਕੇ ਉਸ ਉਪਰ ਤਸ਼ੱਦਦ ਕੀਤਾ। ਇਹ ਘਟਨਾ ਜਨਵਰੀ 2020 ਦੀ ਹੈ। ਇਹ ਉਹ ਹੀ ਪੁਲਿਸ ਅਧਿਕਾਰੀ ਹੈ ਜਿਸ ਨੇ ਇਸ ਘਟਨਾ ਤੋਂ 4 ਮਹੀਨੇ ਬਾਅਦ ਕਾਲੇ ਵਿਅਕਤੀ ਜਾਰਜ ਫਲਾਇਡ ਦੀ ਧੌਣ 'ਤੇ ਗੋਡੇ ਨਾਲ ਏਨਾ ਦਬਾਅ ਪਾਇਆ ਸੀ ਕਿ ਸਾਹ ਬੰਦ ਹੋਣ ਕਾਰਨ ਉਸ ਦੀ ਮੌਤ ਹੋ ਗਈ ਸੀ। ਲੋਕ ਨਿਰਮਾਣ ਵਿਭਾਗ ਵਿਚ ਨੌਕਰੀ ਕਰਦੀ ਪੈਟੀ ਡੇ ਨਾਮੀ ਔਰਤ ਨੇ ਪਿਛਲੇ ਸਾਲ ਮਈ ਵਿਚ ਦਾਇਰ ਪਟੀਸ਼ਨ ਵਿਚ ਦਾਅਵਾ ਕੀਤਾ ਸੀ ਕਿ ਉਹ ਪੁਲਿਸ ਦੇ ਧੱਕੇ ਦਾ ਸ਼ਿਕਾਰ ਹੋਈ ਹੈ ਤੇ ਉਸ ਨੂੰ ਗਲਤ ਗ੍ਰਿਫਤਾਰ ਕੀਤਾ



ਗਿਆ ਸੀ। ਉਸ ਨੇ ਮੰਨਿਆ ਕਿ 17 ਜਨਵਰੀ 2020 ਨੂੰ ਉਸ ਨੇ ਸ਼ਰਾਬ ਪੀਤੀ ਸੀ ਕਿਉਂਕਿ ਤਲਾਕ ਦੀ ਕਾਰਵਾਈ ਤੇ ਹੋਰ ਮੁਸ਼ਕਿਲਾਂ ਕਾਰਨ ਉਹ ਪ੍ਰੇਸ਼ਾਨ ਸੀ ਤੇ ਉਹ ਕਈ ਘੰਟਿਆਂ ਤੋਂ ਬਰਫਬਾਰੀ ਵਿਚ ਫਸੀ ਹੋਈ ਸੀ। ਪਟੀਸ਼ਨਰ ਅਨੁਸਾਰ ਚੌਵਿਨ ਤੇ ਉਸ ਦਾ ਇਕ ਸਾਥੀ ਪੁਲਿਸ ਅਫਸਰ ਐਲਨ ਜੈਨਸਨ ਅਚਾਨਕ ਮੌਕੇ ਉਪਰ ਪੁੱਜੇ। ਉਨਾਂ ਨੇ ਮੈਨੂੰ ਗੱਡੀ ਵਿਚੋਂ ਕੱਢ ਕੇ ਹੇਠਾਂ ਸੁੱਟ ਦਿੱਤਾ ਜਿਸ ਕਾਰਨ ਉਹ ਜਖਮੀ ਹੋ ਗਈ। ਵਿਸ਼ੇਸ਼ ਤੌਰ 'ਤੇ ਚੌਵਿਨ ਨੇ ਉਸ ਨਾਲ ਧੱਕਾ ਕੀਤਾ ਤੇ ਉਸ ਦੇ ਹੱਥ ਪਿੱਠ ਪਿੱਛੇ ਬੰਨ ਦਿੱਤੇ। ਇਕ ਜੱਜ ਵੱਲੋਂ ਪੈਟੀ ਵਿਰੁੱਧ ਸ਼ਰਾਬ ਪੀਤੀ ਹੋਣ ਦੇ ਲਾਏ ਦੋਸ਼ ਰੱਦ ਕਰ ਦਿੱਤੇ ਗਏ ਸਨ। ਇਥੇ ਜਿਕਰਯੋਗ ਹੈ ਕਿ ਸਿਟੀ ਕੌਂਸਲ ਚੌਵਿਨ ਦੀ ਸ਼ਮੂਲੀਅਤ ਵਾਲੇ ਪੁਲਿਸ ਧੱਕੇਸ਼ਾਹੀ ਦੇ ਮਾਮਲਿਆਂ ਵਿਚ 3.6 ਕਰੋੜ ਡਾਲਰ ਮੁਆਵਜੇ ਵਜੋਂ ਦੇ ਚੁੱਕੀ ਹੈ। ਇਨਾਂ ਵਿਚ ਜਾਰਜ ਫਲਾਇਡ ਦੇ ਪਰਿਵਾਰ ਨੂੰ ਕੀਤੀ 2.7 ਕਰੋੜ ਡਾਲਰ ਦੀ ਅਦਾਇਗੀ ਵੀ ਸ਼ਾਮਿਲ ਹੈ।

## ਹਿਊਸਟਨ ਹਵਾਈ ਅੱਡੇ 'ਤੇ ਉਡਾਣ ਭਰਨ ਸਮੇ ਜਹਾਜ਼ ਦੇ ਇੰਜਣ ਵਿਚ ਆਈ ਅਚਾਨਕ ਖਰਾਬੀ, ਯਾਤਰੀ ਸੁਰੱਖਿਅਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–**ਹਿਊਸਟਨ (ਟੈਕਸਾਸ) ਤੋਂ ਨਿਊਯਾਰਕ ਨੂੰ ਉਡਾਣ ਭਰਨ ਸਮੇ ਜਹਾਜ਼ ਦੇ ਇੰਜਣ ਵਿਚ ਨੁਕਸ ਪੈ ਜਾਣ ਦੀ ਖਬਰ ਹੈ। ਪਾਇਲਟ ਨੇ ਹੁਸ਼ਿਆਰੀ ਵਰਤਦਿਆਂ ਉਡਾਣ ਨੂੰ ਤੁਰੰਤ ਰੋਕ ਲਿਆ ਤੇ ਕੋਈ ਵੱਡਾ ਹਾਦਸਾ ਹੋਣ ਤੋਂ ਬਚਾ ਹੋ ਗਿਆ। ਸੰਘੀ ਹਵਾਬਾਜ਼ੀ ਪ੍ਰਸ਼ਾਸਨ ਅਨੁਸਾਰ ਜਹਾਜ਼ ਵਿਚ ਸਵਾਰ ਸਾਰੇ 104 ਯਾਤਰੀ ਤੇ ਅਮਲੇ ਦੇ 5 ਮੈਂਬਰ ਸੁਰੱਖਿਅਤ ਹਨ। ਜਹਾਜ਼ ਨੂੰ ਤੁਰੰਤ ਪਟੜੀ ਉਪਰ ਹੀ ਪੌੜੀਆਂ ਲਾ ਕੇ ਖਾਲੀ ਕਰਵਾ ਲਿਆ ਗਿਆ। ਯੁਨਾਈਟਿਡ ਏਅਰਲਾਈਨਜ ਦੇ ਜਹਾਜ਼ ਨੇ ਜਾਰਜ ਬੁਸ਼ ਕੌਮਾਂਤਰੀ ਹਵਾਈ ਅੱਡੇ ਤੋਂ ਸਥਾਨਕ ਸਮੇ ਅਨੁਸਾਰ ਸਵੇਰੇ 8.35 ਵਜੇ ਉਡਾਣ ਭਰੀ ਸੀ। ਯੁਨਾਈਟਿਡ ਏਅਰਲਾਈਨਜ ਦੇ ਇਕ ਬੁਲਾਰੇ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਉਡਾਣ ਭਰਨ ਸਮੇ ਜਹਾਜ਼ ਦੇ ਇਕ ਇੰਜਣ ਵਿਚ ਨੁਕਸ ਹੋਣ ਦਾ ਸੰਕੇਤ ਮਿਲਿਆ। ਉਸ ਸਮੇ ਜਹਾਜ਼ ਪੱਟੜੀ ਉਪਰ ਹੀ ਦੌੜ ਰਿਹਾ ਸੀ ਤੇ ਉਡਾਣ ਭਰਨ ਦੀ ਤਿਆਰੀ ਵਿਚ ਸੀ। ਇਕ ਯਾਤਰੀ ਵੱਲੋਂ ਸ਼ੋਸਲ ਮੀਡੀਆ ਉਪਰ ਪਾਈ ਇਕ ਵੀਡੀ ਵਿਚ ਜਹਾਜ਼ ਦੇ ਇਕ ਪਰ ਵਿਚੋਂ ਧੂੰਆਂ ਤੇ ਅੱਗ ਦੇ ਚੰਗਿਆੜੇ ਨਿਕਲਦੇ ਹੋਏ ਵਿਖਾਈ ਦੇ ਰਹੇ ਹਨ। ਹਿਊਸਟਨ ਫਾਇਰ ਵਿਭਾਗ ਨੇ ਕਿਹਾ ਹੈ ਕਿ ਉਹ ਸ਼ੋਸਲ ਮੀਡੀਆ ਉਪਰ ਪਾਈ ਵੀਡੀ ਬਾਰੇ ਜਾਣਦੇ ਹਨ ਪਰੰਤੂ ਜਦੋਂ ਅੱਗ ਬੁਝਾਊ ਅਮਲਾ ਮੌਕੇ ਉਪਰ ਪੁੱਜਾ ਸੀ ਤਾਂ ਉਸ ਸਮੇ ਅੱਗ ਨਹੀਂ ਲੱਗੀ ਹੋਈ ਸੀ। ਯੁਨਾਈਟਿਡ ਏਅਰਲਾਈਨਜ ਅਨੁਸਾਰ ਘਟਨਾ ਦੀ ਸੰਘੀ ਹਵਾਬਾਜੀ ਪ੍ਰਸ਼ਾਸਨ ਜਾਂਚ ਕਰੇਗਾ।




KB USED AUTO SALES



8655 B Monterey Street Gilroy, CA 95020

Kashmiri Bhatia, Dealer/Broker 408-848-2365

50% OFF WARRANTY with Qualifying Car Purchase

IN HOUSE FINANCING AVALIABLE www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kamaljit Kaur Bhatia & Kashmiri Bhatia

K&K AUTO REPAIR and Car Wash

63 Muckelemi St San Juan Bautista 95045

Kashmiri Bhatia (Owner) 831-623-4702

20% OFF LABOUR on your next qualifying service

Car Care You Can Trust

# ਚੰਗੀ ਟੀਮ ਵਰਕ ਨਾਲ ਵੱਡੇ ਤੋਂ ਵੱਡਾ ਕਾਰਜ ਸਿੱਧ ਕੀਤਾ ਜਾ ਸਕਦਾ ਹੈ- ਪ੍ਰੋਡਿਊਸਰ ਏ ਆਰ ਮਿਊਜਿਕ ਹਰਪ੍ਰੀਤ ਸੁੰਮਨ ਯੂ ਐਸ ਏ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)**–ਫਰਵਰੀ ਮਹੀਨੇ ਸਾਲ 2025 ਵਿੱਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੀਆਂ ਤਿਆਰੀਆਂ ਸੰਸਾਰ ਭਰ ਦੀਆਂ ਸੰਗਤਾਂ ਵਲੋਂ ਬਹੁਤ ਜੋਸ਼ ਨਾਲ ਚੱਲ ਰਹੀਆਂ ਹਨ। ਸਾਡੇ ਰਹਿਬਰਾਂ ਨੇ ਸੰਗੀਤ ਨੂੰ ਜੀਵਨ ਵਿੱਚ ਬਹੁਤ ਮਹੱਤਤਾ ਦਿੱਤੀ ਹੈ। ਇਸੇ ਫਲਸਫੇ ਤੇ ਚਲਦੇ ਹੋਏ ਅਮਰੀਕਾ ਤੋ "ਏ. ਆਰ. ਮਿਊਜ਼ਿਕ" ਕੰਪਨੀ ਵਲੋਂ ਧਾਰਮਿਕ ਐਲਬਮ ਰਿਲੀਜ਼ ਕੀਤੀ ਗਈ । ਇਸ ਕੰਪਨੀ ਦੇ ਮਾਲਕ ਹਰਪ੍ਰੀਤ ਸੁੰਮਨ ਜੀ ਨੇ ਦੱਸਿਆ ਕਿ ਪੂਰੀ ਐਲਬਮ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਹੈ। ਇਸ ਐਮਬਮ 'ਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਅਤੇ ਸੰਗਤਾਂ ਨੂੰ ਏਕੇ ਵਿੱਚ ਰਹਿਣ ਦਾ ਸੁਨੇਹਾ ਦਿੱਤਾ ਗਿਆ ਹੈ। ਇਸ ਐਲਬਮ ਦੇ ਵੱਡੇ ਗੀਤ "ਕੌਮ ਦੀ ਅਣਖ"ਜਿਸਨੂੰ ਪੰਜਾਬ ਦੇ ਪ੍ਰਸਿੱਧ ਗਾਇਕ ਲਹਿੰਬਰ ਹੁਸੈਨਪੁਰੀ ਨੇ ਆਵਾਜ਼ ਦਿੱਤੀ ਅਤੇ ਲੇਖਕ ਸਮਾਜ ਦੀ ਕੌਮੀ ਕਲਮ ਮਾਹਣੀ ਫਗਵਾੜੇ ਵਾਲਾ ਜੀ ਹਨ। ਜਿਨ੍ਹਾਂ ਨੇ ਹੋਰ ਵੀ ਬਹੁਤ ਵਧੀਆ ਸੇਧ ਦੇਣ ਵਾਲੇ ਸ਼ਬਦ ਲਿਖੇ ਹਨ। ਸੰਗੀਤ ਵੀਰ ਅਮਰਿੰਦਰ ਕਾਹਲੋਂ ਨੇ ਤਿਆਰ ਕੀਤਾ ਹੈ। ਗੁਰਮੀਤ ਦੁੱਗਲ ਨੇ ਗੀਤਾਂ ਦੇ ਵੀਡੀਉ ਬਹੁਤ ਸੋਹਣੇ ਅਤੇ ਵੱਖਰੇ ਢੰਗ ਨਾਲ ਤਿਆਰ ਕੀਤੇ ਹਨ। ਇਸ ਐਲਬਮ ਨੂੰ ਪੂਰਾ ਹੋਣ ਵਿੱਚ ਖਾਸ ਯੋਗਦਾਨ ਸ਼ਮਿੰਦਰ ਬੰਗਾ, ਸੰਜੀਵ ਕੁਮਾਰ, ਗਗਨ ਮੱਲ, ਜੱਸ ਰਵਿਦਾਸੀਆ, ਹਰਵਿੰਦਰ ਬਕਨੌਰ, ਸਰਬਜੀਤ ਸਹੋਤਾ, ਸਾਂਝ ਸ਼ੰਮੀ ਤੇ ਰਾਕੇਸ਼ ਮਜ਼ਾਰੀ ਦਾ ਹੈ। ਬੀਤੇ ਦਿਨੀਂ ਨਿਊਯਾਰਕ ਦੇ ਸ਼੍ਰੀ ਗੁਰੂ ਰਵਿਦਾਸ ਗੁਰੂਘਰ ਦੀ ਪੂਰੀ ਪ੍ਰਬੰਧਕ ਕਮੇਟੀ ਅਤੇ ਬੇਗਮਪੁਰਾ ਕਲਚਰ ਸੋਸਾਇਟੀ ਦੇ ਮੈਂਬਰਾਂ ਅਤੇ ਸੰਗਤਾਂ ਨੇ ਮਿਲਕੇ ਗੀਤ ਦਾ ਪੋਸਟਰ ਰਿਲੀਜ਼ ਕੀਤਾ ਗਿਆ । ਇਸ ਮੌਕੇ ਖਾਸ ਤੌਰ ਤੇ ਮੌਜੂਦ ਪ੍ਰਧਾਨ ਪਰਮਜੀਤ ਕਮਾਮ, ਚੈਅਰਮੈਨ ਜਸਵਿੰਦਰ ਸਿੰਘ, ਬਲਬੀਰ ਸਿੰਘ, ਵਿਕਰਮ, ਕੌਲ ਬਰਦ੍ਸ, ਬਲਵਿੰਦਰ ਭੌਰਾ, ਅਤੇ ਸਾਬਕਾ ਪ੍ਰਧਾਨ ਅਸ਼ੋਕ ਮਾਹੀ ਨੇ ਸਰੋਤਿਆਂ ਨੂੰ ਬੇਨਤੀ ਕੀਤੀ ਕਿ ਸਾਰੇ ਵੱਧ ਤੋਂ ਵੱਧ ਲਾਇਕ ਅਤੇ ਕੁਮੈਂਟ ਕਰਕੇ ਗੀਤ ਨੂੰ ਜਰੂਰ ਸਪੋਰਟ ਕਰਨ। ਏ. ਆਰ. ਮਿਊਜ਼ਿਕ ਦੇ ਇਸ ਉਪਰਾਲੇ ਨੇ ਸਾਬਤ ਕੀਤਾ ਕਿ ਕੋਈ ਟੀਮ ਆਪਸ ਵਿੱਚ ਮਿਲਕੇ ਵੱਡੇ ਪੱਧਰ ਤੇ ਕਿਵੇਂ ਕੰਮ ਕਰਕੇ ਆਪਣੀ ਮੰਜ਼ਿਲ ਤੇ ਪਹੁੰਚ ਸਕਦੀ ਹੈ। ਸਾਰੇ ਸਰੋਤਿਆਂ ਨੂੰ ਅਪੀਲ ਕਰਦੇ ਹਾਂ ਕਿ ਆਉ ਮਿਲਕੇ ਇਸ ਟੀਮ ਦੀ ਮਿਹਨਤ ਨੂੰ ਵੱਧ ਤੋ ਵੱਧ ਲਾਇਕ ਅਤੇ ਕੁਮੈਂਟ ਕਰਕੇ ਸਹਿਯੋਗ ਕਰੀਏ। ਸਭ ਸੰਗਤਾਂ ਨੂੰ ਸਤਿਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਪੁਰਬ ਦੀਆਂ ਬਹੁਤ ਬਹੁਤ ਮੁਬਾਰਕਾਂ ਹੋਣ ਜੀ।



## ਬਾਣੀ ਗੁਰੂ ਰਵਿਦਾਸ ਜੀ ਦੀ

ਤਰਜ਼ ਢੱਡ ਸਰੰਗੀ

ਇਹ ਬਾਣੀ ਗੁਰੂ ਰਵਿਦਾਸ ਦੀ

ਹੈ ਧੁਰ ਅਰਸ਼ਾਂ ਤੋਂ ਆਈ

ਇਹ ਬਾਣੀ ਹੈ

ਬਾਣੀਆਂ ਸਿਰ ਬਾਣੀ

ਇਕ ਸ਼ਬਦ ਚਾਲ਼ੀ ਸਲੋਕ

ਸ੍ਰੀ ਗੁਰੂ ਅਰਜਨ ਦੇਵ ਨੇ

ਵਿਚ ਗ੍ਰੰਥ ਲਖਾਈ

ਹਰਿ ਸੋ ਹੀਰਾ ਛੋਡ ਕੇ ਕਰੇ ਆਨ ਕੀ ਆਸ

ਤੇਹਿ ਨੱਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ

ਪੜਦਾ ਹਰ ਕੋਈ ਪ੍ਰਾਣੀ

ਪਰ ਸਮਝ ਵਿਚ ਨਹੀਂ ਆਈ

ਐਸਾ ਚਾਹੂੰ ਰਾਜ ਮੈਂ

ਜਹਾਂ ਮਿਲ਼ੇ ਸਭੀ ਕੋ ਅੱਨ

ਛੋਟੇ ਬੜੇ ਸਮ ਵਸੇ ਰਵਿਦਾਸ ਰਹੇ ਪ੍ਰਸੰਨ

ਵਿੱਚ ਲਿਖਿਆ ਗੁਰੂ ਗ੍ਰੰਥ ਦੇ

ਹਰ ਰੋਜ਼ ਪੜਦਾ ਭਾਈ

ਹੈ ਧੂਰ ਅਰਸ਼ਾਂ ਤੋਂ ਆਈ

ਇਹ ਬਾਣੀ ਗੁਰੂ ਰਵਿਦਾਸ ਦੀ

ਨੱਰ ਦਿਆਲ ਸਰਪੰਚ ਗੜਾ ਫਿਲੌਰ

ਇਹ ਬਾਣੀ ਰੋਜ਼ ਹੈ ਪੜਦਾ

ਤੂੰ ਹੀ ਤੂੰ। ਤੂੰ ਹੀ ਤੂੰ

ਦੀ ਮੱਨ ਵਿਚ ਹੈ ਧੁੰਨ ਵਜਾਈ


ਬੋਲ਼ੇ ਸੋ ਨਿਰਭੈ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਜੈ।

**- ਦਿਆਲ ਨਰ,**

**ਯੂਬਾ ਸਿਟੀ**

## J'S Travel plaza ਵਾਲੇ ਰਣਜੀਤ ਸਿੰਘ ਨਾਗਰਾ ਨੂੰ ਪਿਤਾ ਦੇ ਦੇਹਾਂਤ ਕਾਰਨ ਸਦਮਾ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**



**ਫਰਿਜਨੋ (ਕੈਲੀਫੋਰਨੀਆ)**– ਕਿੰਗਜ਼ਬਰਗ ਨਿਵਾਸੀ RJ'S Travel plaza ਵਾਲੇ ਬਾਈ ਰਣਜੀਤ ਸਿੰਘ ਨਾਗਰਾ ਅਤੇ ਪਰਿਵਾਰ ਨੂੰ ਉਹਨਾਂ ਦੇ ਸਤਿਕਾਰਯੋਗ ਪਿਤਾ ਜੀ ਸ। ਹਰਬੰਸ ਸਿੰਘ ਨਾਗਰਾ (ਨੰਬਰਦਾਰ) ਦੇ ਅਕਾਲ ਚਲਾਣੇ ਕਾਰਨ ਅਸਹਿ ਸਦਮਾ ਪਹੁੰਚਿਆ , ਬਾਪੂ ਜੀ 94 ਸਾਲ ਦੀ ਬਹੁਤ ਸੋਹਣੀ ਉਮਰ ਭੋਗਕੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ । ਬਾਪੂ ਜੀ ਦੀ ਦੇਹ ਦਾ ਸਸਕਾਰ ਮਿਤੀ 7 ਫਰਵਰੀ 2025 ਦਿਨ ਸ਼ੁੱਕਰਵਾਰ ਨੂੰ ਸਵੇਰ 11 ਤੋਂ ਦੁਪਹਿਰ 1 ਵਜੇ ਦਰਮਿਆਨ ਸ਼ਾਂਤ ਭਵਨ ਫਿਊਨਰਲ ਹੋਮ ਫਾਊਲਰ ਵਿਖੇ ਹੋਵੇਗਾ। ਉਪਰੰਤ ਭੋਗ ਗੁਰਦਵਾਰਾ ਸਿੱਖ ਸੈਂਟਰ ਔਫ ਦੀ ਪੈਸੇਫਿਕ ਕੋਸਟ, ਸਿਲਮਾਂ ਵਿੱਖੇ ਪਵੇਗਾ। ਦੁੱਖ ਸਾਂਝਾ ਕਰਨ ਲਈ ਬਾਈ ਰਣਜੀਤ ਸਿੰਘ ਨਾਗਰਾ ਦਾ ਫੋਨ ਨੰਬਰ (559) 302-7061, ਅਸੀਂ ਮਾਛੀਕੇ / ਧਾਲੀਆਂ ਮੀਡੀਆ ਗਰੁੱਪ ਨਾਗਰਾ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹਮਦਰਦੀ ਪ੍ਰਗਟ ਕਰਦੇ ਹਾਂ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES

WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

# ਖ਼ਾਲਸਾ ਕਾਲਜ ਵਿਖੇ 'ਸੁਚੱਜੀ ਜੀਵਨ ਜਾਚ' ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ



**ਅੰਮ੍ਰਿਤਸਰ–** ਖ਼ਾਲਸਾ ਕਾਲਜ ਵਿਖੇ ਜੈਂਡਰ ਚੈਪੀਅਨਜ਼ ਕਲੱਬ ਅਤੇ ਰੈੱਡ ਰਿਬਨ ਕਲੱਬ ਦੇ ਸਹਿਯੋਗ ਨਾਲ ਸਹਾਇਕ ਨਿਰਦੇਸ਼ਕ ਯੁਵਕ ਸੇਵਾਵਾਂ ਵਿਭਾਗ, ਅੰਮ੍ਰਿਤਸਰ ਵੱਲੋਂ 'ਸੁਚੱਜੀ ਜੀਵਨ ਜਾਚ' ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਕਰਵਾਇਆ ਗਿਆ। ਸਮਾਗਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਨੈਤਿਕ ਮੁੱਲ੍ਹਾਂ ਪ੍ਰਤੀ ਸੁਚੇਤ ਕਰਵਾ ਕੇ ਸਮਾਜਿਕ ਭਲਾਈ ਅਤੇ ਵਿਕਾਸ ਦੇ ਕੰਮਾਂ ਨਾਲ ਜੋੜਨਾ ਸੀ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ। ਅਰਵਿੰਦਰ ਕੌਰ ਕਾਹਲੋਂ ਦੀ ਯੋਗ ਅਗਵਾਈ ਹੇਠ ਕਰਵਾਏ ਇਸ ਸਮਾਗਮ 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਐਸੋਸੀਏਟ ਪ੍ਰੋਫੈਸਰ ਅਤੇ ਮੁਖੀ ਡਾ. ਸਤਨਾਮ ਸਿੰਘ ਦਿਓਲ ਨੇ ਸ਼ਿਰਕਤ ਕੀਤੀ। ਇਸ ਮੌਕੇ ਡਾ. ਦਿ ਲ ਨੇ ਵਿਦਿਆਰਥੀਆਂ ਨੂੰ ਨੂੰ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਇਮਾਨਦਾਰੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ। ਯੁਵਕ ਭਲਾਈ ਸੇਵਾਵਾਂ ਦੇ ਡਾਇਰੈਕਟਰ ਸ੍ਰੀ ਪ੍ਰੀਤ ਕੋਹਲੀ ਨੇ ਵੀ ਵਿਦਿਆਰਥੀਆਂ ਨੂੰ ਸਮਾਜ 'ਚ ਵਿਚਰਦਿਆਂ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਕਰਵਾਉਂਦਿਆਂ, ਉਨ੍ਹਾਂ ਨੂੰ ਸੁਚੱਜੀ ਜੀਵਨ ਜਾਚ ਦੇ ਮਹੱਤਵਪੂਰਨ ਪਹਿਲੂਆਂ ਤੋਂ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਸਮਾਜ ਦੀ ਭਲਾਈ ਅਤੇ ਮਨੁੱਤਾ ਦੇ ਬਿਹਤਰ ਵਿਕਾਸ ਲਈ ਸਾਨੂੰ ਇਮਾਨਦਾਰੀ, ਨਿਮਰਤਾ ਅਤੇ ਸਤਿਕਾਰ ਵਾਲਾ ਰਵੱਈਆ ਅਪਨਾਉਣਾ ਚਾਹੀਦਾ ਹੈ। ਹਰੇਕ ਦਾ ਮਾਨ-ਸਨਮਾਨ ਕਰਨ ਤੇ ਪਿਆਰ ਦੀ ਭਾਵਨਾ ਵਰਗੇ ਗੁਣਾਂ ਨੂੰ ਵਿਕਸਿਤ ਕਰਨ ਦੇ ਯੋਗ ਉਪਰਾਲੇ ਕਰਨ ਦੀ ਮੁੱਢਲੀ ਜ਼ਰੂਰਤ ਹੈ।

ਇਸ ਮੌਕੇ ਪ੍ਰਿੰ: ਡਾ. ਕਾਹਲੋਂ ਨੇ ਵਿਦਿਆਰਥੀਆਂ ਦੀ ਭਲਾਈ ਅਤੇ ਸਮਾਜ ਦੇ ਵਿਕਾਸ ਨਾਲ ਜੁੜੇ ਇਸ ਸਮਾਗਮ ਦੀ ਸਰਾਹਨਾ ਕਰਦਿਆਂ ਕਿਹਾ ਕਿ ਆਉਣ ਵਾਲੇ ਸਮੇਂ 'ਚ ਵੀ ਕਾਲਜ ਦੁਆਰਾ ਅਜਿਹੇ ਸਮਾਗਮ ਉਲੀਕੇ ਜਾਣਗੇ। ਸਮਾਗਮ ਮੌਕੇ ਡਾ। ਸਵਰਾਜ ਕੌਰ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਹਿੰਦਿਆਂ ਲੈਕਚਰ ਦੇ ਉਦੇਸ਼ ਅਤੇ ਮਹੱਤਤਾ ਦੇ ਪ੍ਰਮੁੱਖ ਪਹਿਲੂਆਂ ਤੋਂ ਜਾਣੂ ਕਰਵਾਇਆ। ਜਦਕਿ ਡਾ. ਪਰਮਿੰਦਰ ਸਿੰਘ ਨੇ ਆਈਆਂ ਵਿਸ਼ੇਸ਼ ਸ਼ਖ਼ਸੀਅਤਾਂ ਬਾਰੇ ਦੱਸਦਿਆਂ ਉਨ੍ਹਾਂ ਦੇ ਸਮਾਜ ਨੂੰ ਸਚਾਰੂ ਢੰਗ ਨਾਲ ਚਲਾਉਣ ਦੇ ਉਪਰਾਲਿਆਂ ਪ੍ਰਤੀ ਜਾਣੂ ਕਰਵਾਉਂਦਿਆਂ ਧੰਨਵਾਦ ਕੀਤਾ। ਇਸ ਮੌਕੇ ਕਾਲਜ ਦੇ ਰਜਿਸਟਰਾਰ ਡਾ। ਦਵਿੰਦਰ ਸਿੰਘ ਨੇ ਕਲੱਬ ਦੁਆਰਾ ਅਜਿਹੇ ਸਾਰਥਿਕ ਸਮਾਗਮ ਦੇ ਰਚਾਏ ਜਾਣ ਅਤੇ ਇਸ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ 'ਤੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ।

ਇਸ ਸਮਾਗਮ 'ਚ ਡਾ. ਸੁਰਜੀਤ ਕੌਰ, ਡਾ. ਦੀਪਕ ਦੇਵਗਨ, ਡਾ. ਆਤਮ ਸਿੰਘ ਰੰਧਾਵਾ, ਡਾ. ਪੂਨਮ ਸ਼ਰਮਾ, ਡਾ. ਹੀਰਾ ਸਿੰਘ, ਡਾ. ਕੁਲਦੀਪ ਸਿੰਘ, ਪ੍ਰੋ. ਰਣਧੀਰ ਸਿੰਘ, ਡਾ. ਰਕੇਸ਼ ਆਦਿ ਵੀ ਹਾਜ਼ਰ ਸਨ। **–ਜਸਪਾਲ ਕੁਮਾਰ ਆਜਾਦ**

## ਚੱਲ ਮਨਾਂ

ਅੱਖਾਂ ਤੇਰੀਆਂ ਚੋਂ ਡਿੱਗਦੇ ਅੱਥਰੂ
ਇਨ੍ਹਾਂ ਨੂੰ ਬੇਬੇ ਤੋਂ ਲੁਕਾ ਲੈ
ਇਨ੍ਹਾਂ ਅੱਖਾਂ ਚ ਕੁੱਝ ਫਸਾ ਲੈ
ਆਹ ਐਨਕ ਹੀ ਫੜ੍ਹ ਲਾ ਲੈ
ਛੇਤੀ ਜਲਦੀ ਨਾਲ ਭਜਾ ਲੈ
ਗੱਡੀ ਲੁਧਿਆਣੇ ਵੱਲ ਨੂੰ ਪਾ ਲੈ

ਕੀਤੇ ਅਗਲੇ-ਪਿਛਲੇ ਜੋ ਮਾੜ੍ਹੇ
ਤਾਹੀਂ ਛੱਡ ਭੱਜ ਚੱਲੇ ਤੈਨੂੰ ਸਾਰੇ
ਚਾਰ ਅੱਖਰ ਕਾਪੀ ਤੇ ਵਾਹ ਲੈ
ਇਨ੍ਹਾਂ ਕਰਮਾ ਨੂੰ ਭੁਗਤਾ ਲੈ
ਚੱਲ ਮਨਾਂ ਜਲਦੀ ਨਾਲ ਭਜਾ ਲੈ
ਗੱਡੀ ਮੰਜਿਲ ਵੱਲ ਨੂੰ ਪਾ ਲੈ

ਲੈ ਇੱਥੇ ਕਿੱਦਾਂ ਮੈਂ ਆ ਗਈ
ਮੈਂ ਤਾਂ ਤੈਨੂੰ ਵੀ ਵੱਢ ਖਾ ਗਈ
ਉਧਰੋਂ ਘਰੇ ਬੈਠਾ ਹੋਣਾ ਚੀਕਦਾ
ਐਜ ਕਦੋਂ ਦਾ ਹੋਣਾ ਉਡੀਕਦਾ
ਜੇ ਤੂੰ ਭੁੱਖਾ ਪੁੱਤ ਕੁਝ ਖਾ ਲੈ
ਲਾਈਂ ਸਹਾਰਾ ਮੈਨੂੰ ਉਠਾ ਲੈ
ਐਨਕ ਮੇਰੇ ਵੀ ਅੱਜ ਲਾ ਲੈ
ਗੱਡੀ ਘਰ ਵੱਲ ਨੂੰ ਪਾ ਲੈ
ਛੇਤੀ ਘਰ ਵੱਲ ਨੂੰ ਪਾ ਲੈ

**ਚੇਤਨ ਬਿਰਧਨੋ,**

**9617119111**

# ਖਾਲਸਾ ਕਾਲਜ ਦੇ ਵਿਦਿਆਰਥੀ ਅੰਤਰ ਕਾਲਜ ਮੁਕਾਬਲੇ 'ਚ ਅਵੱਲ




**ਅੰਮ੍ਰਿਤਸਰ–** ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਹਿੰਦੂ ਕਾਲਜ ਕਪੂਰਥਲਾ ਵੱਲੋਂ ਕਰਵਾਏ ਗਏ ਵਰਡਜਸਮਿਥ ਏਰੇਨਾ ਅੰਤਰ ਕਾਲਜ ਚੈਂ-ਪੀਅਨਸ਼ਿਪ ਮੁਕਾਬਲੇ 'ਚ ਅਵੱਲ ਸਥਾਨ ਪ੍ਰਾਪਤ ਕਰਕੇ ਸੰਸਥਾ ਦਾ ਨਾਮ ਰੌਸ਼ਨ ਕੀਤਾ ਹੈ।

ਇਸ ਮੌਕੇ 'ਤੇ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਅਰਵਿੰਦਰ ਕੌਰ ਕਾਹਲੋਂ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਅੰਤਰ ਕਾਲਜ ਮੁਕਾਬਲੇ ਬੱਚਿਆਂ 'ਚ ਜਿੰਦਗੀ ਦੀਆਂ ਚੁਣੌਤੀਆਂ ਨੂੰ ਸਵੀਕਾਰ ਕਰਨ ਦਾ ਜਜਬਾ ਪੈਦਾ ਕਰਦੇ ਹਨ ਤੇ ਵਿਦਿਆਰਥੀਆਂ ਨੂੰ ਆਤਮ ਵਿਸਵਾਸ ਨਾਲ ਲੈਸ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਅੰਗਰੇਜ਼ੀ ਵਿਭਾਗ ਵੱਲੋਂ ਵਿਦਿਆਰਥੀਆਂ ਨੂੰ ਉਕਤ ਮੁਕਾਬਲਿਆਂ ਲਈ ਤਿਆਰੀ ਕਰਵਾਈ ਗਈ ਸੀ, ਜਿਸ ਲਈ ਡਾ. ਕਾਹਲੋਂ ਨੇ ਵਿਭਾਗ ਦੇ ਅਧਿਆਪਕਾਂ ਦੁਆਰਾ ਕਰਵਾਏ ਗਏ ਸਖ਼ਤ ਅਭਿਆਸ ਦੀ ਵੀ ਸ਼ਲਾਘਾ ਕੀਤੀ।

ਇਸ ਮੌਕੇ ਵਿਭਾਗ ਮੁੱਖੀ ਪ੍ਰੋ: ਸੁਪਨਿੰਦਰਜੀਤ ਕੌਰ ਨੇ ਕਿਹਾ ਕਿ ਵਿਦਿਆਰਥੀਆਂ ਵੱਲੋਂ 6 ਮੁਕਾਬਲਿਆਂ 'ਚ ਹਿੱਸਾ ਲਿਆ ਗਿਆ ਜਿਨ੍ਹਾਂ 'ਚੋਂ ਕਾਲਜ ਦੀ ਕੁਇਜ ਟੀਮ 'ਚ ਐੱਮ. ਏ. ਅੰਗਰੇਜੀ ਦੀਆਂ ਵਿਦਿਆਰਥਣਾਂ ਰੁਪਿੰਦਰ ਕੌਰ ਅਤੇ ਅਮੀਤ ਕੌਰ ਨੇ ਪਹਿਲਾ, ਬੀ. ਏ. ਦੇ ਸ਼ਿਵਮ, ਨਾਜੁਕ ਸਲਾਰਜੀਤ ਅਤੇ ਸੁਮਿਤ ਸ਼ਰਮਾ ਨੇ ਫਿਊਜਨ ਡਾਂਸ ਮੁਕਾਬਲੇ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਜਦਕਿ ਮਨੋਵਿਗਿਆਨ ਦੀ ਵਿਦਿਆਰਥਣਾਂ ਸਨੇਹਪ੍ਰੀਤ ਕੌਰ ਨੇ ਸਪੈਲ ਬੀ ਮੁਕਾਬਲੇ 'ਚ ਦੂਜੇ ਸਥਾਨ 'ਤੇ ਰਹੀ। ਇਸ ਮੌਕੇ ਡਾ. ਸਾਂਵਤ ਸਿੰਘ ਮੰਟੋ, ਪ੍ਰੋ: ਮਲਕਿੰਦਰ ਸਿੰਘ, ਪ੍ਰੋ: ਦਲਜੀਤ ਸਿੰਘ, ਡਾ. ਮਮਤਾ ਮਹਿੰਦਰੂ, ਪ੍ਰੋ: ਵਿਜੇ ਬਰਨਾਡ , ਡਾ. ਜਸਵਿੰਦਰ ਕੌਰ ਔਲਖ, ਪ੍ਰੋ: ਪੂਜਾ ਕਾਲੀਆ, ਪ੍ਰੋ: ਗੁਰਪ੍ਰੀਤ ਸਿੰਘ, ਪ੍ਰੋ: ਲੱਖਾ ਸਿੰਘ, ਪ੍ਰੋ: ਹਰਸ਼ ਸਲਾਰੀਆ, ਪ੍ਰੋ: ਸੌਰਵ ਮੇਘ, ਪ੍ਰੋ: ਐਮ. ਪੀ. ਮਸੀਹ, ਪ੍ਰੋ: ਹਰਮਨਪ੍ਰੀਤ ਸਿੰਘ, ਪ੍ਰੋ: ਮੇਘਨਾ ਰਾਜਪੂਤ, ਡਾ. ਅਕੀਦਤਪ੍ਰੀਤ ਕੌਰ, ਡਾ. ਅਕਾਂਕਸ਼ਾ ਨੋਟੀਆਲ, ਪ੍ਰੋ: ਵਿਮਲਜੀਤ ਕੌਰ, ਪ੍ਰੋ: ਅਭਿਸ਼ੇਕ ਠਾਕੁਰ, ਪ੍ਰੋ: ਮਹਿਕਦੀਪ ਕੌਰ, ਪ੍ਰੋ: ਰਨਵੀਰ ਸਿੰਘ ਆਦਿ ਸਟਾਫ਼ ਹਾਜ਼ਰ ਸਨ।

**–ਜਸਪਾਲ ਕੁਮਾਰ ਆਜਾਦ**

# ਨੋਟੀਫਾਈਡ ਏਰੀਆ 'ਚ ਮਨਜ਼ੂਰੀ ਤੋਂ ਬਿਨਾਂ ਟਿਊਬਵੈੱਲ ਤੇ ਸਬਮਰਸੀਬਲ ਪੰਪ ਲਗਾਉਣ 'ਤੇ ਪਾਬੰਦੀ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਮੈਜਿਸਟ੍ਰੇਟ, ਸ਼ਹੀਦ ਭਗਤ ਸਿੰਘ ਨਗਰ ਰਾਜੇਸ਼ ਧੀਮਾਨ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਨੋਟੀਫਾਈਡ ਏਰੀਆ (ਬਲਾਕ ਔੜ ਅਤੇ ਬੰਗਾ) ਵਿਚ ਐਨ. .ਸੀ. ਤੋਂ ਬਿਨਾਂ ਟਿਊਬਵੈੱਲ/ ਸਬਮਰਸੀਬਲ ਪੰਪ ਲਗਾਉਣ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਜਾਰੀ ਹੁਕਮਾਂ ਵਿਚ ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਹੈ ਕਿ ਜੇਕਰ ਕਿਸੇ ਨੇ ਸੈਂਟਰਲ ਗਰਾਊਂਡ ਵਾਟਰ ਅਥਾਰਟੀ ਦੀਆਂ ਹਦਾਇਤਾਂ ਅਨੁਸਾਰ ਪ੍ਰਵਾਨਿਤ ਕੰਮਾਂ ਵਿਚੋਂ ਟਿਊਬਵੈੱਲ/ਸਬਮਰਸੀਬਲ ਲਗਾਉਣਾ ਹੈ, ਤਾਂ ਉਹ ਐਨ. ਓ. ਸੀ ਲਈ ਉਨਾਂ ਦੇ ਦਫ਼ਤਰ ਵਿਚ ਅਪਲਾਈ ਕਰਕੇ ਮਨਜ਼ੂਰੀ ਪ੍ਰਾਪਤ ਕਰੇਗਾ। ਅਣ-ਅਧਿਕਾਰਤ ਟਿਊਬਵੈੱਲ/ ਸਬਮਰਸੀਬਲ ਦੀ ਜਾਂਚ ਕਰਨ ਲਈ ਪਿੰਡਾਂ ਵਿਚ ਸਬੰਧਤ ਬਲਾਕ ਵਿਕਾਸ ਤੇ ਪੰਚ-ਾਇਤ ਅਫ਼ਸਰ ਅਤੇ ਸ਼ਹਿਰਾਂ ਵਿਚ ਸਬੰਧਤ ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ ਦੀ ਜ਼ਿੰਮੇਵਾਰੀ ਨਿਰਧਾਰਤ ਕੀਤੀ ਗਈ ਹੈ। ਇਹ ਹੁਕਮ ਲਾਗੂ ਕਰਵਾਉਣ ਲਈ ਸੀਨੀਅਰ ਪੁਲਿਸ ਕਪਤਾਨ ਸ਼ਹੀਦ ਭਗਤ ਸਿੰਘ ਨਗਰ, ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਔੜ/ਬੰਗਾ ਅਤੇ ਕਾਰਜ ਸਾਧਕ ਅਫ਼ਸਰ ਨਗਰ ਕੌਂਸਲ ਬੰਗਾ ਜ਼ਿੰਮੇਵਾਰ ਹੋਣਗੇ। ਇਹ ਹੁਕਮ 31 ਮਾਰਚ, 2025 ਤੱਕ ਲਾਗੂ ਰਹੇਗਾ।

# ਨਿੱਕੀਆਂ ਕਰੂੰਬਲਾਂ ਦਾ ਬਾਲ ਸਾਹਿਤ ਵਿੱਚ ਉੱਤਮ ਸਥਾਨ ਹੈ-ਜੈ ਕ੍ਰਿਸ਼ਨ ਸਿੰਘ ਰੌੜੀ



**ਮਾਹਿਲਪੁਰ ( ਮਾਨ)** ਇੰਡੀਆ ਬੁਕ ਫਿਰ ਰਿਕਾਰਡਸ ਵਿੱਚ ਸ਼ਾਮਿਲ ਪੰਜਾਬੀ ਦੇ ਇੱਕੋ ਇੱਕ ਬਾਲ ਰਸਾਲੇ ਨਿੱਕੀਆਂ ਕਰੂੰਬਲਾਂ ਦਾ ਬਾਲ ਸਾਹਿਤ ਜਗਤ ਵਿੱਚ ਉੱਤਮ ਸਥਾਨ ਹੈ। ਇਹ ਵਿਚਾਰ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਨਿੱਕੀਆਂ ਕਰੂੰਬਲਾਂ ਦੇ ਨਵ ਵਰਸ਼ ਵਿਸ਼ੇਸ਼ ਅੰਕ ਨੂੰ ਜਾਰੀ ਕਰਦਿਆਂ ਆਖੇ। ਉਹਨਾਂ ਅੱਗੇ ਕਿਹਾ ਕਿ ਨਿੱਕੀਆਂ ਕਰੂੰਬਲਾਂ ਦਾ ਪ੍ਰਕਾਸ਼ਨ ਪਿਛਲੇ 30 ਸਾਲ ਤੋਂ ਬਲਜਿੰਦਰ ਮਾਨ ਦੀ ਮਨੋਵਿਗਿਆਨਕ ਸੰਪਾਦਨਾ ਹੇਠ ਨਿਰੰਤਰ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਹੁਸ਼ਿਆਰਪੁਰ ਖਾਸ ਕਰ ਗੜ੍ਹਸ਼ੰਕਰ ਤਹਿਸੀਲ ਲਈ ਇਹ ਮਾਣ ਵਾਲੀ ਗੱਲ ਹੈ ਕਿ ਮਾਹਿਲਪੁਰ ਤੋਂ ਵਿਸ਼ਵ ਪੱਧਰੀ ਬਾਲ ਰਸਾਲਾ ਪਿਛਲੇ ਤਿੰਨ ਦਹਾਕਿਆਂ ਤੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ।ਜਿੱਥੇ ਉੱਥੇ ਲੇਖਕ ਇਸ ਵਿੱਚ ਛਪਣਾ ਮਾਣ ਮਹਿਸੂਸ ਕਰਦੇ ਹਨ ਉੱਥੇ ਬਾਲ ਅਤੇ ਨਵੇਂ ਲੇਖਕਾਂ ਨੂੰ ਵੀ ਉਤਸ਼ਾਹਿਤ ਕਰਨ ਲਈ ਪਹਿਲ ਦਿੱਤੀ ਜਾਂਦੀ ਹੈ। ਵਿਸ਼ਵ ਦੇ ਹਰ ਕੋਨੇ ਵਿੱਚ ਵਸਦਾ ਪੰਜਾਬੀ ਇਸ ਰਸਾਲੇ ਦੀ ਤੀਬਰ ਇੱਛਾ ਨਾਲ ਇੰਤਜ਼ਾਰ ਕਰਦਾ ਹੈ। ਇਸ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਬਲਾਕ ਸੰਮਤੀ ਮੈਂਬਰ ਰਸ਼ਪਾਲ ਸਿੰਘ ਲਾਲੀ, ਜਸਵੀਰ ਸਿੰਘ ਬੀ ਐਨ , ਸਰਪੰਚ ਪ੍ਰਵੀਨ ਬਾਲਾ, ਲੇਖਕ ਜਗਜੀਤ ਸਿੰਘ ਗਣੇਸ਼ਪੁਰ, ਚੈਂਚਲ ਸਿੰਘ ਬੈਂਸ, ਕ੍ਰਿਸ਼ਨਜੀਤ ਰਾ ਕੈਂਡੋਵਾਲ, ਹਰਭਜਨ ਸਿੰਘ ਕਾਹਲੋਂ ,ਅਰਵਿੰਦਰ ਸਿੰਘ ਹਵੇਲੀ, ਮੈਡਮ ਪਰਮਿਲਾ, ਸੰਜੀਵ ਭਾਰਟਾ ਅਤੇ ਬੱਗਾ ਸਿੰਘ ਆਰਟਿਸਟ ਨੇ ਕਿਹਾ ਕਿ ਹਰ ਉਮਰ ਵਰਗ ਦਾ ਪਾਠਕ ਇਸ ਰਸਾਲੇ ਨੂੰ ਬੜੀ ਚਾਹਤ ਨਾ ਪੜ੍ਹਦਾ ਹੈ। ਇਸ ਮੌਕੇ ਸਕੂਲੀ ਬੱਚਿਆਂ ਵੱਲੋਂ ਇੱਕ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਇਸ ਸਮਾਰੋਹ ਵਿੱਚ ਵਿਦਿਆਰਥੀ, ਮਾਪੇ ਅਤੇ ਅਧਿਆਪਕ ਸ਼ਾਮਿਲ ਹੋਏ। ਸਭ ਦਾ ਧੰਨਵਾਦ ਕਰਦਿਆਂ ਸੁਖਮਨ ਸਿੰਘ ਨੇ ਕਿਹਾ ਕਿ ਬੱਚਿਆਂ ਦੀ ਸ਼ਖ਼ਸ਼ੀਅਤ ਘੜਨ ਵਾਸਤੇ ਉਹਨਾਂ ਨੂੰ ਬਾਲ ਸਾਹਿਤ ਜ਼ਰੂਰ ਮੁਹਈਆ ਕੀਤਾ ਜਾਵੇ। ਬਾਲ ਰਸਾਲਿਆਂ ਰਾਹੀਂ ਉਹਨਾਂ ਅੰਦਰ ਮਾਤ ਭਾਸ਼ਾ ਦਾ ਪਿਆਰ ਅਤੇ ਨੈਤਿਕ ਕਦਰਾਂ ਕੀਮਤਾਂ ਦਾ ਸੰਚਾਰ ਹੁੰਦਾ ਹੈ।

# ਅਮਰੀਕ ਜੱਸਲ ਤੇ ਬੱਬੂ ਬਾਜ਼ ਦਾ ਕਾਲੇਬ ਧਾਰਮਿਕ ਗੀਤ ਗੁਰੂ ਰਵਿਦਾਸ ਜੀ ਨੂੰ ਸਮਰਪਿਤ ਸੁਣ ਮਿਲੀਆਂ 'ਵਧਾਈਆਂ ਜੀ ਵਧਾਈਆਂ'




ਸਰਗੁਨ ਮਿਊਜ਼ਿਕ ਨੂੰ ਪਤਾ ਹੈ ਕਿ ਗਾਇਕ ਅਮਰੀਕ ਜੱਸਲ ਦੀ ਆਵਾਜ਼ ਵਿੱਚ ਸਰੋਤੇ ਤੇ ਦਰਸ਼ਕ ਕੀਲ ਲੈਣ ਦੀ ਸਮਰਥਾ ਹੈ। ਨਾਲ ਹੀ ਰਮੇਸ਼ ਨੂਸੀਵਾਲ ਨੇ ਬੱਬੂ ਬਾਜ ਨਾਮ ਦਾ ਇੱਕ ਹੋਰ ਸੁਰੀਲਾ ਗਾਇਕ ਲੈਣ ਬਾਅਦ ਅਜਿਹਾ ਧਾਰਮਿਕ ਟਰੈਕ "ਵਧਾਈਆਂ ਜੀ ਵਧਾਈਆਂ" ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਲਈ ਕੀਤਾ ਕਿ ਟਰੈਕ ਆ ਣ ਦੀ ਦੇਰ ਵਾਹ ਵਾਹ ਸੰਗਤਾਂ ਮੂੰਹੋਂ ਨਿੱਕਲ ਰਿਹਾ ਹੈ।

ਸਰਗੁਨ ਮਿਊਜਿਕ ਤੇ ਰਮੇਸ਼ ਨੁੱਸੀਵਾਲ ਵੱਲੋਂ ਧੰਨ ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਗੁਰਪੁਰਬ ਨੂੰ ਸਮਰਪਿਤ ਇਸ ਧਾਰਮਿਕ ਟਰੈਕ "ਵਧਾਈਆਂ ਜੀ ਵਧਾਈਆਂ" ਸੰਗਤਾਂ ਦੀ ਝੋਲੀ ਪੈਣ ਦੀ ਦੇਰ ਕਿ ਇਹ ਮਕਬੂਲੀਅਤ ਵੱਲ ਚਲ ਪਿਆ ਹੈ। ਇਸ ਧਾਰਮਿਕ ਗੀਤ ਨੂੰ ਸੁਰੀਲੇ ਗਾਇਕ ਅਮਰੀਕ ਜੱਸਲ ਅਤੇ ਬੱਬੂ ਬਾਜ ਨੇ ਰੂਹ ਨਾਲ ਗਾ ਕਿ ਦੱਸ ਦਿੱਤਾ ਏ ਕਿ ਸ਼ਰਧਾ ਇਹ ਹੁੰਦੀ ਹੈ। ਅਮਰੀਕ ਜੱਸਲ ਲਿਖਤ ਇਸ ਦਾ ਮਿਊਜ਼ਿਕ ਅਮਨ ਸਿੰਘ ਨੇ ਤਿਆਰ ਕੀਤਾ ਹੈ ਇਸ ਦੀ ਵੀਡੀ ਮਨੀਸ਼ ਠਕਰਾਲ ਨੇ ਤਿਆਰ ਕੀਤੀ ਹੈ। ਇਸ ਨੂੰ ਲੋਕ ਅਰਪਣ ਕਰ ਕਿ ਸਰਗੁਨ ਮਿਊਜ਼ਿਕ ਤੇ ਰਮੇਸ਼ ਨੁੱਸੀਵਾਲ ਖੁਸ਼ ਹਨ।ਗੀਤ ਰਾਹੀਂ ਅਮਰੀਕ ਜੱਸਲ ਤੇ ਬੱਬੂ ਬਾਜ ਨੇ ਧੰਨ ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਆਗਮਨ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ ਦਿੱਤੀਆਂ ਹਨ ਅਤੇ ਦੋਵਾਂ ਗਾਇਕ ਕਲਾਕਾਰਾਂ ਨੇ ਕਿਹਾ ਕਿ ਸੰਗਤਾਂ ਵੀ ਗੀਤ ਹਿੱਟ ਕਰ ਪ੍ਰਭਾਵ ਦੇਣਗੀਆਂ ਕਿ ਜੱਸਲ ਤੇ ਬੱਬੂ ਸਾਬ "ਵਧਾਈਆਂ ਜੀ ਵਧਾਈਆਂ।

# ਅਮਰੀਕਾ ਦੇ ਵੀਜ਼ਾ ਨਿਯਮਾਂ ਦੀ ਉਲੰਘਣਾ ਕਰਨ ਦੇ ਮਾਮਲੇ ਵਿਚ ਭਾਰਤੀ ਵਿਦਿਆਰਥੀ ਪਹਿਲੇ ਸਥਾਨ 'ਤੇ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਵਿਚ ਪਿਛਲੇ ਸਾਲ ਭਾਰਤ ਦੇ ਸਭ ਤੋਂ ਵਧ ਵਿਦਿਆਰਥੀਆਂ ਨੇ ਵੀਜ਼ਾ ਨਿਯਮਾਂ ਨੂੰ ਤੋੜਿਆ ਤੇ 7000 ਭਾਰਤੀ ਵਿਦਿਆਰਥੀ ਵੀਜ਼ਾ ਖਤਮ ਹੋਣ ਦੇ ਬਾਵਜੂਦ ਅਮਰੀਕਾ ਵਿਚ ਟਿਕੇ ਰਹੇ।

ਯੂ ਐਸ ਇਮੀਗ੍ਰੇਸ਼ਨ ਮਾਹਿਰ ਜੈਸਿਕਾ ਐਮ ਵਾਘਨ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਭਾਰਤ ਤੋਂ ਬਾਅਦ ਬਰਾਜ਼ੀਲ ਤੇ ਚੀਨ ਦਾ ਸਥਾਨ ਆਉਂਦਾ ਹੈ। ਇਸ ਤੋਂ ਬਾਅਦ ਹਰੇਕ ਦੇਸ਼ ਦੇ 2000 ਦੇ ਆਸ ਪਾਸ ਵਿਦਿਆਰਥੀਆਂ ਨੇ ਵੀਜ਼ਾ ਖਤਮ ਹੋਣ ਦੀ ਪਰਵਾਹ ਨਹੀਂ ਕੀਤੀ ਤੇ ਉਹ ਨਿਰਧਾਰਤ ਸਮਾਂ ਸੀਮਾ ਤੋਂ ਬਾਅਦ ਵੀ ਅਮਰੀਕਾ ਵਿਚ ਰਹਿ ਰਹਿ ਹਨ। ਨਿਆਂਪਾਲਿਕਾ ਸਬੰਧੀ ਯੂ ਐਸ ਹਾਊਸ ਕਮੇਟੀ ਦੇ ਸਾਹਮਣੇ ਬੋਲਦਿਆਂ ਵਾਘਨ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਸਾਰੇ ਆਰਜੀ ਵੀਜ਼ਾ ਸ਼੍ਰੇਣੀਆਂ ਵਿਚੋਂ ਨਿਰਧਾਰਤ ਸਮਾਂ ਸੀਮਾ ਦੀ ਉਲੰਘਣਾ ਕਰਨ ਵਲਿਆਂ ਦੀ ਸਭ ਤੋਂ ਵਧ ਗਿਣਤੀ ਐਫ-1 (ਅਕਾਦਮਿਕ ਵਿਦਿਆਰਥੀ) ਤੇ ਐਮ-1 (ਵੋਕੇਸ਼ਨਲ ਵਿਦਿਆਰਥੀ) ਵੀਜ਼ਾ ਸ਼੍ਰੇਣੀ ਵਾਲਿਆਂ ਦੀ ਹੈ। ਇਮੀਗ੍ਰੇਸ਼ਨ ਅਧਿਐਨ ਬਾਰੇ ਕੇਂਦਰ ਵਿਖੇ ਨੀਤੀ ਵਿਸ਼ਲੇਸ਼ਕ ਵਾਘਨ ਨੇ ਕਿਹਾ ਕਿ ਮੌਜੂਦਾ ਪ੍ਰਣਾਲੀ ਬਹੁਤ ਨਰਮ ਹੈ ਜੋ ਵਿਦਿਆਰਥੀਆਂ ਨੂੰ ਵੀਜ਼ਾ ਸਥਿੱਤੀ ਦੀ ਦੁਰਵਰਤੋਂ ਕਰਨ ਦੀ ਇਜ਼ਾਜਤ ਦਿੰਦੀ ਹੈ। ਉਨਾਂ ਨੇ ਸਖਤ ਨਿਯਮ ਲਾਗੂ ਕਰਨ ਦਾ ਸੁਝਾਅ ਦਿੱਤਾ ਜਿਸ ਤਹਿਤ ਵਿਦਿਆਰਥੀਆਂ ਦੀ ਪੜਾਈ ਉਪਰੰਤ ਘਰ ਵਾਪਿਸੀ ਯਕੀਨੀ ਬਣਾਈ ਜਾ ਸਕੇ। ਉਨਾਂ ਨੇ ਦੋ ਮੂਹੀ ਨੀਤੀ ਦੀ ਅਲੋਚਨਾ ਕੀਤੀ ਜੋ ਵਿਦਿਆਰਥੀਆਂ ਵਿਚ ਗਰੈਜੂਏਸ਼ਨ ਉਪਰੰਤ ਅਮਰੀਕਾ ਵਿਚ ਟਿਕੇ ਰਹਿਣ ਦੀ ਰੁਚੀ ਪੈਦਾ ਕਰਦੀ ਹੈ। ਵਾਘਨ ਨੇ ਸਕੂਲਾਂ ਉਪਰ ਸਖਤ ਨਿਯੰਤਰਣ ਤੇ ਸਖਤ ਮਾਪ ਦੰਡ ਲਾਗੂ ਕਰਨ ਦਾ ਸੁਝਾਅ ਦਿੱਤਾ ਹੈ।

ਉਨਾਂ ਕਿਹਾ ਕਿ ਵੀਜ਼ਾ ਸਮਾਂ ਸੀਮਾ ਉਲੰਘਣਾ ਕਰਨ ਦੇ ਮਾਮਲੇ ਵਿਚ ਜਿਨਾਂ ਸਕੂਲਾਂ ਦੇ ਵਿਦਿਆਰਥੀਆਂ ਦੀ ਗਿਣਤੀ ਜਿਆਦਾ ਹੈ, ਉਨਾਂ ਦਾ ਵਿਦੇਸ਼ੀ ਵਿਦਿਆਰਥੀਆਂ ਨੂੰ ਸੱਦਣ ਦਾ ਅਧਿਕਾਰ ਖਤਮ ਹੋਣਾ ਚਾਹੀਦਾ ਹੈ। ਉਨਾਂ ਨੇ ਵਿਦਿਆਰਥੀ ਵੀਜ਼ਾ ਤੋਂ ਇਲਾਵਾ ਐਚ-1 ਬੀ ਵੀਜ਼ਾ ਸਮੇਤ ਵਰਕ ਵੀਜ਼ਾ ਪ੍ਰੋਗਰਾਮ ਵਿਚ ਵੀ ਵੱਡੇ ਪੱਧਰ 'ਤੇ ਸੁਧਾਰਾਂ ਦੀ ਲੋੜ ਉਪਰ ਜੋਰ ਦਿੱਤਾ। ਉਨਾਂ ਤਜਵੀਜ ਰਖੀ ਕਿ ਐਚ-ਬੀ ਵੀਜ਼ਾ ਸ਼੍ਰੇਣੀ ਵਿਚ ਸਲਾਨਾ 75000 ਕਟੌਤੀ ਕੀਤੀ ਜਾਵੇ ਤੇ ਉੱਚ ਮਜ਼ਦੂਰੀ ਦੇਣ ਵਾਲੇ ਮਾਲਕਾਂ ਨੂੰ ਤਰਜੀਹ ਦਿੱਤੀ ਜਾਵੇ। ਵਾਘਨ ਨੇ ਕਿਰਤੀਆਂ ਦੀ ਘਾਟ ਦੇ ਦਾਅਵਿਆਂ ਨੂੰ ਰੱਦ ਕਰਦਿਆਂ ਕਿਹਾ ਕਿ ਅਮਰੀਕਾ ਨੂੰ ਵਿਦੇਸ਼ੀ ਵਰਕ ਪ੍ਰੋਗਰਾਮ ਲਾਗੂ ਕਰਨ ਤੋਂ ਪਹਿਲਾਂ ਅਮਰੀਕੀ ਵਰਕਰਾਂ ਨੂੰ ਭਰਤੀ ਕਰਨ ਵੱਲ ਤਵਜੋਂ ਦੇਣੀ ਚਾਹੀਦੀ ਹੈ।

## ਹੱਤਿਆ ਦੇ ਮਾਮਲੇ ਵਿਚ ਦੋਸ਼ੀ ਨੂੰ ਜ਼ਹਿਰ ਦਾ ਟੀਕਾ ਲਾ ਕੇ ਸਦਾ ਦੀ ਨੀਂਦ ਸਵਾਇਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਦੱਖਣੀ ਕੈਰੋਲੀਨਾ ਵਿਚ ਮੈਰੀਅਨ ਬੋਮੈਨ ਜੂਨੀਅਰ ਨਾਮੀ ਵਿਅਕਤੀ ਨੂੰ ਹੱਤਿਆ ਦੇ ਇਕ ਮਾਮਲੇ ਵਿਚ ਅਦਾਲਤ ਵੱਲੋਂ ਸੁਣਾਈ ਸਜ਼ਾ ਅਨੁਸਾਰ ਜ਼ਹਿਰ ਦਾ ਟੀਕਾ ਲਾ ਕੇ ਮੌਤ ਦੇਣ ਦੀ ਖਬਰ ਹੈ। ਬੋਮੈਨ ਨੂੰ 6.27 ਵਜੇ ਸ਼ਾਮ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਉਸ ਨੂੰ 2001 ਵਿਚ 21 ਸਾਲਾ ਕੈਂਡੀ ਮਾਰਟਿਨ ਨਾਮੀ ਨੌਜਵਾਨ ਮਾਂ ਦੀ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਪੁਲਿਸ ਨੇ ਮਾਰਟਿਨ ਦੀ ਗੋਲੀਆਂ ਵਿੰਨੀ ਲਾਸ਼ ਉਸ ਦੀ ਆਪਣੀ ਕਾਰ ਵਿਚੋਂ ਬਰਾਮਦ ਕੀਤੀ ਸੀ ਜਿਸ ਕਾਰ ਨੂੰ ਅੱਗ ਲਾ ਦਿੱਤੀ ਗਈ ਸੀ। ਅਦਾਲਤੀ ਦਸਤਾਵੇਜਾਂ ਅਨੁਸਾਰ ਬੋਮੈਨ ਲੰਬੇ ਸਮੇ ਤੋਂ ਮਾਰਟਿਨ ਦਾ ਦੋਸਤ ਸੀ ਤੇ ਉਹ ਉਸ ਨਾਲ ਸਰੀਰਕ ਸਬੰਧ ਵੀ ਬਣਾਉਂਦਾ ਰਿਹਾ ਸੀ। ਬੋਮੈਨ ਨੇ ਮੰਨਿਆ ਕਿ ਉਹ ਮਾਰਟਿਨ ਨੂੰ ਕੁਕੀਨ ਦਿੰਦਾ ਸੀ ਪਰੰਤੂ ਬੋਮੈਨ ਹਮੇਸ਼ਾਂ ਆਪਣੇ ਆਪ ਨੂੰ ਨਿਰਦੋਸ਼ ਕਹਿੰਦਾ ਰਿਹਾ ਹੈ। ਆਪਣੀ ਲੀਗਲ ਟੀਮ ਰਾਹੀਂ ਜਾਰੀ ਆਪਣੇ ਆਖਰੀ ਸ਼ਬਦਾਂ ਵਿਚ ਬੋਮੈਨ ਨੇ ਕਿਹਾ 'ਮੈ ਮਾਰਟਿਨ ਦੀ ਹੱਤਿਆ ਨਹੀਂ ਕੀਤੀ, ਮੈ ਨਿਰਦੋਸ਼ ਹਾਂ ਤੇ ਮੈ ਉਸ ਗੁਨਾਹ ਲਈ ਮਰਨ ਜਾ ਰਿਹਾ ਹਾਂ ਜੋ ਮੈ ਕੀਤਾ ਹੀ ਨਹੀਂ ਹੈ।



## ਟਰੰਪ ਨੇ ਕੈਨੇਡਾ ਤੇ ਮੈਕਸੀਕੋ ਉਪਰ ਪ੍ਰਸਤਾਵਿਤ ਟੈਕਸ ਲਾਉਣ ਦਾ ਅਮਲ ਅੱਗੇ ਪਾਇਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡਾ ਤੇ ਮੈਕਸੀਕੋ ਦੇ ਸਮਾਨ ਉਪਰ ਪ੍ਰਸਤਾਵਿਤ ਟੈਕਸ ਲਾਉਣ ਦਾ ਅਮਲ ਅੱਗੇ ਪਾ ਦਿੱਤਾ ਹੈ। ਰਾਸ਼ਟਰਪਤੀ ਨੇ ਕੈਨੇਡਾ ਦੀਆਂ ਵਸਤਾਂ ਉਪਰ ਪ੍ਰਸਤਾਵਿਤ 25% ਟੈਕਸ 30 ਦਿਨਾਂ ਲਈ ਰੋਕ ਦੇਣ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਕੈਨੇਡੀਅਨ ਆਗੂ ਸਰਹੱਦਾਂ ਨੂੰ ਸੁਰੱਖਿਅਤ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਟਰੰਪ ਨੇ ਇਹ ਐਲਾਨ ਉਨਾਂ ਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਿਚਾਲੇ ਫੋਨ ਉਪਰ ਹੋਈ ਗੱਲਬਾਤ ਉਪਰੰਤ ਕੀਤਾ। ਟਰੰਪ ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਕੈਨੇਡਾ ਗੈਰ ਕਾਨੂੰਨੀ ਪ੍ਰਵਾਸੀਆਂ ਤੇ ਨਸ਼ੀਲੇ ਪਦਾਰਥ ਫੈਂਟਾਨਾਇਲ ਨੂੰ ਅਮਰੀਕਾ ਵਿਚ ਆਉਣ ਤੋਂ ਰੋਕਣ ਲਈ ਹੋਰ ਯਤਨ ਨਹੀਂ ਕਰਦਾ ਤਾਂ ਕੈਨੇਡਾ ਤੋਂ ਆਉਂਦੇ ਸਮਾਨ ਉਪਰ ਫੌਰੀ 25% ਟੈਕਸ ਲਾ ਦੇਣਗੇ। ਇਸ ਦੇ ਵਿਰੋਧ ਵਿਚ ਜਸਟਿਨ ਟਰੂਡੋ ਨੇ ਵੀ ਅਮਰੀਕੀ ਵਸਤਾਂ ਉਪਰ 25% ਟੈਕਸ ਲਾਉਣ ਦੇ ਨਾਲ ਨਾਲ ਕੈਨੇਡੀਅਨ ਨਾਗਰਿਕਾਂ ਨੂੰ ਸੱਦਾ ਦਿੱਤਾ ਸੀ ਕਿ ਉਹ ਅਮਰੀਕੀ ਸਮਾਨ ਦਾ ਬਾਈਕਾਟ ਕਰਨ ਤੇ ਕੇਵਲ ਕੈਨਡਾ ਦਾ ਸਮਾਨ ਹੀ ਖਰੀਦਣ। ਟਰੂਡੋ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਕੈਨੇਡਾ ਸਰਹੱਦ ਉਪਰ ਸਖਤੀ ਕਰਨ ਲਈ 1.3 ਅਰਬ ਡਾਲਰ ਖਰਚ ਰਿਹਾ ਹੈ ਤੇ 10 ਹਜਾਰ ਸੁਰੱਖਿਆ ਜਵਾਨ ਸਰਹੱਦ ਉਪਰ ਤਾਇਨਾਤ ਹਨ। ਉਨਾਂ ਇਹ ਵੀ ਕਿਹਾ ਹੈ ਕਿ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਅੱਤਵਾਦੀ ਗਤੀਵਿਧੀ ਸਮਝਿਆ ਜਾਵੇਗਾ। ਇਸ ਤੋਂ ਇਲਾਵਾ ਕੈਨੇਡਾ ਸੰਗਠਿਤ ਅਪਰਾਧ ਤੇ ਫੈਂਟਾਨਾਇਲ ਤਸਕਰੀ ਨਾਲ ਨਜਿੱਠਣ ਲਈ 20 ਲੱਖ ਡਾਲਰ ਨਵੇਂ ਖੁਫੀਆ ਪ੍ਰੋਗਰਾਮ ਉਪਰ ਖਰਚ ਕਰੇਗਾ। ਆਪਣੇ ਸ਼ੋਸਲ ਮੀਡੀਆ ਟਰੁੱਥ ਉਪਰ ਟਰੰਪ ਨੇ ਕਿਹਾ ਹੈ ਕਿ ਉਹ ਕੈਨੇਡਾ ਦੁਆਰਾ ਹੋ ਰਹੀਆਂ ਕੋਸ਼ਿਸ਼ਾਂ ਤੋਂ ਖੁਸ਼ ਹਨ ਤੇ ਇਕ ਰਾਸ਼ਟਰਪਤੀ ਵਜੋਂ ਮੇਰੀ ਜਿੰਮੇਵਾਰੀ ਸਾਰੇ ਅਮਰੀਕੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ ਤੇ ਮੈ ਇਹ ਹੀ ਕਰ ਰਿਹਾ ਹਾਂ। ਮੈਕਸੀਕੋ ਦੀ ਰਾਸ਼ਟਰਪਤੀ ਕਲੌਡੀਆ ਸ਼ੀਨਬੌਮ ਪਰਡੋ ਨਾਲ ਸਰਹੱਦ ਉਪਰ ਹੋਰ ਸਖਤੀ ਕਰਨ ਸਬੰਧੀ ਸਹਿਮਤੀ ਹੋਣ ਉਪਰੰਤ ਟਰੰਪ ਨੇ ਮੈਕਸੀਕੋ ਉਪਰ ਵੀ 25% ਟੈਕਸ ਲਾਉਣ ਦਾ ਅਮਲ ਰੋਕ ਦਿੱਤਾ ਹੈ। ਜਿਕਰਯੋਗ ਹੈ ਕਿ ਟਰੰਪ ਵੱਲੋਂ ਕੈਨੇਡਾ ਤੇ ਮੈਕਸੀਕੋ ਉਪਰ ਟੈਕਸ ਲਾਉਣ ਦੇ ਐਲਾਨ ਉਪਰੰਤ ਅਮਰੀਕੀ ਅਰਥ ਵਿਵਸਥਾ ਉਪਰ ਮੰਦੇ ਦੇ ਸੰਕੇਤ ਮਿਲਣੇ ਸ਼ੁਰੂ ਹੋ ਗਏ ਸਨ ਤੇ ਨਿਵੇਸ਼ਕਾ ਵਿਚ ਪੈਦਾ ਹੋਏ ਡਰ ਕਾਰਨ ਸ਼ੇਅਰ ਬਜਾਰ ਵਿਚ ਗਿਰਾਵਟ ਆਉਣੀ ਸ਼ੁਰੂ ਹੋ ਗਈ ਸੀ।

**ਕੈਨੇਡਾ ਵਿਚ ਅਮਰੀਕੀ ਸ਼ਰਾਬ ਦੀ ਵਿਕਰੀ ਬੰਦ–** ਕੈਨੇਡਾ ਦੇ ਰਾਜਾਂ ਨੇ ਐਲਾਨ ਕੀਤਾ ਹੈ ਕਿ ਉਹ ਰਾਸ਼ਟਰਪਤੀ ਟਰੰਪ ਵੱਲੋਂ ਟੈਕਸ ਲਾਉਣ ਦੇ ਜਵਾਬ ਵਿਚ ਅਮਰੀਕੀ ਸ਼ਰਾਬ ਦੀ ਵਿਕਰੀ ਕਰਨੀ ਬੰਦ ਕਰ ਰਹੇ ਹਨ। ਉਨਟਾਰੀ , ਮੈਨੀਟੋਬਾ ਤੇ ਨੋਵਾ ਸਕੋਟੀਆ ਵਿਚ ਆਗੂਆਂ ਨੇ ਵਿਤਰਕਾਂ ਨੂੰ ਅਮਰੀਕੀ ਸ਼ਰਾਬ ਵੇਚਣੀ ਬੰਦ ਕਰਨ ਦਾ ਆਦੇਸ਼ ਦਿੱਤਾ ਹੈ। ਮੈਨੀਟੋਬਾ ਦੇ ਪ੍ਰੀਮੀਅਰ ਵੈਬ ਕੀਨਿਊ ਨੇ ਐਲਾਨ ਕੀਤਾ ਹੈ ਕਿ ਉਹ 4 ਫਰਵਰੀ ਤੋਂ ਅਮਰੀਕੀ ਸ਼ਰਾਬ ਵੇਚਣੀ ਬੰਦ ਕਰ ਰਹੇ ਹਨ। ਪ੍ਰੀਮੀਅਰ ਨੇ ਕਿਹਾ ਹੈ ਕਿ ਟਰੰਪ ਦਾ ਟੈਕਸ ਲਾਉ ਦਾ ਐਲਾਨ ਕੈਨੇਡੀਅਨ ਲੋਕਾਂ ਉਪਰ ਹਮਲਾ ਹੈ, ਅਸੀਂ ਇਸ ਟੈਕਸ ਦੇ ਵਿਰੁੱਧ ਸੰਘੀ ਆਗੂਆਂ ਦੇ ਨਾਲ ਖੜੇ ਹਾਂ।

## ਟਰੰਪ ਪ੍ਰਸ਼ਾਸਨ ਨੇ ਰੋਹਿਤ ਚੋਪੜਾ ਨੂੰ ਅਹੁੱਦੇ ਤੋਂ ਹਟਾਇਆ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਟਰੰਪ ਪ੍ਰਸ਼ਾਸਨ ਦੁਆਰਾ ਭਾਰਤੀ ਮੂਲ ਦੇ ਕੰਜ਼ਿਊਮਰ ਫਾਇਨ-ਂਸ਼ੀਅਲ ਪ੍ਰੋਟੈਕਸ਼ਨ ਬਿਊਰੋ (ਸੀ ਐਫ ਪੀ ਬੀ) ਦੇ ਡਾਇਰੈਕਟਰ ਰੋਹਿਤ ਚੋਪੜਾ ਨੂੰ ਅਹੁੱਦੇ ਤੋਂ ਫਾਰਗ ਕਰ ਦੇਣ ਦੀ ਖਬਰ ਹੈ। ਚੋਪੜਾ ਨੂੰ ਇਹ ਜਾਣਕਾਰੀ ਵਾਈਟ ਹਾਊਸ ਵੱਲੋਂ ਭੇਜੀ ਇਕ ਈ ਮੇਲ ਰਾਹੀਂ ਦਿੱਤੀ ਗਈ ਹੈ। ਚੋਪੜਾ ਦੇ ਕਾਰਜਕਾਲ ਵਿਚ ਅਜੇ ਤਕਰੀਬਨ 2 ਸਾਲ ਦਾ ਸਮਾਂ ਬਾਕੀ ਸੀ। ਚੋਪੜਾ ਦੀ ਸੀ ਐਫ ਪੀ ਬੀ ਦੇ ਮੁੱਖੀ ਵਜੋਂ ਨਿਯੁਕਤੀ ਸਾਬਕਾ ਰਾਸ਼ਟਰਪਤੀ ਜੋ ਬਾਈਡਨ ਨੇ ਕੀਤੀ ਸੀ। ਸੀ ਐਫ ਪੀ ਬੀ ਦੇ ਮੁੱਖੀ ਵਜੋਂ 2008-09 ਵਿਚ ਆਏ ਵਿੱਤੀ ਸੰਕਟ ਨਾਲ ਨਜਿੱਠਣ ਲਈ ਚੋਪੜਾ ਨੇ ਅਹਿਮ ਭੂਮਿਕਾ ਨਿਭਾਈ ਸੀ। ਇਸ ਤੋਂ ਪਹਿਲਾਂ ਬਿਊਰੋ ਦੇ ਡਿਪਟੀ ਡਾਇਰੈਕਟਰ ਵਜੋਂ ਚੋਪੜਾ ਨੇ ਵਧ ਰਹੇ ਵਿਦਿਆਰਥੀ ਕਰਜੇ ਦਾ ਮੁੱਦਾ ਜੋਰ ਸ਼ੋਰ ਨਾਲ ਉਠਾਇਆ ਸੀ ਤੇ ਖਪਤਕਾਰ ਸੁਰੱਖਿਆ ਸੁਧਾਰਾਂ ਉਪਰ ਜੋਰ ਦਿੱਤਾ ਸੀ। ਮੀਡੀਆ ਰਿਪੋਰਟਾਂ ਅਨੁਸਾਰ ਬੈਂਕ ਆਫ ਅਮੈਰੀਕਾ ਤੇ ਜੇ ਪੀ ਮੋਰਗਨ ਚੇਜ ਸਮੇਤ ਪ੍ਰਮੁੱਖ ਖਪਤਕਾਰ ਬੈਂਕ ਉਨਾਂ ਕੰਪਨੀਆਂ ਵਿਚ ਸ਼ਾਮਿਲ ਹਨ ਜਿਨਾਂ ਨੂੰ ਸੀ ਐਫ ਪੀ ਬੀ ਦੁਆਰਾ ਦਾਇਰ ਪਟੀਸ਼ਨਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਕੰਪਨੀਆਂ ਤੇ ਟੈਕ ਇੰਡਸਟਰੀ ਦੇ ਆਗੂ ਟਰੰਪ ਪ੍ਰਸ਼ਾਸਨ ਉਪਰ ਚੋਪੜਾ ਨੂੰ ਹਟਾਉਣ ਉਪਰ ਜੋਰ ਦਿੰਦੇ ਆ ਰਹੇ ਸਨ।

RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



"ਦੇਸ਼ ਦੁਆਬਾ"
ਹਫਤਾਵਾਰੀ ਅਖ਼ਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

**ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ**

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ। ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ। ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393
www.deshdoaba.com
www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

### ਸ੍ਰੀ ਸੀ. ਐਲ. ਚੁੰਬਰ ਦੀ ਨੌਵੀਂ ਬਰਸੀ 'ਤੇ ਵਿਸ਼ੇਸ਼

# 'ਬਹੁਜਨ ਸਮਾਜ ਦੇ ਵਿਹੜਿਆਂ ਦਾ ਮਘਦਾ ਸੂਰਜ'



ਪ੍ਰੋ: ਐਚ. ਐਲ. ਕਪੂਰ

ਸ੍ਰੀ ਸੀ. ਐਲ. ਚੁੰਬਰ ਦਾ ਮਿਤੀ 6 ਫਰਵਰੀ, 2016 ਨੂੰ ਅਚਾਨਕ ਇਸ ਸੰਸਾਰ ਤੋਂ ਚਲੇ ਜਾਣਾ, ਸਿਰਫ ਉਸ ਦੇ ਪਰਿਵਾਰ ਲਈ ਹੀ ਦੁੱਖਦਾਇਕ ਨਹੀਂ ਸੀ, ਸਗੋਂ ਉਨ੍ਹਾਂ ਲਈ ਵੀ ਬੜਾ ਦੁੱਖਦਾਇਕ ਸੀ ਜਿਨ੍ਹਾਂ ਨਾਲ ਉਹਨਾਂ ਦੇ ਬਹੁਤ ਹੀ ਕਰੀਬੀ ਸਬੰਧ ਸਨ। ਮੇਰੇ ਲਈ ਇਸ ਕਰਕੇ ਦੁੱਖਦਾਇਕ ਹੈ ਕਿਉਂਕਿ ਉਹ ਸਰਕਾਰੀ ਹਾਈ ਸਕੂਲ ਸ਼ੰਕਰ, ਜ਼ਿਲ੍ਹਾ ਜਲੰਧਰ ਦਾ ਮੇਰਾ ਇਕ ਬਹੁਤ ਹੀ ਹੋਣਹਾਰ ਵਿਦਿਆਰਥੀ ਸੀ। ਉਹ 1971 ਤੋਂ ਲਗਾਤਾਰ ਅੱਜ ਤੱਕ ਮੇਰੇ ਸੰਪਰਕ 'ਚ ਰਿਹਾ। ਜਦੋਂ ਪਿਛਲੇ ਸਾਲ ਮੈਂ ਅਮਰੀਕਾ ਦੀਆਂ ਅਖ਼ਬਾਰਾਂ 'ਚ 'ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ' ਜੀ ਦੀ ਜੀਵਨੀ ਤੇ ਸੰਘਰਸ਼ 'ਤੇ ਲੇਖ ਲਿਖਿਆ ਤਾਂ ਉਸ ਨੇ ਲੇਖ 'ਚ ਦਿੱਤੀ ਵਿਸਥਾਰਤਾ ਨੂੰ ਬਹੁਤ ਪਸੰਦ ਕੀਤਾ ਤੇ ਮੈਨੂੰ ਫੋਨ ਕਰਕੇ ਕਿਹਾ ਕਿ ਗੁਰੂ ਜੀ; 'ਏਨੀ ਵੱਡੀ ਵਿਸਥਾਰ 'ਚ ਇਸ ਸ਼ਖਸੀਅਤ ਬਾਰੇ ਪਹਿਲਾਂ ਕਿਸੇ ਨੇ ਵੀ ਜਾਣਕਾਰੀ ਨਹੀਂ ਦਿੱਤੀ।' ਉਸ ਨੇ ਮੇਰੇ ਇਸ ਲੇਖ ਨੂੰ ਇੰਟਰਨੈਟ ਤੇ ਫੇਸਬੁੱਕ ਰਾਹੀਂ ਅੰਤਰ ਰਾਸ਼ਟਰੀ ਪੱਧਰ ਤੇ ਪਸਾਰਿਆ। ਉਸ ਨੇ ਆਪਣੇ ਬਹੁਜਨ ਸਮਾਜ ਦੀ ਦਿਲੋਂ, ਜਾਨ ਨਾਲ ਨਿਸ਼ਕਾਮ ਸੇਵਾ ਕੀਤੀ। ਜਿਸ ਨੂੰ ਉਸ ਦਾ ਸਮਾਜ ਕਦੇ ਭੁਲਾਅ ਨਹੀਂ ਸਕਦਾ। ਮਾਨੋਂ ਉਹ ਆਪਣੇ ਬਹੁਜਨ ਸਮਾਜ ਦਾ ਇਕ ਮਘਦਾ ਸੂਰਜ ਸੀ ਜੋ ਇਸ ਸਮਾਜ ਦੇ ਵਿਹੜਿਆਂ 'ਚ ਚਾਨਣ ਖਿਲਾਰ ਕੇ ਸਦਾ ਲਈ ਅਸਤ ਹੋ ਗਿਆ ਹੈ। ਮੈਨੂੰ ਇੱਥੇ ਪੰਜਾਬੀ ਸਾਹਿਤ ਦੇ ਮਹਾਨ ਜੁਝਾਰਵਾਦੀ ਕਵੀ ਸੰਤ ਰਾਮ ਉਦਾਸੀ ਦੀ ਕਵਿਤਾ ਦੀਆਂ ਸੱਤਰਾਂ ਯਾਦ ਆਉਂਦੀਆਂ ਹਨ, ਜਿਹਨਾਂ ਦਾ ਭਾਵ ਅਰਥ ਮੇਰੀਆਂ ਉਕਤ ਸੱਤਰਾਂ ਨਾਲ ਬਿਲਕੁਲ ਮੇਲ ਖਾਂਦਾ ਹੈ:

'ਧਰਤੀ ਮਾਂ ਦੀ ਗੋਦ ਨੂੰ ਪੁੱਤ ਹੋਰ ਬਥੇਰੇ,
ਮਘਦਾ ਰਹੀ ਵੇ ਸੂਰਜਾ ਕੰਮੀਆਂ ਦੇ ਵਿਹੜੇ।'

ਉਸ ਦਾ ਜਨਮ ਮਾਰਚ 2, 1958 ਨੂੰ ਪਿਤਾ ਸਵਰਗਵਾਸੀ ਸ੍ਰੀ ਪੰਜਾਬ ਰਾਏ ਚੁੰਬਰ ਐਮ. ਏ. ਅਰਥ ਸ਼ਾਸਤਰ ਤੇ ਮਾਤਾ ਸ੍ਰੀਮਤੀ ਬਿਸ਼ਨ ਕੌਰ ਚੁੰਬਰ ਦੇ ਘਰ ਪਿੰਡ ਹੁਸੈਨਾਬਾਦ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਉਸ ਨੇ ਆਪਣੀ ਮੁਢਲੀ ਸਿੱਖਿਆ ਆਪਣੇ ਜੱਦੀ ਪਿੰਡ ਹੁਸੈਨਬਾਦ ਤੋਂ ਹੀ ਕੀਤੀ ਤੇ ਪੰਜਵੀਂ ਜਮਾਤ ਦੀ ਸਾਲਾਨਾ ਪ੍ਰੀਖਿਆ 'ਚੋਂ ਜ਼ਿਲ੍ਹੇ ਭਰ 'ਚੋਂ ਪਹਿਲੇ ਸਥਾਨ 'ਤੇ ਰਹਿ ਕੇ ਵਜ਼ੀਫਾ ਪ੍ਰਾਪਤ ਕੀਤਾ। ਇਸ ਉਪਰੰਤ ਸੰਨ 1969 'ਚ ਉਸ ਨੇ ਸਰਕਾਰੀ ਹਾਈ ਸਕੂਲ ਸ਼ੰਕਰ, ਜ਼ਿਲ੍ਹਾ ਜਲੰਧਰ 'ਚ ਛੇਵੀਂ ਜਮਾਤ 'ਚ ਦਾਖਲਾ ਲੈ ਲਿਆ। ਸੰਨ 1971 ਵਿਚ ਫਿਰ ਉਸ ਨੇ ਅੱਠਵੀਂ ਜਮਾਤ ਦੀ ਬੋਰਡ ਦੀ ਪ੍ਰੀਖਿਆ ਇਸੇ ਹੀ ਸਕੂਲ ਤੋਂ ਜ਼ਿਲ੍ਹੇ ਭਰ 'ਚੋਂ ਪਹਿਲੇ ਸਥਾਨ 'ਤੇ ਮੈਰਿਟ 'ਚ ਰਹਿ ਕੇ ਪਾਸ ਕੀਤੀ। ਇਸੇ ਹੀ ਤਰ੍ਹਾਂ ਮਿਹਨਤ ਕਰਦਾ ਉਹ ਅੱਗੇ ਵਧਦਾ ਗਿਆ ਤੇ ਸੰਨ 1973 'ਚ ਬੋਰਡ ਦੀ ਦਸਵੀਂ ਜਮਾਤ ਦੀ ਪ੍ਰੀਖਿਆ ਫਿਰ ਜ਼ਿਲ੍ਹੇ 'ਚੋਂ ਮੈਰਿਟ 'ਤੇ ਪਹਿਲੇ ਨੰਬਰ 'ਤੇ ਰਹਿ ਕੇ ਪਾਸ ਕੀਤੀ। ਉਸ ਦੀਆਂ ਇਹਨਾਂ ਉਪਲਬਧੀਆਂ ਨੂੰ ਅੱਜ ਵੀ ਉਕਤ ਸਕੂਲ ਦੇ ਮੈਰਿਟ ਆਨਰ ਬੋਰਡ 'ਤੇ ਦਰਜ ਹੋਇਆ ਦੇਖਿਆ ਜਾ ਸਕਦਾ ਹੈ।

ਦਸਵੀਂ ਪਾਸ ਕਰਨ ਤੋਂ ਬਾਅਦ ਜਦੋਂ ਉਹ ਕਾਲਜ 'ਚ ਅਤੇ ਨੌਕਰੀ 'ਚ ਗਿਆ ਤਾਂ ਉਹ ਲਗਾਤਾਰ ਆਪਣੇ ਅਧਿਆਪਕਾਂ ਨੂੰ ਸਨਮਾਨ ਵਜੋਂ ਹਰ ਸਾਲ ਨਵੇਂ ਸਾਲ 'ਤੇ ਵਧਾਈ ਦਾ ਕਾਰਡ ਕਈ ਸਾਲਾਂ ਤੱਕ ਭੇਜਦਾ ਰਿਹਾ। ਇਸ ਤੋਂ ਉਸ ਦੀ ਉੱਚੀ ਸੋਚ ਦਾ ਪਤਾ ਲੱਗਦਾ ਹੈ ਕਿ ਉਹ ਆਪਣੇ ਅਧਿਆਪਕਾਂ ਦਾ ਕਿੰਨਾ ਸਤਿਕਾਰ ਕਰਦਾ ਸੀ। ਇਹੋ ਸਤਿਕਾਰਤ ਵਤੀਰਾ ਉਸ ਦਾ ਆਪਣੇ ਘਰ ਦੇ ਪਰਿਵਾਰਕ ਮੈਂਬਰਾਂ ਤੇ ਸਮਾਜ ਨਾਲ ਵੀ ਇੰਝ ਹੀ ਸੀ।

ਆਪਣੀ ਪੜ੍ਹਾਈ ਖਤਮ ਕਰਨ ਉਪਰੰਤ ਉਹ ਤਹਿਸੀਲ ਭਲਾਈ ਅਫਸਰ ਚੁਣਿਆ ਗਿਆ ਤੇ ਉਸ ਦੀ ਨਿਯੁਕਤੀ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਈ। ਥੋੜ੍ਹਾ ਸਮਾਂ ਨੌਕਰੀ ਕਰਨ ਉਪਰੰਤ ਉਸ ਨੇ ਇਸ ਨੌਕਰੀ ਨੂੰ ਤਿਆਗ ਦਿੱਤਾ ਤੇ ਪੂਰੇ ਸਮੇਂ ਲਈ ਆਪਣੇ ਸਮਾਜ ਦੀ ਸੇਵਾ 'ਚ ਜੁੱਟ ਗਿਆ।ਇਸ ਉਪਰੰਤ ਉਸ ਨੇ 'ਬਹੁਜਨ ਸਮਾਜ ਪਾਰਟੀ' 'ਚ ਆਪਣੀ ਸ਼ਮੂਲੀਅਤ ਕਰ ਲਈ ਤੇ ਪੱਕੇ ਤੌਰ 'ਤੇ ਬਾਬੂ ਕਾਂਸ਼ੀ ਰਾਮ ਜੀ ਨਾਲ ਜੁੜ ਗਿਆ।ਉਸ ਸਮੇਂ ਪੰਜਾਬ 'ਚ 'ਦਲਿਤ ਲਹਿਰ' ਚੱਲ ਰਹੀ ਸੀ। ਇਸ ਲਹਿਰ ਨੂੰ ਚਰਮ ਸੀਮਾ 'ਤੇ ਪਹੁੰਚਾਉਣ ਲਈ ਉਸ ਨੇ ਬਾਬੂ ਕਾਂਸ਼ੀ ਰਾਮ ਜੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ। ਇਸ ਪਾਰਟੀ 'ਚ ਕੰਮ ਕਰਦਿਆਂ ਉਸ ਨੇ 'ਦਲਿਤ ਪ੍ਰਿੰਟ ਮੀਡੀਆ ਪੰਜਾਬ' ਦੀ ਸਥਾਪਨਾ ਲਈ ਮੁੱਖ ਭੂਮਿਕਾ ਨਿਭਾਈ।

ਮਿਤੀ ਨਵੰਬਰ 19, 1985 ਨੂੰ ਉਸ ਨੇ ਆਪਣੇ 'ਕੌਮੀ ਉਡਾਰੀਆਂ' ਮੈਗਜ਼ੀਨ ਦੀ ਸੰਪਾਦਨਾ ਸ਼ੁਰੂ ਕੀਤੀ। ਇਸ ਮੈਗਜ਼ੀਨ ਰਾਹੀਂ ਉਸ ਨੇ ਆਪਣੇ ਦਲਿਤ ਸਮਾਜ ਦੀਆਂ ਸਮੱਸਿਆਵਾਂ ਨੂੰ ਉਭਾਰਿਆ ਤੇ ਆਪਣੇ ਸਮਾਜ ਨਾਲ ਗੂੜ੍ਹੀ ਸੱਜਣ-ਤਾਈ ਗੰਢ ਲਈ।ਉਸ ਦੇ ਇਸ ਮੈਗਜ਼ੀਨ ਨਾਲ ਸਮਾਜ ਦੇ ਹਜ਼ਾਰਾਂ ਦੀ ਗਿਣਤੀ 'ਚ ਪਾਠਕ ਜੁੜ ਗਏ। ਇਸ ਮੈਗਜ਼ੀਨ ਦੀਆਂ ਲਿਖਤਾਂ ਨਾਲ ਹੀ ਉਸ ਨੇ ਆਪਣੀ ਬੌਧਿਕਤਾ ਦੀ ਪੈਂਠ ਬਣਾਈ। ਇਸ 'ਚ ਦਲਿਤ ਸਾਹਿਤ ਤੇ ਦਲਿਤ ਇਤਿਹਾਸ 'ਤੇ ਆਪਣੇ ਸਮਾਜ ਨੂੰ ਜੋੜਨ ਲਈ ਤੇ ਉਸ ਦੀ ਤਰੱਕੀ ਲਈ ਖੂਬ ਕਲਮ ਚਲਾਈ। ਆਪਣੇ ਦਲਿਤ ਸਮਾਜ ਨੂੰ 'ਮਾਨਵ ਬਰਾਬਰੀ' ਦੁਆਉਣ ਲਈ ਮਾਨਵਵਾਦੀ ਕਦਰਾਂ-ਕੀਮਤਾਂ 'ਤੇ ਲਿਖਿਆ। ਉਹ 'ਬਹੁਜਨ ਸਮਾਜ ਬੁਲਿਟਨ' ਹਫਤਾਵਾਰੀ ਅਖ਼ਬਾਰ ਦੇ 'ਰੈਜ਼ੀਡੈਂਟ ਐਡੀਟਰ' ਸਨ। ਜਿਸਨੂੰ ਬਾਬੂ ਕਾਂਸ਼ੀ ਰਾਮ ਜੀ ਨੇ ਜਾਰੀ ਕੀਤਾ ਸੀ। ਉਸ ਨੇ ਉੱਤਰੀ ਜਲੰਧਰ ਹਲਕੇ ਤੋਂ 1992 'ਚ ਵਿਧਾਨ ਸਭਾ ਹਲਕੇ ਦੀ ਬਸਪਾ ਵੱਲੋਂ ਚੋਣ ਵੀ ਲੜੀ ਸੀ। ਉਸ ਨੇ ਮੰਡਲ ਕਮਿਸ਼ਨ ਸੰਘਰਸ਼ ਸਮਿਤੀ ਦੁਆਰਾ ਬੀ. ਸੀ. ਸ਼੍ਰੇਣੀ ਵਾਸਤੇ 27 ਫੀਸਦੀ ਰਾਖਵੇਂਕਰਨ ਦੀ ਮੰਗ ਜ਼ੋਰਦਾਰ ਤਰੀਕੇ ਨਾਲ ਉਠਾਈ ਤੇ ਆਦਿ ਧਰਮ ਦੀ ਲਹਿਰ ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀ ਤਸਵੀਰ ਦੇਸ਼ ਭਗਤ ਯਾਦਗਾਰੀ ਹਾਲ ਜਲੰਧਰ ਵਿਖੇ ਲਗਵਾਈ।



ਉਸ ਨੇ ਆਪਣੇ ਸਮਾਜ 'ਚ ਤੇ ਇਸ ਤੋਂ ਬਾਹਰ ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਜੀ ਦੁਆਰਾ ਸਥਾਪਤ 'ਆਦਿ ਧਰਮ ਲਹਿਰ' ਲਈ ਸਿਰਤੋੜ ਯਤਨ ਕੀਤੇ। ਉਸ ਨੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੀ ਜੀਵਨੀ, ਗਦਰ ਪਾਰਟੀ 'ਚ ਪਾਏ ਉਨ੍ਹਾਂ ਦੇ ਮਹਾਨ ਯੋਗਦਾਨ ਤੇ 'ਆਦਿ-ਧਰਮ ਲਹਿਰ' ਲਈ ਪਾਏ ਉਨ੍ਹਾਂ ਦੇ ਪੂਰਨਿਆਂ 'ਤੇ ਇਕ ਯਾਦਗਾਰੀ 'ਸੋਵੀਨਾਰ' ਕੱਢਿਆ, ਜਿਸ ਦੀ ਦਲਿਤ ਸਮਾਜ 'ਚ ਤੇ ਗਦਰ ਪਾਰਟੀ ਦੀਆਂ ਸਥਾਪਤ ਅਨੇਕਾਂ ਸੰਸਥਾਵਾਂ 'ਚ ਬੜੀ ਚਰਚਾ ਹੋਈ ਤੇ ਉਸ ਨੂੰ ਕਈ ਸਨਮਾਨਾਂ ਨਾਲ ਨਿਵਾਜਿਆ ਵੀ ਗਿਆ। ਇਹ ਉਸ ਲਈ ਇਕ ਇਤਿਹਾਸਕ ਲਮਹਾ ਸੀ। ਮਿਤੀ ਜੂਨ 11, 2000 ਨੂੰ ਉਸ ਨੇ 1931 ਦੀ ਆਦਿ-ਧਰਮ ਰਿਪੋਰਟ ਪ੍ਰਕਾਸ਼ਿਤ ਕੀਤੀ, ਜਿਸ 'ਚ 500 ਮੈਂਬਰਾਂ ਦੇ ਨਾਮ ਸ਼ਾਮਲ ਸਨ। ਇਨ੍ਹਾਂ ਨਾਵਾਂ ਦੀ ਪਹਿਲਾਂ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਸੀ। ਇਹ ਉਸ ਦਾ ਇਕ ਖੋਜ ਭਰਪੂਰ ਉਪਰਾਲਾ ਸੀ।

ਆਪਣੇ ਸਮਾਜ ਦੀ ਸੇਵਾ ਦੇ ਨਾਲ-ਨਾਲ ਉਹ ਆਪਣੇ ਪਰਿਵਾਰ ਪ੍ਰਤੀ ਵੀ ਅਵੇਸਲਾ ਨਹੀਂ ਹੋਇਆ। ਉਸ ਨੇ ਆਪਣੇ ਚਾਰੋਂ ਬੱਚਿਆਂ, ਦੋ ਲੜਕੇ ਕੁਮਾਰਜੀਵ ਚੁੰਬਰ ਤੇ ਜਨਸੰਗਰਾਮ ਚੁੰਬਰ ਤੇ ਦੋ ਲੜਕੀਆਂ, ਰਵਜੋਤ ਤੇ ਅਮਨਦੀਪ ਨੂੰ ਉੱਚ ਸਿੱਖਿਆ ਦਿੱਤੀ। ਉਹ ਚੰਗੀ ਤਰ੍ਹਾਂ ਜਾਣਦਾ ਸੀ ਤੇ ਅਕਸਰ ਕਿਹਾ ਕਰਦਾ ਸੀ ਕਿ ਬਿਨਾਂ ਵਿੱਦਿਆ ਦੇ ਕੁਝ ਵੀ ਹਾਸਲ ਨਹੀਂ ਕੀਤਾ ਜਾ ਸਕਦਾ। ਗਰੀਬੀ ਦਾ ਮੁੱਖ ਕਾਰਨ ਅਨਪੜ੍ਹਤਾ ਹੀ ਹੈ। ਅਗਰ ਮਾਨਵ ਨੇ ਆਪਣੇ ਘਰ ਤੇ ਸਮਾਜ ਦਾ ਪੱਧਰ ਉੱਚਾ ਚੁੱਕਣਾ ਹੈ ਤਾਂ ਇਹ ਬਿਨਾਂ ਵਿੱਦਿਆ ਹਾਸਲ ਕੀਤਿਆਂ ਨਾਮੁਮਕਿਨ ਹੈ। ਦਲਿਤ ਸਮਾਜ ਦੀ ਗੱਲ ਕਰਦਿਆਂ ਉਹ ਕਹਿੰਦਾ ਸੀ ਕਿ ਸਦੀਆਂ ਤੋਂ ਇਸ ਸਮਾਜ ਨੂੰ ਵਿਤਕਰੇ ਦੀ ਭਾਵਨਾ ਨਾਲ ਵਿੱਦਿਆ ਪ੍ਰਾਪਤ ਕਰਨ ਤੋਂ ਵਾਂਝਾ ਰੱਖਿਆ ਹੋਣ ਕਰਕੇ ਅੱਜ ਇਹ ਸਮਾਜ ਪੱਛੜਿਆ ਹੋਇਆ ਹੈ। ਇਸ ਸਮਾਜ 'ਚ ਜਾਗਰੂਕਤਾ ਦੀ ਘਾਟ ਹੈ ਤੇ ਜੋ ਸਮਾਜਿਕ ਨਾਬਰਾਬਰੀ ਦਾ ਵਿਤਕਰਾ ਕੀਤਾ ਜਾਂਦਾ ਹੈ, ਇਹ ਸਭ ਵਿੱਦਿਆ ਦੀ ਘਾਟ ਕਾਰਨ ਹੀ ਹੈ। ਇਸ ਦਲਿਤ ਸਮਾਜ ਦੀ ਦਸ਼ਾ ਸੁਧਾਰਨ ਲਈ ਬੱਚਿਆਂ ਨੂੰ ਵਿੱਦਿਆ ਹਾਸਲ ਕਰਾਉਣਾ ਸਾਡਾ ਮਾਤਾ-ਪਿਤਾ ਦਾ ਪਰਮ ਅਗੇਤ ਫਰਜ਼ ਬਣ ਜਾਂਦਾ ਹੈ।

ਉਸ ਦੀ ਪਤਨੀ ਸ੍ਰੀਮਤੀ ਸੰਤੋਸ਼ ਕੁਮਾਰੀ ਚੁੰਬਰ ਜੋ ਕਿੱਤੇ ਵਜੋਂ ਇਕ ਬਹੁਤ ਹੀ ਚੰਗੀ ਅਧਿਆਪਕਾ ਹੈ। ਉਹ ਬੜੀ ਸੁਸ਼ੀਲ, ਮਿਲਾਪੜੀ ਤੇ ਇਕ ਮਿਹਨਤੀ ਸੁਭਾਅ ਵਾਲੀ ਨਾਰੀ ਹੈ। ਭਾਵੇਂ ਉਸ ਦੇ ਪਤੀ ਭਾਵ ਸ੍ਰੀ ਸੀ. ਐਲ. ਚੁੰਬਰ ਪਾਸ ਸਮਾਜ ਸੇਵਾ ਦੇ ਰੁਝੇਵਿਆਂ ਕਾਰਨ ਆਪਣੇ ਪਰਿਵਾਰ ਲਈ ਸਮਾਂ ਘੱਟ ਹੁੰਦਾ ਸੀ ਪਰ ਫਿਰ ਵੀ ਇਹ ਸਮੇਂ ਦੀ ਘਾਟ, ਉਸ ਨੇ ਆਪਣੇ ਪਰਿਵਾਰ 'ਚ ਮਹਿਸੂਸ ਨਹੀਂ ਹੋਣ ਦਿੱਤੀ। ਉਸ ਨੇ ਆਪਣੀ ਨੌਕਰੀ ਦੇ ਨਾਲ-ਨਾਲ ਆਪਣੇ ਘਰ ਦੇ ਛੋਟੇ ਮੋਟੇ ਸਾਰੇ ਕੰਮਾਂ ਨੂੰ ਵੀ ਬੜੀ ਜ਼ਿੰਮੇਵਾਰੀ ਨਾਲ ਸੰਭਾਲਿਆ ਹੋਇਆ ਸੀ ਤੇ ਉਹ ਆਪਣੇ ਪਤੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੀ ਸੀ। ਉਸ ਨੇ ਆਪਣੇ ਪਤੀ ਦੀਆਂ ਜੀਵਨ 'ਚ ਆਈਆਂ ਸਭ ਔਕੜਾਂ ਦਾ ਪੂਰੀ ਤਨਦੇਹੀ ਨਾਲ ਸਾਥ ਦਿੱਤਾ।

ਸ੍ਰੀ ਸੀ. ਐਲ. ਚੁੰਬਰ ਤੋਂ ਤਿੰਨ ਭਰਾ ਛੋਟੇ ਹਨ। ਜਿਹਨਾਂ ਦੇ ਨਾਮ ਹਨ ਸ੍ਰੀ ਪ੍ਰੇਮ ਕੁਮਾਰ ਚੁੰਬਰ, ਸ੍ਰੀ ਤਰਸੇਮ ਲਾਲ ਚੁੰਬਰ ਤੇ ਸ੍ਰੀ ਰਵੀ ਪ੍ਰਕਾਸ਼ ਚੁੰਬਰ। ਇਹਨਾਂ ਤਿੰਨਾਂ ਭਰਾਵਾਂ ਤੇ ਤਿੰਨ ਭੈਣਾਂ ਦੇ ਸਿਰਾਂ ਤੇ ਵੀ ਹਮੇਸ਼ਾ ਆਪਣੇ ਵੱਡੇ ਭਰਾ ਦਾ ਹੱਥ ਰਿਹਾ। ਸ੍ਰੀ ਸੀ. ਐਲ. ਚੁੰਬਰ ਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਸੰਤੋਸ਼ ਕੁਮਾਰੀ ਨੇ ਬਿਨਾਂ ਕਿਸੇ ਵਿਤਕਰੇ ਦੇ ਆਪਣੇ ਛੋਟੇ ਭਰਾਵਾਂ ਤੇ ਭੈਣਾਂ ਦੀ ਹਮੇਸ਼ਾ ਮਦਦ ਕੀਤੀ। ਇਨ੍ਹਾਂ ਭਰਾਵਾਂ ਤੇ ਭੈਣਾਂ ਦੇ ਪਿਤਾ ਸ੍ਰੀ ਪੰਜਾਬ ਰਾਏ ਚੁੰਬਰ ਜੀ ਦੀ ਮੌਤ ਉਸ ਸਮੇਂ ਹੋਈ ਜਦੋਂ ਇਹ ਬੱਚੇ ਅਜੇ ਬਹੁਤ ਛੋਟੀ ਉਮਰ 'ਚ ਹੀ ਸਨ। ਇਨ੍ਹਾਂ ਦੀ ਮਾਤਾ ਸ੍ਰੀਮਤੀ ਬਿਸ਼ਨ ਕੌਰ ਚੁੰਬਰ ਨੇ ਬੜੇ ਸੰਘਰਸ਼ 'ਚੋਂ ਗੁਜ਼ਰ ਕੇ ਆਪਣੇ ਛੋਟੇ ਬੱਚਿਆਂ ਦਾ ਪਾਲਣ-ਪੋਸ਼ਣ ਕੀਤਾ ਤੇ ਸਭ ਨੂੰ ਚੰਗੀ ਵਿੱਦਿਆ ਦਿੱਤੀ ਤੇ ਰੁਜ਼ਗਾਰ ਦੇ ਕਾਬਲ ਬਣਾਇਆ। ਸ੍ਰੀ ਸੀ. ਐਲ. ਚੁੰਬਰ ਨੇ ਆਪਣੇ ਛੋਟੇ ਭਰਾਵਾਂ ਤੇ ਭੈਣਾਂ ਦਾ ਜੀਵਨ ਚੰਗਾ ਬਣਾਉਣ ਲਈ ਖੁਦ ਬੜੀ ਮਿਹਨਤ ਕੀਤੀ ਤੇ ਆਪਣੇ ਛੋਟੇ ਭੈਣ-ਭਰਾਵਾਂ ਦੀ ਯੋਗ ਅਗਵਾਈ ਕੀਤੀ ਤੇ ਕਿਸੇ ਤਰ੍ਹਾਂ ਦੀ ਉਹਨਾਂ ਨੂੰ ਮੁਸ਼ਕਿਲ ਦਾ ਸਾਹਮਣਾ ਨਹੀਂ ਕਰਨ ਦਿੱਤਾ।

ਇਸ ਬੜੇ ਸੰਘਰਸ਼ ਨਾਲ ਸਾਰੇ ਪਰਿਵਾਰ ਨੂੰ ਆਪਣੀ-ਆਪਣੀ ਮੰਜ਼ਿਲ ਤੇ ਪਹੁੰਚਾਇਆ। ਵੱਡੇ ਭਰਾ ਨੇ ਬਾਪ ਦਾ ਫਰਜ਼ ਨਿਭਾਇਆ ਤੇ ਕਦੀ ਪਰਿਵਾਰ ਨੂੰ ਆਪਣੇ ਪਿਤਾ ਦੀ ਘਾਟ ਮਹਿਸੂਸ ਨਹੀਂ ਹੋਣ ਦਿੱਤੀ। ਅੱਜ ਸਾਰਾ ਪਰਿਵਾਰ ਵੱਡੇ ਭਰਾ ਦੀ ਯੋਗ ਅਗਵਾਈ ਸਦਕਾ ਦਿਨ ਦੂਣੀ ਤੇ ਰਾਤ ਚੌਗੁਣੀ ਮਿਹਨਤ ਕਰਕੇ ਉੱਚ ਮੁਕਾਮ 'ਤੇ ਪਹੁੰਚੇ ਹੋਏ ਹਨ।

ਸ੍ਰੀ ਪ੍ਰੇਮ ਕੁਮਾਰ ਚੁੰਬਰ ਅੱਜਕਲ੍ਹ ਅਮਰੀਕਾ ਦੀ ਕੈਲੇਫੋਰਨੀਆ ਸਟੇਟ 'ਚ ਸਥਾਪਤ ਹੈ ਤੇ ਉਹ ਦੋ ਸਪਤਾਹਿਕ ਅਖ਼ਬਾਰਾਂ 'ਅੰਬੇਦਕਰ ਟਾਈਮਜ਼' ਤੇ 'ਦੇਸ਼ ਦੁਆਬਾ' ਦਾ ਮੁੱਖ ਸੰਪਾਦਕ ਹੈ। ਉਹ ਇਹਨਾਂ ਅਖ਼ਬਾਰਾਂ ਰਾਹੀਂ ਆਪਣੇ ਸਮਾਜ ਦੀ ਸੇਵਾ ਕਰ ਰਿਹਾ ਹੈ।

ਉਸ ਨੇ ਆਪਣੀਆਂ ਅਖ਼ਬਾਰਾਂ ਦੀ ਸੰਪਾਦਨਾ, ਪੰਜਾਬੀ ਮਾਂ ਬੋਲੀ ਦੀ ਸੇਵਾ ਤੇ ਸਮਾਜ ਸੇਵਾ ਨਾਲ ਅੱਜ ਆਪਣਾ ਨਾਮ ਅੰਤਰ ਰਾਸ਼ਟਰੀ ਪੱਧਰ 'ਤੇ ਬਣਾਇਆ ਹੋਇਆ ਹੈ ਤੇ ਉਸ ਦਾ ਨਾਮ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ।

ਸ੍ਰੀ ਪ੍ਰੇਮ ਕੁਮਾਰ ਚੁੰਬਰ ਦਾ ਇਹ ਮੰਨਣਾ ਹੈ ਕਿ ਇਸ ਉਪਲਬਧੀ ਪਿੱਛੇ ਉਸ ਦੇ ਵੱਡੇ ਭਰਾ ਸ੍ਰੀ ਸੀ. ਐਲ. ਚੁੰਬਰ ਦੀ ਯੋਗ ਅਗਵਾਈ ਤੇ ਸਾਡੇ ਸਿਰ 'ਤੇ ਵੱਡੇ ਭਰਾ ਦਾ ਹੱਥ ਹੈ। ਉਹ ਆਪਣੇ ਵੱਡੇ ਭਰਾ ਦਾ ਬਹੁਤ ਸਤਿਕਾਰ ਕਰਦਾ ਹੈ ਕਿਉਂਕਿ ਉਸ ਦੇ ਭਰਾ ਨੇ ਕਦੇ ਵੀ ਉਨ੍ਹਾਂ ਨੂੰ ਬਾਪ ਦੀ ਘਾਟ ਮਹਿਸੂਸ ਨਹੀਂ ਹੋਣ ਦਿੱਤੀ।

ਸ੍ਰੀ ਸੀ. ਐਲ. ਚੁੰਬਰ ਨੂੰ ਦੁਨੀਆਂ ਭਰ ਦੇ ਵੱਡੇ ਵਿਦਵਾਨਾਂ ਦੀਆਂ ਮਹਾਨ ਰਚਨਾਵਾਂ ਤੇ ਕਿਤਾਬਾਂ ਪੜ੍ਹਨ ਦਾ ਬੜਾ ਸ਼ੌਂਕ ਸੀ। ਉਹ ਚੰਗੀ ਕਿਤਾਬ ਨੂੰ ਖਰੀਦਣ ਲਈ ਜ਼ਰਾ ਵੀ ਦੇਰ ਨਹੀਂ ਕਰਦਾ ਸੀ। ਆਪਣੀ ਕਮਾਈ 'ਚੋਂ ਜੋ ਉਸ ਦੀ ਬੱਚਤ ਹੁੰਦੀ, ਉਹ ਉਸ ਦੀਆਂ ਕਿਤਾਬਾਂ ਹੀ ਖਰੀਦਦਾ ਸੀ। ਅੱਜ ਉਸ ਦੇ ਘਰ ਇਕ ਵੱਡੀ ਲਾਇਬ੍ਰੇਰੀ ਮੌਜੂਦ ਹੈ। ਉਹ ਜਿਹੜੀ ਵੀ ਪੁਸਤਕ ਪੜ੍ਹਦਾ ਉਸ ਦੇ ਨੋਟਿਸ ਤਿਆਰ ਕਰ ਲੈਂਦਾ ਸੀ। ਇਸ ਕਰਕੇ ਹੀ ਉਸ ਦਾ ਗਿਆਨ ਭੰਡਾਰ ਬੜਾ ਵਸੀਹ ਸੀ ਤੇ ਉਹ ਕਿਸੇ ਵੀ ਵਿਸ਼ੇ 'ਤੇ ਹਾਰਦਾ ਨਹੀਂ ਸੀ ਤੇ ਆਪਣੀ ਗੱਲ ਗਿਆਨ ਤੇ ਦਲੀਲ ਨਾਲ ਮਨਾ ਲੈਂਦਾ ਸੀ।

ਉਹ ਕਈ ਵਾਰ ਮੇਰੇ ਨਾਲ ਕਈ ਵਿਸ਼ਿਆਂ 'ਤੇ ਚਰਚਾ ਕਰਦਾ ਰਹਿੰਦਾ ਸੀ ਤੇ ਉਸ ਦੇ ਵਿਸ਼ਾਲ ਗਿਆਨ 'ਤੇ ਮੈਨੂੰ ਬੜਾ ਫਖਰ ਸੀ ਕਿ ਉਹ ਮੇਰਾ ਸਿੱਖਿਆਰਥੀ ਹੈ। ਇਹ ਚਾਰੋ ਭਰਾ ਹੀ ਮੇਰੇ ਵਿਦਿਆਰਥੀ ਹਨ ਤੇ ਸਾਰੇ ਭਰਾ ਹੀ ਪੜ੍ਹਾਈ 'ਚ ਬੜੇ ਹੁਸ਼ਿਆਰ ਸਨ ਤੇ ਆਪਣੇ ਪੁਰਾਣੇ ਅਧਿਆਪਕਾਂ ਦਾ ਬੜਾ ਸਤਿਕਾਰ ਕਰਦੇ ਹਨ। ਇਹ ਹਲੀਮੀ ਤੇ ਸਤਿਕਾਰ ਦੀ ਭਾਵਨਾ ਹੀ ਉਨ੍ਹਾਂ ਨੂੰ ਆਪਣੀ ਮੰਜ਼ਿਲ 'ਤੇ ਪਹੁੰਚਾਉਣ 'ਚ ਸਹਾਈ ਹੋਈ ਹੈ।

ਸ੍ਰੀ ਸੀ. ਐਲ. ਚੁੰਬਰ ਨੇ ਬੜੀ ਨਿਡਰਤਾ ਨਾਲ ਆਪਣੀ ਕਲਮ ਚਲਾਈ। ਆਪਣੀ ਤਿੱਖੀ ਤੇ ਤੇਜ਼-ਤਰਾਰ ਲੇਖਣੀ ਕਾਰਨ ਉਸ ਨੇ ਦਲਿਤ ਸਮਾਜ ਦੀਆਂ ਸਮੱਸਿਆਵਾਂ ਨੂੰ ਸਮਾਜ ਸਾਹਮਣੇ ਰੱਖਿਆ ਤੇ ਸਮੱਸਿਆਵਾਂ ਦੇ ਹੱਲ ਲਈ ਸੁਝਾਅ ਵੀ ਦਿੱਤੇ।

ਦਲਿਤ ਸਾਹਿਤ ਤੇ ਇਸ ਦੇ ਸੁਨਹਿਰੀ ਇਤਿਹਾਸ ਦੀ ਆਪਣੇ ਪਾਠਕਾਂ ਨੂੰ ਭਰਪੂਰ ਜਾਣਕਾਰੀ ਦਿੱਤੀ। ਦਲਿਤ ਮਾਨਵ ਦੀ ਸਮਾਜਿਕ ਬਰਾਬਰੀ ਲਈ ਸਾਰੀ ਉਮਰ ਸੰਘਰਸ਼ ਕੀਤਾ ਤੇ ਆਪਣੀ ਹਰ ਲੇਖਣੀ ਨੂੰ ਮਾਨਵਵਾਦ ਨਾਲ ਜੋੜ ਕੇ ਮਾਨਵਵਾਦੀ ਨਜ਼ਰੀਏ ਨਾਲ ਲਿਖਿਆ ਤਾਂ ਕਿ ਦਲਿਤ ਮਾਨਵ ਨੂੰ ਸਮਾਜਿਕ ਬਰਾਬਰੀ ਦਾ ਰੁਤਬਾ ਮਿਲ ਸਕੇ।

ਉਸ ਨੂੰ ਇਸ ਤਰ੍ਹਾਂ ਦੀ ਲੇਖਣੀ ਦਾ ਕਈ ਵਾਰ ਵਿਰੋਧ ਵੀ ਝੱਲਣਾ ਪਿਆ ਪਰ ਉਸ ਨੇ ਇਸ ਵਿਰੋਧ ਦੀ ਪਰਵਾਹ ਨਹੀਂ ਕੀਤੀ ਸਗੋਂ ਹੋਰ ਤਕੜੇ ਹੋ ਕੇ ਇਸ ਦਾ ਮੁਕਾਬਲਾ ਕੀਤਾ।

ਬਹੁਜਨ ਸਮਾਜ ਲਈ ਕੀਤੀ ਗਈ ਉਨ੍ਹਾਂ ਦੀ ਸੇਵਾ ਨੂੰ ਸਮਾਜ ਕਦੇ ਭੁਲਾਅ ਨਹੀਂ ਸਕਦਾ। ਉਸਦੇ ਅਚਾਨਕ ਇਸ ਸੰਸਾਰ ਤੋਂ ਚਲੇ ਜਾਣ ਨਾਲ ਸਮਾਜ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਤੇ ਚੁੰਬਰ ਪਰਿਵਾਰ ਦਾ, ਉਨ੍ਹਾਂ ਪਾਸੋਂ ਇਕ ਅਨਮੋਲ ਹੀਰਾ ਹੱਥਾਂ 'ਚੋਂ ਨਿਕਲ ਗਿਆ ਹੈ ਜਿਸਦਾ ਵਿਛੋੜਾ ਸਦਾ ਉਨ੍ਹਾਂ ਨੂੰ ਮਹਿਸੂਸ ਹੁੰਦਾ ਰਹੇਗਾ।

ਇਸ ਦੁੱਖ ਦੀ ਘੜੀ 'ਚ ਮੈਂ ਵਿਛੜੀ ਰੂਹ ਨੂੰ ਆਪਣੇ ਸ਼ਰਧਾ ਸੁੰਮਨ ਪੇਸ਼ ਕਰਦਾ ਹਾਂ ਤੇ ਪਿੱਛੇ ਚੁੰਬਰ ਪਰਿਵਾਰ ਨੂੰ ਭਾਣਾ ਮੰਨਣ ਤੇ ਬਲ ਬਖਸ਼ਣ ਲਈ ਤੇ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਅਰਦਾਸ ਕਰਦਾ ਹਾਂ।

*****

# ਆਹ ! ਚੁੰਬਰ ਸਾਹਿਬ ਜੀ !! ਕਿੱਧਰ ਚਲੇ ਗਏ !!!



- ਫਤਿਹਜੰਗ ਸਿੰਘ
91-98726-70278

ਬਹੁਤ ਡੂੰਘਾ ਅਫਸੋਸ ਹੋਇਆ ਜਦੋਂ ਪ੍ਰੇਮ ਕੁਮਾਰ ਚੁੰਬਰ ਉਨ੍ਹਾਂ ਨੇ ਆਪਣੇ ਵੱਡੇ ਭਰਾ ਸੀ. ਐਲ. ਚੁੰਬਰ ਦੇ ਤੁਰ ਜਾਣ ਦੀ ਦੁਖਦਾਈ ਖ਼ਬਰ ਦਿੱਤੀ। ਉਹ ਗੱਲ ਕਰਦਿਆਂ ਹੀ ਫੁੱਟ ਪਏ ਅਤੇ ਗਲਾ ਰੁੰਧਿਆ ਗਿਆ। ਬਿਲਕੁਲ ਕੁਦਰਤੀ ਸੀ- ਪਿਓ ਵਰਗਾ ਵੱਡਾ ਭਰਾ ਜੋ ਹਰ ਤਰ੍ਹਾਂ ਨਾਲ ਆਪਣੇ ਛੋਟੇ ਭਰਾਵਾਂ ਨੂੰ ਬੱਚਿਆਂ ਵਾਂਗੂੰ ਪਿਆਰ ਕਰਦਾ ਹੋਵੇ, ਦੁੱਖ-ਸੁੱਖ ਵਿਚ ਜ਼ਿੰਦਗੀ ਦੇ ਹਰ ਖੇਤਰ ਵਿਚ ਹਰ ਵੇਲੇ ਸੱਜੀ-ਖੱਬੀ ਬਾਂਹ ਬਣ ਕੇ ਖਲੋਇਆ ਹੋਵੇ ਉਸਦੇ ਸਦਾ ਲਈ ਤੁਰ ਜਾਣ ਸਮੇਂ ਕਿਉਂ ਨਹੀਂ ਰੋਣਾ ਆਵੇਗਾ।

ਮੈਂ ਸੀ. ਐਲ. ਚੁੰਬਰ ਨੂੰ ਪਹਿਲੀ ਵਾਰ ਉਨੀ ਸੌ ਅੱਸੀਵਿਆਂ ਵਿਚ ਉਦੋਂ ਮਿਲਿਆ ਸੀ ਜਦੋਂ ਉਹ ਚੜ੍ਹਦੀ ਉਮਰੇ ਨਵੇਂ ਜੋਸ਼, ਨਵੇਂ ਵਿਚਾਰਾਂ ਨਾਲ ਲੈਸ, ਉਤਸ਼ਾਹ ਭਰਪੂਰ ਕੁਝ ਕਰ ਗੁਜ਼ਰਨ ਲਈ ਤਿਆਰ ਨੌਜਵਾਨ ਸੀ। ਮੈਂ ਉਸ ਵੇਲੇ 'ਬਹੁਜਨ ਲਹਿਰ' ਨਾਲ ਜੁੜਿਆ ਹਫਤਾਵਾਰੀ 'ਬਹੁਜਨ ਸੰਦੇਸ਼' ਦੀ ਐਡੀਟਿੰਗ ਦਾ ਕੰਮ ਕਰਦਾ ਸੀ। ਪੇਪਰ ਸਬੰਧੀ ਇਹਨਾਂ ਨੇ ਮੇਰੇ ਨਾਲ ਕਈ ਸਾਰਥਕ ਵਿਚਾਰ ਸਾਂਝੇ ਕੀਤੇ।

ਬਾਬੂ ਮੰਗੂ ਰਾਮ ਮੁੱਗੋਵਾਲੀਆ ਬਾਰੇ ਬੜਾ ਵਿਸਥਾਰ ਪੂਰਵਕ ਵਿਚਾਰ ਵਟਾਂਦਰਾ ਕੀਤਾ, ਜਿਸ ਤੋਂ ਪ੍ਰਭਾਵਿਤ ਹੋ ਕੇ ਮੈਂ ਬਾਬੂ ਜੀ ਦੇ ਜਨਮ ਦਿਨ 'ਤੇ ਵਿਸ਼ੇਸ਼ ਅੰਕ ਕੱਢਣ ਦਾ ਵਿਚਾਰ ਬਣਾਇਆ। ਇਹ ਬਹੁਤ ਖੁਸ਼ ਹੋਏ ਅਤੇ ਬਾਬੂ ਜੀ ਸਬੰਧੀ ਕਾਫੀ ਮੈਟਰ ਅਤੇ ਫੋਟੋਆਂ ਉਪਲਬਧ ਕਰਵਾਈਆਂ। ਫਿਰ ਜਦੋਂ ਵੀ ਉਹ ਆਉਂਦੇ ਉਸਾਰੂ ਸੁਝਾਅ ਦਿੰਦੇ। ਫਿਰ ਕਈ ਸਾਲ ਸਾਡਾ ਸੰਪਰਕ ਟੁੱਟਿਆ ਰਿਹਾ।

ਫਿਰ ਉਹ ਉਦੋਂ ਮਿਲੇ ਜਦੋਂ 8-9 ਸਾਲ ਪਹਿਲਾਂ 'ਰੋਜ਼ਾਨਾ ਸਪੋਕਸਮੈਨ' ਪੇਪਰ ਨਾਲ ਸਰਕਾਰੀ ਵਧੀਕੀਆਂ ਦੇ ਖ਼ਿਲਾਫ਼ ਚੰਡੀਗੜ੍ਹ ਵਿਚ ਇਕ ਵੱਡਾ ਰੋਸ ਮੁਜ਼ਾਹਰਾ ਕੀਤਾ ਗਿਆ ਸੀ, ਜਿਸ ਵਿਚ ਵੱਡੀ ਗਿਣਤੀ ਵਿਚ ਲੇਖਕ ਅਤੇ ਪੱਤਰਕਾਰ ਸ਼ਾਮਲ ਹੋਏ ਸਨ। ਉਹ ਜਲੰਧਰੋਂ ਉਚੇਚੇ ਆਪਣੇ ਸਾਥੀਆਂ ਨਾਲ ਇਸ ਵਿਚ ਸ਼ਾਮਲ ਹੋਣ ਲਈ ਆਏ ਸਨ। ਮੈਂ ਵੀ ਉਸ ਵਿਚ ਸ਼ਾਮਲ ਸੀ ਤੇ ਉਹਨਾਂ ਨੇ ਬੜੇ ਰੋਹ ਭਰੇ ਅੰਦਾਜ਼ ਵਿਚ ਸਰਕਾਰੀ ਵਧੀਕੀਆਂ ਦਾ ਜ਼ਿਕਰ ਕੀਤਾ ਅਤੇ ਸਪੋਕਸਮੈਨ ਦੇ ਰੋਲ ਦੀ ਸ਼ਲਾਘਾ ਕੀਤੀ। ਲੋਕਾਂ ਦੇ ਹਿੱਤ ਵਿਚ ਕਿਸੇ ਵੀ ਸਮਾਜਿਕ ਘੋਲ ਦੇ ਉਹ ਹਮਾਇਤੀ ਸਨ।

ਫਿਰ ਦੋ ਕੁ ਸਾਲ ਪਹਿਲਾਂ ਅਚਾਨਕ ਉਹਨਾਂ ਦਾ ਫੋਨ ਆਇਆ। ਕਹਿਣ ਲੱਗੇ ਆਪਣੀ ਜੀਵਨੀ ਲਿਖੋ। ਮੈਂ ਆਪਣੀ ਪੜ੍ਹਾਈ ਕਰਨ ਵੇਲੇ ਦੀਆਂ ਦੁਸ਼ਵਾਰੀਆਂ ਦਾ ਜ਼ਿਕਰ ਕਦੇ ਉਹਨਾਂ ਕੋਲ ਕੀਤਾ ਸੀ।

ਫਿਰ ਬਹੁਜਨ ਲਹਿਰ ਵੇਲੇ ਦੀਆਂ ਕਾਂਸ਼ੀ ਰਾਮ ਜੀ ਦੀਆਂ ਯਾਦਾਂ ਵੀ ਕੁਝ ਮੇਰੀਆਂ ਛਪੀਆਂ ਸਨ ਜੋ ਉਹਨਾਂ ਨੇ ਪੜ੍ਹ ਲਈਆਂ ਸਨ। ਗੱਲਾਂ-ਬਾਤਾਂ ਵਿਚ ਉਹਨਾਂ ਨੇ ਕਿਤਾਬ ਦੇ ਚੈਪਟਰ ਵੀ ਬਣਾ ਕੇ ਸਮਝਾ ਦਿੱਤੇ ਤੇ ਹੋਰ ਕਿਸੇ ਮਦਦ ਦਾ ਹੁੰਗਾਰਾ ਵੀ ਭਰ ਦਿੱਤਾ। ਕਿਸੇ ਦੀ ਮਦਦ ਕਰਨ ਦਾ ਕਿੰਨਾ ਮਾਦਾ ਸੀ ਉਹਨਾਂ ਵਿਚ।

ਹੁਣ ਕੁਝ ਮਹੀਨੇ ਹੀ ਪਹਿਲਾਂ ਉਹਨਾਂ ਦਾ ਫਿਰ ਫੋਨ ਆਇਆ ਕਿ ਤੁਸੀਂ ਜੀਵਨੀ ਤਾਂ ਲਿਖਣੀ ਨਹੀਂ ਤੁਹਾਡੀ ਡਾਕੂਮੈਂਟਰੀ ਫਿਲਮ ਬਣਾ ਦੇਈਏ? ਤੁਸੀਂ ਸਾਰਾ ਮਸਾਲਾ ਇਕੱਠਾ ਕਰ ਲਓ ਮੈਂ ਤਰਤੀਬ ਦੇ ਦੇਵਾਂਗਾ। ਬੇਟਾ ਇਸ ਕੰਮ ਦੀ ਜਾਣਕਾਰੀ ਰੱਖਦਾ ਹੈ, ਉਸਦੀ ਮਦਦ ਲੈ ਲਵਾਂਗੇ। ਉਹਨਾਂ ਨੇ ਬੜਾ ਜ਼ੋਰ ਦੇ ਕੇ ਆਖਿਆ ਸੀ। ਕਈ ਦਿਨਾਂ ਬਾਅਦ ਇਸ ਪ੍ਰਾਜੈਕਟ 'ਤੇ ਗੰਭੀਰ ਹੋ ਕੇ ਜ਼ੋਰ ਦੇਣ ਦੀ ਤਾਕੀਦ ਕੀਤੀ। ਤੇ ਇਹ ਮੇਰੀ ਉਹਨਾਂ ਨਾਲ ਆਖਰੀ ਗੱਲਬਾਤ ਸੀ। ਕਿੰਨੀ ਚਿੰਤਾ ਰਹਿੰਦੀ ਸੀ ਉਹਨਾਂ ਨੂੰ ਦੂਜਿਆਂ ਦੇ ਕੰਮ ਦੀ।

ਉਹ ਸੱਚਮੁਚ ਹੀ ਦੂਜਿਆਂ ਦੇ ਕੰਮ ਆਉਣ ਵਾਲੀ ਇਨਸਾਨੀ ਫਿਤਰਤ ਦੇ ਮਾਲਕ ਸਨ। ਮਿਹਨਤ, ਸੰਘਰਸ਼, ਪੜ੍ਹਨਾ-ਲਿਖਣਾ, ਦੱਬੇ ਕੁਚਲਿਆਂ ਲਈ ਦਿਨ ਰਾਤ ਕੰਮ ਕਰਨਾ, ਸਪਸ਼ਟ ਤੇ ਨਿਰਪੱਖ ਸੋਚ ਰੱਖਣੀ, ਨਿਡਰਤਾ ਨਾਲ ਆਪਣਾ ਪੱਖ ਰੱਖਣਾ ਆਦਿ ਉਹਨਾਂ ਦੇ ਹੋਰ ਦੂਜੇ ਗੁਣ ਸਨ। ਉਹ ਮਾਸਿਕ 'ਕੌਮੀ ਉਡਾਰੀਆਂ' ਪੱਤਰ ਕੱਢਦੇ ਰਹੇ ਜਿਸ ਵਿਚ ਦੱਬੇ ਕੁਚਲੇ ਸਮਾਜ ਦੀਆਂ ਦੁਸ਼ਵਾਰੀਆਂ, ਦਿਸ਼ਾ ਨਿਰਦੇਸ਼, ਰਾਹਤ, ਸੇਧ ਦਾ ਹੀ ਜ਼ਿਕਰ ਹੁੰਦਾ। ਬਹੁਜਨ ਸਮਾਜ ਲਹਿਰ ਦੇ ਮੋਢੀ ਕਾਂਸ਼ੀ ਰਾਮ ਜੀ ਨਾਲ ਉਹ ਮੋਢੇ ਨਾਲ ਮੋਢਾ ਲਾ ਕੇ ਤੁਰਦੇ ਰਹੇ। ਸਮਾਜ ਲਈ ਕੰਮ ਆਉਣ ਦਾ ਜਜ਼ਬਾ ਉਹਨਾਂ ਵਿਚ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਇਹ ਉਹਨਾਂ ਦੀ ਸੇਧ ਅਤੇ ਸਿੱਖਿਆ ਦਾ ਹੀ ਅਸਰ ਹੋਵੇਗਾ ਕਿ ਉਹਨਾਂ ਦੇ ਛੋਟੇ ਭਰਾ ਪੀ. ਸੀ. ਚੁੰਬਰ ਉਹਨਾਂ ਦੇ ਕਦਮ ਚਿੰਨ੍ਹਾਂ ਤੇ ਚੱਲਦੇ ਹੋਏ ਸਮਾਜਿਕ ਸੇਧ ਲਈ ਹੀ ਦੇਸ਼ ਤੋਂ ਦੂਰ ਅਮਰੀਕਾ ਦੀ ਧਰਤੀ ਤੋਂ ਦੋ ਹਫਤਾਵਾਰੀ 'ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼' ਬੜੀ ਸਫਲਤਾ ਨਾਲ ਚਲਾ ਰਹੇ ਹਨ।

ਸੀ. ਐਲ. ਚੁੰਬਰ ਦੇ ਜਾਣ ਨਾਲ ਚੁੰਬਰ ਪਰਿਵਾਰ ਨੂੰ ਤਾਂ ਨਿਸ਼ਚੇ ਹੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਕੌਮ ਅਤੇ ਸਮਾਜ ਤੋਂ ਵੀ ਉਹਨਾਂ ਦਾ ਘਾਟਾ ਨਹੀਂ ਪੂਰਿਆ ਜਾਣਾ। ਉਹਨਾਂ ਦੀ ਉਮਰ ਹਾਲੇ ਕੋਈ ਤੁਰ ਜਾਣ ਦੀ ਹੈ ਵੀ ਨਹੀਂ ਸੀ। ਹਾਲੇ ਤਾਂ ਛੇ ਦਹਾਕੇ ਵੀ ਪੂਰੇ ਨਹੀਂ ਸੀ ਹੋਏ। ਇਹੀ ਤਾਂ ਉਮਰ ਸੀ ਜਦੋਂ ਪ੍ਰੌੜਤਾ ਨਾਲ ਸਮਾਜ ਨੂੰ ਸਹੀ ਰਾਹ ਵਿਖਾ ਕੇ ਸੱਚੇ ਮਾਰਗ ਦਾ ਗਾਡੀ ਬਣਿਆ ਜਾ ਸਕਦਾ ਸੀ। ਕਾਸ਼! ਚੁੰਬਰ ਸਾਹਿਬ ਘੱਟੋ ਘੱਟ ਦੋ ਕੁ ਦਹਾਕੇ ਹੋਰ ਸਾਡੇ ਵਿਚਕਾਰ ਰਹਿ ਸਕਦੇ!

# ਡਾਕਟਰ ਭੀਮ ਰਾਓ ਅੰਬੇਡਕਰ ਦੇ ਬੁੱਤ ਦੇ ਹੋਏ ਅਪਮਾਨ ਦੇ ਵਿਰੋਧ ਵਿੱਚ ਰੋਸ ਮਾਰਚ ਕਰਕੇ ਐਸ ਡੀ ਐਮ ਰਾਹੀਂ ਮਾਣਯੋਗ ਰਾਜਪਾਲ ਨੂੰ ਮੰਗ ਪੱਤਰ ਦਿੱਤਾ

26 ਜਨਵਰੀ ਨੂੰ ਅਮ੍ਰਿਤਸਰ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਦੇ ਬੁੱਤ ਦੇ ਹੋਏ ਅਪਮਾਨ ਦੇ ਵਿਰੋਧ ਵਿੱਚ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਸਮੂਹ ਅੰਬੇਡਕਰ ਸੋਚ ਨਾਲ ਜੁੜੀਆਂ ਜਥੇਬੰਦੀਆਂ ਵੱਲੋਂ ਰੋਸ਼ ਮਾਰਚ ਕੀਤਾ ਗਿਆ ਅਤੇ ਐਸ ਡੀ ਐਮ ਰਾਹੀਂ ਮਾਣਯੋਗ ਰਾਜਪਾਲ ਨੂੰ ਮੰਗ ਪੱਤਰ ਦਿਤਾ ਗਿਆ। ਇਸ ਮੌਕੇ ਹਾਜਰ ਡਾਕਟਰ ਰਣਵੀਰ ਸਿੰਘ ਲੋਧੀਪੁਰ ਪ੍ਰਧਾਨ ਡਾਕਟਰ ਭੀਮ ਰਾਓ ਅੰਬੇਡਕਰ ਵੈਲਫੇਅਰ ਸੁਸਾਇਟੀ, ਦਇਆ ਸਿੰਘ ਰਿਟਾਇਰਡ ਲੈਕਚਰਾਰ, ਠੇਕੇਦਾਰ ਨਿਰਮਲ ਸਿੰਘ ਸੁੰਮਨ ਸਾਬਕਾ ਇੰਚਾਰਜ ਬਸਪਾ, ਕੁਲਦੀਪ ਸਿੰਘ ਬੰਗਾ ਸਿਨੀਅਰ ਕਾਂਗਰਸੀ ਆਗੂ, ਰਾਜ ਘਈ ਪ੍ਰਧਾਨ ਆਦਿ ਅੰਬੇਡਕਰ ਸਮਾਜ, ਜਸਵੀਰ ਸਿੰਘ ਕੈਂਥ, ਕਰਮ ਸਿੰਘ ਕੈਂਥ, ਕੇਵਲ ਸਿੰਘ ਸਾਬਕਾ ਪ੍ਰਧਾਨ ਕਬੀਰ ਪੰਥੀ ਸਮਾਜ ਸੁਧਾਰ ਸਭਾ, ਮਾਸਟਰ ਲਾਲ ਸਿੰਘ ਲਾਲੀ, ਮਾਸਟਰ ਅਜੇ ਬੈਂਸ, ਮਾਸਟਰ ਗੁਰਦੇਵ ਸਿੰਘ ਡੱਬਰੀ, ਦਰਸ਼ਨ ਸਿੰਘ ਮਜਾਰਾ, ਨਰਿੰਦਰ ਸਿੰਘ ਢੇਰ, ਮਾਸਟਰ ਰਤਨ ਚੰਦ ਮਜਾਰਾ, ਭਜਨ ਸਿੰਘ ਮਜਾਰਾ,



ਕਰਮ ਚੰਦ ਮਜਾਰਾ, ਦਲੀਪ ਹੰਸ ਚੇਅਰਮੈਨ ਹੈਲਪ ਫਾਊਂਡੇਸ਼ਨ, ਰਾਮ ਪ੍ਰਕਾਸ਼ ਸਿੰਘ ਲੰਬੜਦਾਰ, ਮਹਿੰਦਰ ਸਿੰਘ ਮਜਾਰਾ, ਲੱਕੀ, ਸ਼ਵਿੰਦਰ ਸਿੰਘ ਮਾਤਾ ਜੀਤੋ ਜੀ ਸੇਵਾ ਸੋਸਾਇਟੀ, ਜਸਵੰਤ ਸਿੰਘ ਭਟਨਾਗਰ, ਦਰਸ਼ਨ ਸਿੰਘ, ਮਹਿੰਦਰ ਸਿੰਘ ਆਦਿ ਨੇ ਬਾਬਾ ਸਾਹਿਬ ਦੇ ਬੁੱਤ ਕੋਲ ਇਕੱਠੇ ਹੋਕੇ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਮੂਰਤੀ ਨੂੰ ਤੋੜਨ ਦੀ ਕੀਤੀ ਕੋਸ਼ਿਸ਼ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾਂ ਇਸ ਘਟਨਾ ਦੀ ਸੱਖਤ ਸ਼ਬਦਾਂ ਵਿੱਚ ਨਿੰਦਿਆਂ ਕਰਦਿਆਂ ਕਿਹਾ ਕਿ ਇਸ ਮੰਦਭਾਗੀ ਘਟਨਾ ਨੇ ਸਮੁੱਚੇ ਦਲਿਤ ਸਮਾਜ ਦੀਆਂ ਭਾਵਨਾਵਾਂ ਨੂੰ ਵਲੂੰਧਰਿਆ ਹੈ। ਇਸ ਘਟਨਾ ਨਾਲ ਸਮਾਜ ਵਿੱਚ ਭਾਰੀ ਰੋਸ ਹੈ।

ਉਹਨਾਂ ਸਰਕਾਰ ਤੋ ਮੰਗ ਕਰਦਿਆਂ ਕਿਹਾ ਕਿ ਅਪਰਾਧੀ ਨੂੰ ਬਣਦੀ ਸਜ਼ਾ ਜਲਦ ਤੋਂ ਜਲਦ ਦਿੱਤੀ ਜਾਵੇ ਅਤੇ ਇਸ ਘਟਨਾ ਦੀ ਉੱਚ ਪੱਧਰੀ ਜਾਂਚ ਕਰਵਾਕੇ ਇਸ ਘਟਨਾ ਪਿੱਛੇ ਅਤੇ ਪੰਜਾਬ ਦਾ ਮਾਹੌਲ ਖਰਾਬ ਕਰਨ ਵਾਲੀਆਂ ਤਾਕਤਾਂ ਦੇ ਚਿਹਰੇ ਸਮਾਜ ਸਾਹਮਣੇ ਲਿਆਂਦੇ ਜਾਣ।

ਉਹਨਾਂ ਕਿਹਾ ਕਿ ਜੋ ਲੋਕ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਵਿਚਾਰਧਾਰਾ ਦੇ ਖਿਲਾਫ ਹਨ ਉਹਨਾਂ ਨੂੰ ਬਣਦੀ ਸਜ਼ਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਡਾਕਟਰ ਅੰਬੇਡਕਰ ਸਿਰਫ ਇੱਕ ਮੂਰਤੀ ਨਹੀਂ ਵਿਚਾਰ ਹਨ ਜੋ ਕਦੇ ਨਹੀਂ ਖਤਮ ਹੋ ਸਕਦੇ। ਇਸ ਘਟਨਾ ਖਿਲਾਫ ਐਸਡੀਐਮ ਸ੍ਰੀ ਅਨੰਦਪੁਰ ਸਾਹਿਬ ਜਸਪ੍ਰੀਤ ਸਿੰਘ ਦੇ ਰਾਹੀਂ ਮਾਣਯੋਗ ਰਾਜਪਾਲ ਪੰਜਾਬ ਦੇ ਨਾਮ ਮੰਗ ਪੱਤਰ ਦਿੱਤਾ ਗਿਆ। **– ਐਡਵੋਕੇਟ ਕੁਲਦੀਪ ਚੰਦ**

# ਨਿਊਜ਼ੀਲੈਂਡ ਦੇ ਰਮਣੀਕ ਪਹਾੜੀ ਖੇਤਰ 'ਚ ਹੋਈ ਮੈਰਾਥਨ ਦੌੜ ਵਿਚ-ਦਰਜਨਾਂ ਤੱਕ ਪਹੁੰਚੇ ਪੰਜਾਬੀ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਬੀਤੇ ਦਿਨੀਂ ਨਿਊਜ਼ੀਲੈਂਡ ਦੀ ਇਕ ਬਹੁਤ ਹੀ ਰਮਣੀਕ ਥਾਂ ਕਲੇਵਡਨ ਵਿਲੇਜ ਵਿਖੇ 'ਕਲੇਵਡਨ ਅਰਧ ਮੈਰਾਥਨ' ਦੌੜ ਦਾ ਆਯੋਜਨ ਹੋਇਆ। ਇਹ ਇਕ ਅਜਿਹੀ ਦੌੜ ਸੀ ਜਿਸ ਨੂੰ ਖਤਮ ਕਰਨ ਤੋਂ ਪਹਿਲਾਂ ਚਲਦੇ ਵਾਇਰੋਆ ਰਿਵਰ ਨਾਲ ਲੈਅ ਮਿਲਾ ਕੇ ਖੂਬਸੂਰਤ ਅਹਿਸਾਸ ਲਿਆ ਗਿਆ। ਰਿਵਰ ਦੀ ਆਪਣੀ ਚਾਲ ਅਤੇ ਮੈਰਾਥਨ ਦੌੜਨ ਵਾਲਿਆਂ ਦੀ ਮੰਜ਼ਿਲ ਦੋਵੇਂ ਦੌੜਦੇ ਜਾਪਦੇ ਸਨ। ਮੈਰਾਥਨ ਦੇ ਵਿਚ ਆਮ ਤੌਰ 'ਤੇ ਸਥਾਨਿਕ ਭਾਈਚਾਰੇ ਦੇ ਲੋਕ ਤਾਂ ਇਨ੍ਹਾਂ ਵਿਚ ਬਹੁਤ ਭਾਗ ਲੈਂਦੇ ਹੀ ਹਨ ਪਰ ਪੰਜਾਬੀਆਂ ਦੀ ਗਿਣਤੀ ਨਾ-ਮਾਤਰ ਹੀ ਹੁੰਦੀ ਸੀ। ਪਰ ਹੁਣ ਖੁਸ਼ੀ ਦੀ ਗੱਲ ਹੈ ਕਿ



ਇਥੇ ਪੰਜਾਬੀਆਂ ਦੀ ਗਿਣਤੀ ਦੋ ਦਰਜਨ ਤੋਂ ਵਧ ਗਈ ਹੈ ਜਿਸ ਦੇ ਵਿਚ ਨੌਜਵਾਨ ਬੱਚੇ ਬੱਚੀਆਂ ਤੋਂ ਲੈ ਕੇ ਜਵਾਨ ਬਜ਼ੁਰਗ ਵੀ ਸ਼ਾਮਿਲ ਸਨ। ਇਸ ਮੈਰਾਥਨ ਦੇ ਵਿਚ 21 ਕਿਲੋਮੀਟਰ, 10 ਕਿਲੋਮੀਟਰ ਅਤੇ 5 ਕਿਲੋਮੀਟਰ ਦੀ ਦੌੜ ਦੀ ਚੋਣ ਕੀਤੀ ਜਾ ਸਕਦੀ ਸੀ।

ਪੰਜਾਬੀਆਂ ਵਿਚੋਂ ਬਾਜਵਾ, ਬੇਦੀ, ਸੰਨੀ ਸਿੰਘ, ਬਾਠ, ਸਮਰਾ ਅਤੇ ਸ਼ਰਮਾ ਦੇ ਪਰਿਵਾਰਾਂ ਨੇ ਹਿੱਸਾ ਲਿਆ ਹੈ। ਤਾਪਮਾਨ 30 ਡਿਗਰੀ ਸੀ ਪਰ ਹੰਸੂ-ਹੰਸੂ ਕਰਦੀ ਬਨਸਪਤੀ ਨੇ ਸਾਹ ਸ਼ੀਤਲ ਬਣਾਈ ਰੱਖੇ। ਇਸ ਮੈਰਾਥਨ ਦੇ ਵਿਚ ਚਾਰ ਦਸਤਾਰਧਾਰੀ ਵੀ ਖਿੱਚ ਦਾ ਕੇਂਦਰ ਰਹੇ। ਸੋਨੇ 'ਤੇ ਸੁਹਾਗੇ ਵਾਲਾ ਕੰਮ ਪੰਜਾਬੀ ਬਜ਼ੁਰਗ ਕਰ ਗਏ।

# ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਨੂੰ ਆਧੁਨਿਕ ਦੌਰ ਦਾ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਜਾ ਰਹੀ- ਲਾਲ ਚੰਦ ਕਟਾਰੂਚੱਕ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਅਜੋਕੇ ਆਧੁਨਿਕ ਦੌਰ ਵਿੱਚ ਮਿਆਰੀ ਸਿੱਖਿਆ ਪ੍ਰਦਾਨ ਕਰਕੇ ਸਮੇਂ ਦਾ ਹਾਣੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਸੂਬਾ ਸਰਕਾਰ ਵੱਲੋਂ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਕਰਨ ਲਈ ਅਤਿ ਆਧੁਨਿਕ ਬੁਨਿਆਦੀ ਢਾਂਚਾ ਵਿਕਸਿਤ ਕੀਤਾ ਜਾ ਰਿਹਾ ਹੈ ਅਤੇ ਸਕੂਲੀ ਸਿੱਖਿਆ ਵਿੱਚ ਨਿਰੰਤਰ ਸੁਧਾਰ ਲਿਆਉਣ ਦੀ ਦਿਸ਼ਾ ਵੱਲ ਕੰਮ ਕੀਤਾ ਜਾ ਰਿਹਾ ਹੈ। ਇਸੇ ਸੁਧਾਰ ਤਹਿਤ ਸਰਕਾਰ ਵੱਲੋਂ ਜ਼ਿਲ੍ਹਾ ਪਠਾਨਕੋਟ ਦੇ 351 ਪ੍ਰਾਇਮਰੀ ਸਕੂਲਾਂ ਨੂੰ ਹੋਲੀਸਟਿਕ ਪਲਾਨ(ਸਕੂਲ ਆਫ਼ ਹੈਪੀਨੈਂਸ), ਹੋਲੀਸਟਿਕ ਪਲਾਨ ( ਸਕੂਲ ਆਫ਼ ਬਰੀਲੀਅੰਸ), ਅਡੀਸਨਲ ਕਲਾਸਰੂਮ, ਐਨ।ਐਸ।ਕਿ ਲੈਬ, ਸਪੋਰਟਸ ਟਰੈਕ, ਪ੍ਰਪੋਜਲ ਨਬਾਰਡ 30, ਏਸੀਆਰ ਪ੍ਰਪੋਜ਼ਲ ਨਬਾਰਡ 30, ਚਾਰਦੀਵਾਰੀ, ਲਿਸਨਿੰਗ ਲੈਬ, ਰਿਪੇਅਰ ਅਤੇ ਰੱਖ-ਰਖਾਵ ਲਈ 8 ਕਰੋੜ 63 ਲੱਖ 47 ਹਜ਼ਾਰ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਵੱਲੋਂ ਸਪੈਸ਼ਲ ਰਿਸੋਰਸ ਸੈਂਟਰ ਮਾਡਲ ਟਾਊਨ ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂ-ਟਰੀ ਸ੍ਰੀ ਡੀਜੀ ਸਿੰਘ ਦੀ ਅਗਵਾਈ ਹੇਠ ਰੱਖੇ ਸਮਰੋਹ ਦੌਰਾਨ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਨੂੰ ਪੰਜਾਬ ਸਰਕਾਰ ਵੱਲੋਂ ਗ੍ਰਾਂਟਾਂ ਸਬੰਧੀ ਜਾਰੀ ਪੱਤਰ ਸੌਂਪਦੇ ਹੋਏ ਕੀਤਾ। ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵਲੋਂ ਸਰਕਾਰੀ ਸਕੂਲਾਂ ਵਿੱਚ ਬਹੁਤ ਜ਼ਿਅਦਾ ਸੁਧਾਰ ਕੀਤਾ ਜਾ ਰਿਹਾ




ਹੈ। ਕੋਈ ਸਮਾਂ ਸੀ ਜਦੋਂ ਆਮ ਵਿਅਕਤੀ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣ ਨੂੰ ਹੀ ਤਰਜ਼ੀਹ ਦਿੰਦੇ ਸਨ ਪ੍ਰੰਤੂ ਮੌਜੂਦਾ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਕੀਤੇ ਗਏ ਇਤਿਹਾਸਕ ਉਪਰਾਲਿਆਂ ਸਦਕਾ ਅੱਜ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਦੀ ਗਿਣਤੀ ਵਿੱਚ ਵੱਡਾ ਇਜ਼ਾਫਾ ਹੋ ਰਿਹਾ ਹੈ।

ਉਨ੍ਹਾਂ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚੇ ਸਰਕਾਰੀ ਸਕੂਲਾਂ ਵਿਚ ਦਾਖਲ ਕਰਵਾਉਣ ਕਿਉਂਕਿ ਹੁਣ ਸਰਕਾਰੀ ਸਕੂਲਾਂ ਵਿਚ ਕਾਫ਼ੀ ਬਦਲਾਅ ਹੋ ਚੁੱਕਿਆ ਹੈ ਅਤੇ ਪੜਾਈ ਅਤੇ ਬੁਨਿਆਦੀ ਢਾਂਚੇ ਵਿਚ ਪੂਰਾ ਸੁਧਾਰ ਲਿਆਂਦਾ ਗਿਆ ਹੈ।

ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਸਰਕਾਰ ਵੱਲੋਂ 3 ਸਕੂਲ ਆਫ਼ ਹੈਪੀਨੈਂਸ ਨੂੰ 52 ਲੱਖ 29 ਹਜ਼ਾਰ, ਇੱਕ ਸਕੂਲ ਆਫ਼ ਬਰੀਲੀਅੰਸ ਨੂੰ 17 ਲੱਖ 81 ਹਜ਼ਾਰ, ਪੰਜ ਸਕੂਲਾਂ ਨੂੰ ਅਡੀਸਨਲ ਕਲਾਸਰੂਮ ਬਣਾਉਣ ਲਈ 31 ਲੱਖ 51 ਹਜ਼ਾਰ, ਇੱਕ ਸਕੂਲ ਨੂੰ ਐਨ।ਐਸ।ਕਿ ਲੈਬ ਲਈ 7 ਲੱਖ 51 ਹਜ਼ਾਰ, ਸਪੋਰਟਸ ਟਰੈਕ ਬਣਾਉਣ ਲਈ 4 ਸਕੂਲਾਂ ਨੂੰ 6 ਲੱਖ 4 ਹਜ਼ਾਰ, 3 ਸਕੂਲਾਂ ਨੂੰ ਨਬਾਰਡ 30 ਅਧੀਨ 2 ਕਰੋੜ 53 ਲੱਖ 96 ਹਜ਼ਾਰ, ਏਸੀਆਰ ਪ੍ਰਪੋਜ਼ਲ ਨਬਾਰਡ 30 ਅਧੀਨ 16 ਸਕੂਲਾਂ ਨੂੰ 1 ਕਰੋੜ 52 ਲੱਖ 8 ਹਜ਼ਾਰ, 102 ਸਕੂਲਾਂ ਨੂੰ ਚਾਰਦੀਵਾਰੀ ਲਈ 2 ਕਰੋੜ 8 ਲੱਖ ਰੁਪਏ, 62 ਸਕੂਲਾਂ ਨੂੰ ਲਿਸਨਿੰਗ ਲੈਬ ਲਈ 6 ਲੱਖ 2 ਹਜ਼ਾਰ ਰੁਪਏ ਅਤੇ 154 ਸਕੂਲਾਂ ਨੂੰ ਰਿਪੇਅਰ ਅਤੇ ਰੱਖ-ਰਖਾਵ ਲਈ 1 ਕਰੋੜ 26 ਲੱਖ 89 ਹਜ਼ਾਰ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ। ਇਸ ਤਰ੍ਹਾਂ ਕੁੱਲ 351 ਸਕੂਲਾਂ ਨੂੰ 8 ਕਰੋੜ 63 ਲੱਖ 47 ਦੀ ਗ੍ਰਾਂਟ ਜਾਰੀ ਕੀਤੀ ਗਈ ਹੈ।

ਉਨ੍ਹਾਂ ਗ੍ਰਾਂਟ ਪ੍ਰਾਪਤ ਕਰਨ ਵਾਲੇ ਸਕੂਲ ਮੁਖੀਆਂ ਨੂੰ ਕਿਹਾ ਕਿ ਉਹ ਪ੍ਰਾਪਤ ਹੋਈ ਗ੍ਰਾਂਟ ਨੂੰ ਤਹਿ ਸਮੇਂ ਦੌਰਾਨ ਵਿਭਾਗੀ ਨਿਯਮਾਂ ਅਨੁਸਾਰ ਖ਼ਰਚ ਕਰਨ ਅਤੇ ਇਸ ਸਬੰਧੀ ਪੂਰਾ ਰਿਕਾਰਡ ਮੇਨਟੇਨ ਰੱਖਿਆ ਜਾਵੇ। ਉਨ੍ਹਾਂ ਮਾਪਿਆਂ ਨੂੰ ਫਿਰ ਅਪੀਲ ਕਰਦਿਆਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਦਾਖਲਾ ਸ਼ੁਰੂ ਹੋ ਚੁੱਕਿਆ ਹੈ ਮਾਪੇ ਅੱਜ ਹੀ ਆਪਣੇ ਬੱਚੇ ਨੂੰ ਨੇੜੇ ਦੇ ਸਰਕਾਰੀ ਸਕੂਲ ਵਿੱਚ ਦਾਖਲ ਕਰਵਾ ਕੇ ਸਰਕਾਰ ਵੱਲੋਂ ਦਿੱਤੇ ਜਾ ਰਹੇ ਲਾਭਾਂ ਦਾ ਫਾਇਦਾ ਲੈਣ।

ਇਸ ਮੌਕੇ ਤੇ ਬੀਪੀਈ ਸ੍ਰੀ ਕੁਲਦੀਪ ਸਿੰਘ, ਸਤੀਸ਼ ਮਹਿੰਦਰੂ ਚੇਅਰਮੈਨ ਹਿੰਦੂ ਕੋਪਰੇਟਿਵ ਬੈਂਕ, ਡਾ। ਮਨਦੀਪ ਸ਼ਰਮਾਂ, ਸਵਿਤਾ ਸ਼ਰਮਾਂ, ਰੇਣੂ ਬਾਲਾ, ਸੁਨੀਤਾ, ਰਾਜੂ ਬਾਲਾ, ਰੀਤੂ ਸ਼ਰਮਾਂ, ਰਵੀ ਕੁਮਾਰ, ਰਾਕੇਸ਼ ਕੁਮਾਰ, ਰੁਮਾਨੀ, ਸੋਨੀਆ, ਇੰਦਰਜੀਤ, ਬਲਕਾਰ ਅੱਤਰੀ ਆਦਿ ਹਾਜ਼ਰ ਸਨ।

# ਪੰਜਾਬੀ ਸਾਹਿਤ ਸਭਾ ਵੱਲੋਂ ਡਿਜੀਟਲ ਲਾਇਬ੍ਰੇਰੀ ਹੁਸ਼ਿਆਰਪੁਰ ਵਿਖੇ ਮਸਨੂਈ ਬੌਧਿਕਤਾ 'ਤੇ ਹੋਈ ਭਰਵੀਂ ਚਰਚਾ

**ਹੁਸ਼ਿਆਰਪੁਰ–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵੱਲੋਂ ਡਿਜੀਟਲ ਲਾਇਬ੍ਰੇਰੀ ਹੁਸ਼ਿਆਰਪੁਰ ਵਿਖੇ ਸਭਾ ਦੇ ਪ੍ਰਧਾਨ ਜਸਬੀਰ ਸਿੰਘ ਧੀਮਾਨ ਦੀ ਪ੍ਰਧਾਨਗੀ ਹੇਠ ਭਰਵੀਂ ਮੀਟੰਗ ਹੋਈ ਜਿਸ ਵਿੱਚ ਸਾਹਿਤਕਾਰਾਂ ਅਤੇ ਪੰਜਾਬੀ ਦੇ ਅਦੀਬਾਂ ਨੇ ਸ਼ਿਰਕਤ ਕੀਤੀ। ਆਏ ਹੋਏ ਸਾਹਿਤਕਾਰਾਂ ਅਤੇ ਅਦੀਬਾਂ ਲਈ ਜੀ ਆਇਆਂ ਸ਼ਬਦ ਆਖਣ ਉਪਰੰਤ ਸਭਾ ਦੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਡਾ. ਜਗਵਿੰਦਰ ਜੋਧਾ ਦੇ ਪਿਤਾ ਜੀ ਸ. ਸਰਬਜੀਤ ਸਿੰਘ, ਹੁਣ ਮੈਗਜ਼ੀਨ ਦੇ ਸੰਪਾਦਕ ਸੁਸ਼ੀਲ ਦੁਸਾਂਝ ਦੇ ਮਾਤਾ ਜੀ ਸ਼੍ਰੀਮਤੀ ਰਕਸ਼ਾ ਦੇਵੀ ਅਤੇ ਦਿੱਲੀ ਤੋਂ ਅੰਗਰੇਜ਼ੀ ਭਾਸ਼ਾ ਦੇ ਵੱਡੇ ਵਿਦਵਾਨ ਅਤੇ ਸੰਪਾਦਕ ਪ੍ਰੋਫੈਸਰ ਟੀ.ਸੀ. ਘਈ ਹੁਰਾਂ ਦੇ ਅਚਨਚੇਤ ਵਿਛੋੜੇ ਕਾਰਨ ਪਏ ਸਾਹਿਤਕ ਘਾਟੇ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਗੰਭੀਰ ਸੰਵੇਦਨਾ ਪ੍ਰਗਟ ਕਰਦਿਆਂ ਸ਼ੋਕ ਮਤਾ ਪੇਸ਼ ਕੀਤਾ ਜਿਸਨੂੰ ਸਾਰੇ ਮੈਂਬਰਾਂ ਨੇ ਪਾਸ ਕਰਦਿਆਂ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਂਟ ਕੀਤੀ।ਸਾਹਿਤ ਸਭਾ ਵੱਲੋਂ ਇਸ ਵਾਰ ਮਸਨੂਈ ਬੌਧਿਕਤਾ 'ਤੇ ਕਰਵਾਈ ਗਈ ਚਰਚਾ




ਵਿੱਚ ਮੁਖ ਭਾਸ਼ਣ ਦਿੰਦਿਆਂ ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਮਸਨੂਈ ਬੌਧਿਕਤਾ ਕੰਪਿਊਟਰ ਵਿਗਿਆਨ ਦੀ ਹੀ ਇੱਕ ਸ਼ਾਖ਼ਾ ਹੈ ਜਿਹੜੀ ਮਨੁੱਖੀ ਬੁਧੀ ਦੀ ਨਕਲ ਕਰਨ ਵਾਲੀਆਂ ਮਸ਼ੀਨਾਂ ਦੀ ਸਮਰੱਥਾ ਨੂੰ ਦਰਸਾਉਂਦੀ ਹੈ।ਅਜੋਕੇ ਯੁਗ ਵਿੱਚ ਮਨੁਖੀ ਹੱਥ ਦੁਆਰਾ ਹੋਣ ਵਾਲੇ ਕੰਮਾਂ 'ਤੇ ਮਸ਼ੀਨਾਂ ਦਾ ਕਬਜ਼ਾ ਹੋ ਗਿਆ ਹੈ। ਮੈਡੀਕਲ, ਸਿੱਖਿਆ, ਤਕਨਾਲੋਜੀ, ਸੁਰੱਖਿਆ, ਸਪੇਸ ਵਿੱਚ ਏ ਆਈ ਦੇ ਕੰਮਾਂ ਨੇ ਮਾਰਮਿਕ ਭੂਮਿਕਾ ਨਿਭਾਈ ਹੈ।ਦੇਸ਼ ਦੇ ਵਿਕਾਸ ਲਈ ਏ ਆਈ ਦੀ ਵਰਤੋਂ ਚੰਗੇ ਸਿੱਟੇ ਸਾਹਮਣੇ ਲਿਆ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਬਾਰੇ ਕਈ ਤਰ੍ਹਾਂ ਦੇ ਤੌਖਲੇ ਵੀ ਸਾਹਮਣੇ ਆ ਰਹੇ ਹਨ ਕਿ ਇਹ ਬੇ-ਰੋਜ਼ਗਾਰੀ ਵਧਾਏਗੀ, ਕਿਤੇ ਮਨੁਖ ਨੂੰ ਹੀ ਨਾ ਪਾਸੇ ਕਰਕੇ ਅੱਗੇ ਲੰਘ ਜਾਵੇ ਆਦਿ।ਫਿਰ ਵੀ ਜੇਕਰ ਅਸੀਂ ਇਸਦੀ ਸਾਰਥਿਕ ਵਰਤੋਂ ਕਰਾਂਗੇ ਤਾਂ ਇਹ ਸਾਡੀ ਭਾਸ਼ਾ ਦੇ ਵਿਕਾਸ ਅਤੇ ਤਰੱਕੀ ਲਈ ਵੀ ਸਹਾਈ ਹੋਵੇਗੀ। ਚਰਚਾ ਵਿੱਚ ਜਸਬੀਰ ਸਿੰਘ ਧੀਮਾਨ, ਮਦਨ ਵੀਰਾ, ਡਾ. ਸੁਖਦੇਵ ਸਿੰਘ ਢਿੱਲੋਂ, ਡਾ. ਸ਼ਮਸ਼ੇਰ ਮੋਹੀ ਨੇ ਵੀ ਹਿੱਸਾ ਲਿਆ ਤੇ ਇਸ ਨਵੀਂ ਵਿਧਾ ਨਾਲ ਜੁੜਨ ਲਈ ਕਿਹਾ। ਚਰਚਾ ਤੋਂ ਬਾਅਦ ਰਚਨਾਵਾਂ ਦੇ ਚੱਲੇ ਦੌਰ ਵਿੱਚ ਜਸਬੀਰ ਸਿੰਘ ਧੀਮਾਨ, ਮਦਨ ਵੀਰਾ, ਡਾ. ਸ਼ਮਸ਼ੇਰ ਮੋਹੀ, ਡਾ. ਦਰਸ਼ਨ ਸਿੰਘ ਦਰਸ਼ਨ, ਹਰਦਿਆਲ ਹੁਸ਼ਿਆਰਪੁਰੀ, ਸੁਰਿੰਦਰ ਕੰਗਵੀ, ਲੈਕਚਰਾਰ ਲਖਵਿੰਦਰ ਰਾਮ, ਡਾ. ਅਜੀਤ ਸਿੰਘ ਜੱਬਲ, ਆਯੂਸ਼ ਸ਼ਰਮਾ ਨੇ ਹਿੱਸਾ ਲਿਆ।

ਪ੍ਰਧਾਨਗੀ ਭਾਸ਼ਣ ਪੇਸ਼ ਰਚਨਾਵਾਂ 'ਤੇ ਜਸਬੀਰ ਸਿੰਘ ਧੀਮਾਨ ਨੇ ਸਾਰਥਕ ਟਿੱਪਣੀਆਂ ਦਿੰਦਿਆਂ ਦਿੱਤਾ। ਧੰਨਵਾਦੀ ਸ਼ਬਦ ਲਾਇਬ੍ਰੇਰੀਅਨ ਵਿਜੇ ਕੁਮਾਰ ਨੇ ਆਖੇ। ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖ਼ੂਬੀ ਨਿਭਾਈ।

# ਡਿਜ਼ੀਟਲ ਵਣਜਾਰੇ ਹੁਣ ਨਿਊਜ਼ੀਲੈਂਡ ਰਹਿ ਵਿਦੇਸ਼ੀ ਮਾਲਕਾਂ ਲਈ ਕੰਮ ਕਰ ਸਕਣਗੇ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਸਰਕਾਰ ਨੇ ਬੀਤੇ ਦਿਨੀਂ ਐਲਾਨ ਕੀਤਾ ਹੈ ਕਿ 27 ਜਨਵਰੀ 2025 ਤੋਂ ਬਾਅਦ ਵਿਚ ਲੱਗਣ ਵਾਲੇ ਵਿਜ਼ਟਰ ਵੀਜ਼ਿਆਂ ਦੇ ਵਿਚ ਇਸ ਗੱਲ ਦੀ ਸਹੂਲਤ ਦਿੱਤੀ ਜਾਵੇਗੀ ਕਿ ਉਹ ਇਥੇ ਰਹਿ ਕੇ ਆਪਣੇ ਵਿਦੇਸ਼ੀ ਰੁਜ਼ਗਾਰ ਦਾਤਾਵਾਂ ਦੇ ਲਈ ਕੰਮ ਕਰ ਸਕਣ। ਇਸ ਸਹੂਲਤ ਦਾ ਫਾਇਦਾ ਦੇ ਕੇ ਸਰਕਾਰ ਸੈਰ-ਸਪਾਟਾ ਕਾਰੋਬਾਰ ਨੂੰ ਹੋਰ ਵਧਾਉਣਾ ਚਾਹੁੰਦੀ ਹੈ। ਸੋ ਨਿਯਮ ਬਦਲੀ ਕੀਤੇ ਗਏ ਹਨ ਤਾਂ ਕਿ ਵਿਜ਼ਟਰ ਵੀਜ਼ਾ ਜਾਂ ਨਿਊਜ਼ੀਲੈਂਡ ਇਲੈਕਟ੍ਰਾਨਿਕ ਟ੍ਰੈਵਲ ਥਾਰਟੀ (NZeTA-New Zealand Electronic Travel Authority) ’ਤੇ ਆਉਣ ਵਾਲੇ ਲੋਕ ਜਾਂ ਵੀਜ਼ਾ ਮੁਕਤ ਦੇਸ਼ਾਂ ਦੇ ਆਉਣ ਵਾਲੇ ਲੋਕ ਨਿਊਜ਼ੀਲੈਂਡ ਦੀ ਯਾਤਰਾ ਦੌਰਾਨ ਆਪਣੇ ਵਿਦੇਸ਼ੀ ਮਾਲਕਾਂ (ਨਿਊਜ਼ੀਲੈਂਡ ਨਹੀਂ) ਲਈ ਕੰਮ ਕਰ ਸਕਣ। ਇਸ ਬਦਲਾਅ ਦਾ ਸਿਰਫ ਡਿਜ਼ੀਟਲ ਖਾਨਾਬਦੋਸ਼ਾਂ (ਵਣਜਾਰਿਆਂ) ਜਾਂ ਕਹਿ ਲਈਏ ਆਨ ਲਾਈਨ ਕੰਮ ਕਰਨ ਵਾਲਿਆਂ ਨੂੰ ਫਾਇਦਾ ਹੋਵੇਗਾ। ਸੌਖੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਡਿਜ਼ੀਟਲ ਖਾਨਾਬਦੋਸ਼ ਜਾਂ ਵਣਜਾਰੇ ਇਸ ਦਾ ਫਾਇਦਾ ਚੁੱਕ ਸਕਣਗੇ, ਜਿਹੜੇ ਭਾਰਤ ਵਾਸੀ ਆਮ ਘੁੰਮਣ ਫਿਰਨ ਆਏ ਹਨ, ਇਹ ਉਨ੍ਹਾਂ ਵਾਸਤੇ ਨਹੀਂ ਹੋਵੇਗਾ ਬੇਸ਼ਰਤੇ ਕਿ ਉਹ ਆਨ ਲਾਈਨ ਕੰਮ ਕਰਦੇ ਹੋਣ।

ਵਿਜ਼ਟਰ ਵੀਜ਼ਾ ਦੀਆਂ ਨਵੀਆਂ ਸ਼ਰਤਾਂ ਹੁਣ ਸੈਲਾਨੀਆਂ ਨੂੰ ਕਿਸੇ ਵਿਦੇਸ਼ੀ ਰੁਜ਼ਗਾਰਦਾਤਾ ਜਾਂ ਗਾਹਕ ਲਈ ਰਿਮੋਟ (ਦੂਰ) ਤੋਂ ਕੰਮ ਕਰਨ ਦੀ ਇਜਾਜ਼ਤ ਦੇਣਗੀਆਂ। ਇਹ ਤਬਦੀਲੀ 27 ਜਨਵਰੀ 2025 ਤੋਂ ਸਾਰੇ ਸੈਲਾਨੀਆਂ ਲਈ ਪ੍ਰਾਪਤ ਹੋਈਆਂ ਅਰਜ਼ੀਆਂ ’ਤੇ ਲਾਗੂ ਹੁੰਦੀ ਹੈ, ਜਿਸ ਵਿੱਚ ਸੈਲਾਨੀਆਂ ਅਤੇ ਪਰਿਵਾਰ ਨੂੰ ਮਿਲਣ ਆਉਣ ਵਾਲੇ ਲੋਕਾਂ ਅਤੇ ਲੰਬੇ ਸਮੇਂ ਦੇ ਵਿਜ਼ਟਰ ਵੀਜ਼ਿਆਂ ’ਤੇ ਭਾਈਵਾਲਾਂ ਅਤੇ ਸਰਪ੍ਰਸਤਾਂ ਲਈ ਸ਼ਾਮਿਲ ਹਨ। ਇਨ੍ਹਾਂ ਨਵੀਆਂ ਸ਼ਰਤਾਂ ਦਾ ਮਤਲਬ ਹੈ ਕਿ ਸੈਲਾਨੀ ਆਪਣੇ ਵੀਜ਼ਾ ਸ਼ਰਤਾਂ ਦੀ ਉਲੰਘਣਾ ਕੀਤੇ ਬਿਨਾਂ, ਇੱਕ ਡਿਜ਼ੀਟਲ ਨਾਮਵਰ (ਨੌਮੈਡ) ਵਜੋਂ ਨਿਊਜ਼ੀਲੈਂਡ ਵਿੱਚ ਰਹਿ ਸਕਦੇ ਹਨ ਅਤੇ ਪਿਛਲੇ ਕੰਮ ਨਾਲ




ਸੰਪਰਕ ਵਿੱਚ ਰਹਿ ਸਕਦੇ ਹਨ।

ਵਿਜ਼ਟਰ ਵੀਜ਼ਾ ਧਾਰਕਾਂ ਨੂੰ ਖਿਆਲ ਰੱਖਣਾ ਪਏਗਾ:-

* ਡਿਜ਼ੀਟਲ ਵਣਜਾਰੇ (ਆਨ ਲਾਈਨ ਕੰਮ ਕਰਨ ਵਾਲੇ) ਨਿਊਜ਼ੀਲੈਂਡ ਦੇ ਰੁਜ਼ਗਾਰਦਾਤਾ ਲਈ ਕੰਮ ਨਾ ਕਰਨ।
* ਨਿਊਜ਼ੀਲੈਂਡ ਵਿੱਚ ਲੋਕਾਂ ਜਾਂ ਕਾਰੋਬਾਰਾਂ ਨੂੰ ਚੀਜ਼ਾਂ ਜਾਂ ਸੇਵਾਵਾਂ ਪ੍ਰਦਾਨ ਕਰਨ ਵਿਚ ਨਾ ਲੱਗ ਜਾਣ।
* ਉਹ ਕੰਮ ਕਰਨ ਜਿਸ ਲਈ ਉਹਨਾਂ ਨੂੰ ਨਿਊਜ਼ੀਲੈਂਡ ਵਿੱਚ ਕੰਮ ਵਾਲੀ ਥਾਂ ’ਤੇ ਸਰੀਰਕ ਤੌਰ ’ਤੇ ਮੌਜੂਦ ਨਹੀਂ ਹੈ।

ਟੈਕਸ ਜਾਣਕਾਰੀ

* ਨਿਊਜ਼ੀਲੈਂਡ ਵਿੱਚ ਰਹਿੰਦੇ ਹੋਏ ਇੱਕ ਵਿਦੇਸ਼ੀ ਰੁਜ਼ਗਾਰਦ-ਤਾ ਲਈ ਕੰਮ ਕਰਨ ਤੋਂ ਇੱਕ ਡਿਜ਼ੀਟਲ ਨਾਮਵਰ ਦੀ ਆਮਦਨ ਦਾ ਟੈਕਸ ਉਸ ਵਿਅਕਤੀ ਦੇ ਵਿਅਕਤੀਗਤ ਹਾਲਾਤਾਂ ’ਤੇ ਨਿਰਭਰ ਕਰਦਾ ਹੈ ਅਤੇ ਵਿਅਕਤੀ ਆਪਣੇ ਹਾਲਾਤਾਂ ਨਾਲ ਸੰਬੰਧਿਤ ਟੈਕਸ ਨਿਯਮਾਂ ਨੂੰ ਸਮਝਣ ਲਈ ਜ਼ਿੰਮੇਵਾਰ ਹੁੰਦਾ ਹੈ।
* ਆਮ ਤੌਰ ’ਤੇ, ਜੇਕਰ ਵਿਅਕਤੀ ਦੀ ਆਮਦਨ ’ਤੇ ਕਿਤੇ ਹੋਰ ਟੈਕਸ ਲੱਗਿਆ ਹੋਇਆ ਹੈ, ਤਾਂ ਨਿਊਜ਼ੀਲੈਂਡ ਇਸ ਨੂੰ ਟੈਕਸ ਤੋਂ ਛੋਟ ਦੇਵੇਗਾ ਜੇਕਰ ਵਿਅਕਤੀ 12-ਮਹੀਨੇ ਦੀ ਮਿਆਦ ਵਿੱਚ ਨਿਊਜ਼ੀਲੈਂਡ ਵਿੱਚ 92 ਦਿਨਾਂ ਤੋਂ ਵੱਧ ਨਹੀਂ ਬਿਤਾਉਂਦਾ ਹੈ। ਇਹ ਦਿਨ ਲਗਾਤਾਰ ਹੋਣ ਦੀ ਲੋੜ ਨਹੀਂ ਹੈ।
* ਜੇਕਰ ਵਿਅਕਤੀ 40 ਤੋਂ ਵੱਧ ਦੇਸ਼ਾਂ ਵਿੱਚੋਂ ਕਿਸੇ ਇੱਕ ਵਿੱਚ ਟੈਕਸ ਨਿਵਾਸੀ ਹੈ ਜਿਸ ਨਾਲ ਨਿਊਜ਼ੀਲੈਂਡ ਦੀ ਟੈਕਸ ਸੰਧੀ ਹੈ (ਜਿਵੇਂ ਕਿ ਭਾਰਤ, ਆਸਟਰੇਲੀਆ, ਜ਼ਿਆਦਾਤਰ ਯੂਰਪ, ਯੂ.ਕੇ., ਯੂ.ਐਸ. ਅਤੇ ਜ਼ਿਆਦਾਤਰ ਏਸ਼ੀਆ), ਤਾਂ ਇਸ ਮਿਆਦ ਨੂੰ ਅਕਸਰ 183 ਦਿਨਾਂ ਤੱਕ ਵਧਾਇਆ ਜਾ ਸਕਦਾ ਹੈ। ਵਧੇਰੇ ਜਾਣਕਾਰੀ ਇਨਲੈਂਡ ਰੈਵੇਨਿਊ ਦੀ ਵੈੱਬਸਾਈਟ ’ਤੇ ਉਪਲਬਧ ਹੈ। ਵਰਨਣਯੋਗ ਹੈ ਕਿ ਨਿਊਜ਼ੀਲੈਂਡ ਦੀ ਇਸ ਵੇਲੇ ਦੋਹਰੇ ਟੈਕਸ ਸਮਝੌਤੇ (ਡੀ। ਟੀ।ਏ) ਅਧੀਨ 41 ਦੇਸ਼ਾਂ ਨਾਲ ਸੰਧੀ ਹੈ। ਭਾਰਤ ਨਾਲ ਇਹ ਸੰਧੀ 03 ਦਸੰਬਰ 1986 ਦੇ ਵਿਚ ਹੋਈ ਸੀ ਅਤੇ ਇਸ ਤੋਂ ਬਾਅਦ ਕੁਝ ਹੋਰ ਤਬਦੀਲੀਆਂ ਹੋਈਆਂ ਸਨ।
* ਜੇਕਰ ਵਿਅਕਤੀ ਛੋਟ ਲਈ ਸੰਬੰਧਿਤ ਸੀਮਾ ਤੋਂ ਵੱਧ ਸਮੇਂ ਲਈ ਨਿਊਜ਼ੀਲੈਂਡ ਵਿੱਚ ਮੌਜੂਦ ਹੈ, ਤਾਂ ਨਿਊਜ਼ੀਲੈਂਡ ਤੋਂ ਸੇਵਾਵਾਂ ਪ੍ਰਦਾਨ ਕਰਨ ’ਤੇ ਉਸਦੀ ਆਮਦਨ ’ਤੇ ਟੈਕਸ ਲੱਗੇਗਾ। ਇਹ ਟੈਕਸ ਉਹਨਾਂ ਦੀ ਨਿਊਜ਼ੀਲੈਂਡ ਦੀ ਮੌਜੂਦਗੀ ਦੇ ਪਹਿਲੇ ਦਿਨ ਤੋਂ ਲਾਗੂ ਹੋਵੇਗਾ ਅਤੇ ਨਿਊਜ਼ੀਲੈਂਡ ਨਿਵਾਸੀਆਂ ’ਤੇ ਲਾਗੂ ਹੋਣ ਵਾਲੀਆਂ ਦਰਾਂ ’ਤੇ ਲਾਗੂ ਕੀਤਾ ਜਾਵੇਗਾ।
* ਠੱਗੀ ਤੋਂ ਵੀ ਬਚਿਓ!

ਆਮ ਲੋਕਾਂ ਦੀ ਧਾਰਨਾ ਬਣੀ ਹੋਈ ਹੈ ਕਿ ਹੁਣ ਵਿਜ਼ਟਰ ਵੀਜ਼ੇ ਵਾਲੇ ਵੀ ਕੰਮ ਕਰ ਸਕਣਗੇ। ਪਰ ਇਸ ਦੇ ਵਿਚ ਤਕਨੀਕੀ ਘੁੰਡੀ ਹੈ, ਸੋ ਏਜੰਟਾਂ ਦੇ ਚੱਕਰਾਂ ਵਿਚ ਪੈਣ ਦੀ ਬਜਾਏ ਨਿਯਮ ਤਬਦੀਲੀਆਂ ਪੜ੍ਹਨ ਦੀ ਲੋੜ ਹੋਵੇਗੀ।

ਇਸ ਸਬੰਧੀ ਇਮੀਗ੍ਰੇਸ਼ਨ ਸਲਾਹਕਾਰ ਸ. ਸੰਨੀ ਸਿੰਘ ਨੇ ਵੀ ਆਪਣੀ ਰਾਇ ਦਿੱਤੀ ਹੈ ਕਿ ਵੀਜ਼ਾ ਸ਼ਰਤਾਂ ਨੂੰ ਧਿਆਨ ਨਾਲ ਪੜ੍ਹਨ ਅਤੇ ਸਮਝਣ ਦੀ ਲੋੜ ਹੋਵੇਗੀ, ਇਹ ਨਾ ਹੋਵੇ ਕਿ ਧੋਖੇਬਾਜ਼ ਏਜੰਟ ਇਸ ਗੱਲ ਨੂੰ ਦੂਜੇ ਰੂਪ ਵਿਚ ਪੇਸ਼ ਕਰਕੇ ਲੋਕਾਂ ਨਾਲ ਠੱਗੀ ਮਾਰਨ ਲੱਗ ਜਾਣ।

# ਨਿਊਜ਼ੀਲੈਂਡ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਜਲਦੀ ਹੀ ਭਾਰਤ ਦੌਰੇ ਉਤੇ ਜਾਣਗੇ




**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿ-ਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਮਾਣਯੋਗ ਸ੍ਰੀ ਕ੍ਰਿਸਟੋਫਰ ਲਕਸਨ ਨੇ ਕਿਹਾ ਹੈ ਕਿ ਉਹ ਵਾਅਦੇ ਮੁਤਾਬਿਕ ਜਲਦ ਹੀ ਭਾਰਤ ਦਾ ਦੌਰਾ ਕਰਨਗੇ ਅਤੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨਾਲ ਮਨ ਕੀ ਬਾਤ ਕਰਨਗੇ। ਇਸ ਦੌਰਾਨ ਭਾਰਤ-ਨਿਊਜ਼ੀਲੈਂਡ ਦੌਰਾਨ ਵਿਚਾਰ ਅਧੀਨ ਮੁਕਤ ਕਰ ਸਮਝੌਤੇ (ਫ੍ਰੀ ਟ੍ਰੇਡ ਐਗਰੀਮੈਂਟ) ਉਤੇ ਵੀ ਵਿਚਾਰ ਚਰਚਾ ਹੋਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਆਪਸੀ ਰਾਜਸੀ ਸਬੰਧਾਂ ਨੂੰ ਵੀ ਹੋਰ ਪੀਡਿਆ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਕਤੂਬਰ ਮਹੀਨੇ ਵਿੱਚ ਲਾਓਸ ਵਿਖੇ ਪੂਰਬੀ ਏਸ਼ੀਆ ਸਿਖਰ ਸੰਮੇਲਨ ਦੌਰਾਨ ਭਾਰਤੀ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨਾਲ ਉਨ੍ਹਾਂ ਮੁਲਾਕਾਤ ਕੀਤੀ ਸੀ ਅਤੇ ਅਸੀਂ ਇੱਕ ਦੂਜੇ ਨੂੰ ਬਹੁਤ ਪਸੰਦ ਕੀਤਾ ਸੀ। ਉਨ੍ਹਾਂ ਨੇ ਮੈਨੂੰ ਬਹੁਤ ਪਿਆਰ ਨਾਲ ਭਾਰਤ ਆਉਣ ਦਾ ਸੱਦਾ ਦਿੱਤਾ ਅਤੇ ਮੈਂ ਬਹੁਤ ਜਲਦੀ ਬਹੁਤ ਆਪਣੇ ਰਾਜਸੀ ਸਾਥੀਆਂ ਨੂੰ ਆਪਣੇ ਨਾਲ ਲੈ ਕੇ ਉੱਥੇ ਜਾ ਰਿਹਾ ਹਾਂ। ਪ੍ਰਧਾਨ ਮੰਤਰੀ ਨੇ ਨਿਊਜ਼ੀਲੈਂਡ ਵਿੱਚ ਯੋਗਦਾਨ ਲਈ ਦੱਖਣੀ ਏਸ਼ੀਆਈ ਪ੍ਰਵਾਸੀਆਂ ਦਾ ਇਕ ਹੋਲੀ ਦੇ ਸਮਾਗਮ ਵਿਚ ਧੰਨਵਾਦ ਕੀਤਾ ਹੈ, ਕਿਹਾ ਕਿ ‘‘ਤੁਸੀਂ ਨਿਊਜ਼ੀਲੈਂਡ ਨੂੰ ਬਹੁਤ ਵਧੀਆ ਜਗ੍ਹਾ ਬਣਾ ਦਿੱਤਾ ਹੈ। ਅਸੀਂ ਸੱਭਿਆਚਾਰਕ, ਸਮਾਜਿਕ ਅਤੇ ਆਰਥਿਕ ਤੌਰ ’ਤੇ ਅਮੀਰ ਹਾਂ। ਅਸੀਂ ਜਾਣਦੇ ਹਾਂ ਕਿ ਤੁਸੀਂ ਕਿੰਨੀ ਮਿਹਨਤ ਕਰਦੇ ਹੋ, ਅਕਸਰ ਉਹ ਪਹਿਲਾ ਘਰ ਪ੍ਰਾਪਤ ਕਰਨ ਲਈ ਜਾਂ ਉਸ ਪਹਿਲੇ ਕਾਰੋਬਾਰ ਦੇ ਮਾਲਕ ਬਣਨ ਲਈ ਦੋ ਜਾਂ ਤਿੰਨ ਨੌਕਰੀਆਂ ਲੈਂਦੇ ਹੋ। ਤੁਸੀਂ ਸਾਰੇ ਨਿਊਜ਼ੀਲੈਂਡ ਵਾਸੀਆਂ ਲਈ ਇੱਕ ਮਹਾਨ ਰੋਲ ਮਾਡਲ ਹੋ।’’ ਪ੍ਰਧਾਨ ਮੰਤਰੀ ਦਾ ਭਾਰਤ ਦੌਰਾ ਕਦੋਂ ਸ਼ੁਰੂ ਹੋਵੇਗਾ ਆਉਣ ਵਾਲੇ ਦਿਨਾਂ ਵਿਚ ਪਤਾ ਲੱਗ ਜਾਵੇਗਾ।

# ਪੀਹਾ ਬੀਚ ’ਤੇ ਡੁੱਬਿਆ ਅੰਬਾਲਾ ਦਾ ਨੌਜਵਾਨ ਅਭਿਸ਼ੇਕ ਅਰੋੜਾ, ਕਈ ਦੋਸਤ ਬਚਾ ਲਏ ਗਏ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਔਕਲੈਂਡ ਸ਼ਹਿਰ ਤੋਂ 55 ਕੁ ਕਿਲੋਮੀਟਰ ਦੂਰ ਬਹੁਤ ਹੀ ਮਸ਼ਹੂਰ ਬੀਚ ‘ਪੀਹਾ ਬੀਚ’ ਉਤੇ ਬੀਤੇ ਮੰਗਲਵਾਰ ਨੂੰ




ਤੈਰਾਕੀ ਕਰ ਰਹੇ ਹਰਿਆਣਾ ਮੂਲ ਦੇ ਨੌਜਵਾਨ ਅਭਿਸ਼ੇਕ ਅਰੋੜਾ (25) ਦੀ ਮੌਤ ਹੋ ਗਈ ਹੈ। ਇਹ ਨੌਜਵਾਨ ਅੱਠ ਸਾਲ ਪਹਿਲਾਂ ਨਿਊਜ਼ੀਲੈਂਡ ਆਇਆ ਸੀ ਅਤੇ ਅਗਲੇ ਮਹੀਨੇ ਇਕ ਸ੍ਰੀਲੰਕਾਈ ਕੁੜੀ ਨਾਲ ਵਿਆਹ ਕਰਵਾਉਣ ਵਾਲਾ ਸੀ। ਇਹ ਇਕ ਹੋਟਲ ਦੇ ਵਿਚ ਵਧੀਆ ਅਹੁਦੇ ਉਤੇ ਕੰਮ ਕਰ ਰਿਹਾ ਸੀ। 6-7 ਦੋਸਤਾਂ ਦਾ ਇਹ ਸਮੂਹ ਪੀਹਾ ਬੀਚ ਉਤੇ ਨਹਾਉਣ ਗਿਆ ਅਤੇ ਤੈਰਾਕੀ ਕਰ ਰਿਹਾ ਸੀ। ਮੰਗਲਵਾਰ, 28 ਜਨਵਰੀ ਨੂੰ ਸ਼ਾਮ 4 ਵਜੇ ਨਹਾਉਣ ਦੌਰਾਨ 6 ਹੋਰ ਦੋਸਤ ਸਮੁੰਦਰੀ ਛੱਲਾਂ ਵਿਚ ਘਿਰ ਗਏ। ਪੁਲਿਸ ਨੇ ਪੁਸ਼ਟੀ ਕੀਤੀ ਕਿ ਪੀਹਾ ਦੇ ਉੱਤਰ ਵਿੱਚ, ਬੈਥਲਸ ਬੀਚ ’ਤੇ ਇੱਕ ਲਾਸ਼ ਮਿਲੀ, ਰਸਮੀ ਪਛਾਣ ਜਾਰੀ ਹੈ ਪਰ ਪੁਲਿਸ ਦਾ ਮੰਨਣਾ ਹੈ ਕਿ ਉਸ ਦੀ ਪਛਾਣ ਲਾਪਤਾ ਤੈਰਾਕ ਅਭਿਸ਼ੇਕ ਅਰੋੜਾ ਵਜੋਂ ਹੋਈ ਹੈ।

ਘਟਨਾ ਵਿੱਚ ਸਰਫ ਲਾਈਫਸੇਵਰਾਂ (ਜੀਵਨ ਬਚਾਓ ਦਲ) ਨੇ ਛੇ ਲੋਕਾਂ ਨੂੰ ਬਚਾ ਲਿਆ ਸੀ। ਇਹ ਉਥੇ ਤੈਰ ਰਹੇ ਸਨ ਜਿੱਥੇ ਜੀਵਨ ਬਚਾਓ ਦੱਲ ਵਾਲੇ ਨਜ਼ਰ ਰੱਖ ਸਕਦੇ ਹਨ, ਜਿਸ ਕਰਕੇ ਬਾਕੀਆਂ ਦਾ ਬਚਾਅ ਹੋ ਗਿਆ। ਬਚਾਓ ਦੱਲ ਵੱਲੋਂ ਹੈਲੀਕਾਪਟਰ ਦੀ ਮਦਦ ਵੀ ਲਈ ਗਈ ਜਦੋਂ ਇਸ ਦਾ ਪਤਾ ਨਹੀਂ ਸੀ ਲੱਗ ਰਿਹਾ। ਇਸ ਨੌਜਵਾਨ ਦੀ ਭਾਲ ਅਗਲੇ ਦਿਨ ਸਵੇਰੇ ਤੱਕ ਜਾਰੀ ਰਹੀ। ਬਚਾਓ ਦੱਲ ਦਾ ਮੰਨਣਾ ਹੈ ਕਿ ਸ਼ਾਇਦ ਉਸਨੂੰ ਤੈਰਨਾ ਨਹੀਂ ਸੀ ਆਉਂਦਾ। ਪੁਲਿਸ ਨੇ ਭਾਰਤ ਵਿੱਚ ਅਰੋੜਾ ਦੇ ਪਰਿਵਾਰ ਨੂੰ ਦੱਸਿਆ ਕਿ ਉਹ ਮੰਨਦੇ ਹਨ ਕਿ ਬੈਥਲ ਦੇ ਬੀਚ ’ਤੇ ਮਿਲੀ ਲਾਸ਼ ਅਭਿਸ਼ੇਕ ਦੀ ਹੈ, ਉਸਦੇ ਚਚੇਰੇ ਭਰਾ ਵਿਜੇ ਤੋਮਰ ਨੇ ਕਿਹਾ ਹੈ ਕਿ ਹੁਣ ਅਸੀਂ ਅਭਿਸ਼ੇਕ ਦੀ ਮ੍ਰਿਤਕ ਦੇਹ ਨੂੰ ਭਾਰਤ ਲਿਆਉਣ ਦੀ ਕੋਸ਼ਿਸ਼ ਕਰਾਂਗੇ।

ਅਭਿਸ਼ੇਕ ਅਰੋੜਾ ਦੇ ਛੋਟੇ ਭਰਾ ਦੇ ਅੱਜ ਨਿਊਜ਼ੀਲੈਂਡ ਪਹੁੰਚਣ ਦੀ ਉਮੀਦ ਸੀ ਤਾਂ ਜੋ ਉਸਦੀ ਲਾਸ਼ ਦੀ ਪਛਾਣ ਕੀਤੀ ਜਾ ਸਕੇ ਅਤੇ ਉਸਨੂੰ ਘਰ ਲਿਆਉਣ ਦਾ ਦੁਖਦਾਈ ਕੰਮ ਸ਼ੁਰੂ ਕੀਤਾ ਜਾ ਸਕੇ। ਪਰਿਵਾਰ ਦੀ ਮਦਦ ਲਈ ਹੁਣ ਸਹਾਇਤਾ ਇਕੱਤਰ ਕੀਤੀ ਜਾ ਰਹੀ ਹੈ। ਵਰਨਣਯੋਗ ਹੈ ਕਿ ਇਸੇ ਬੀਚ ਉਤੇ ਜਨਵਰੀ 2023 ਦੇ ਵਿਚ ਵੀ ਦੋ ਭਾਰਤੀ ਨੌਜਵਾਨ ਡੁੱਬ ਗਏ ਸਨ।

# ਲੱਗੀਆਂ ਰੌਣਕਾਂ, ਹੋਏ ਸਨਮਾਨ ‘ਅਕਾਲ ਫਾਊਂਡੇਸ਼ਨ’ ਤੇ ‘ਰੇਡੀਓ ਸਪਾਈਸ’ ਨੇ ਕਰਵਾਇਆ ‘ਫੈਮਿਲੀ ਫੱਨ ਡੇਅ’

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਕਹਿੰਦੇ ਨੇ ਦੁਨੀਆ ਦਾ ਸਭ ਤੋਂ ਵੱਡਾ ਖਜ਼ਾਨਾ ਇਕ ਬੱਚੇ ਦੀ ਮੁਸਕਰਾਹਟ ਹੁੰਦੀ ਹੈ। ਜੇਕਰ ਇਹ ਮੁਸਕਰਾਹਟ ਤੁਸੀਂ ਬੱਚਿਆਂ ਦੇ ਮੁਖੜੇ





ਉਤੇ ਕਾਇਮ ਕਰਨ ਵਿਚ ਕਾਮਯਾਬ ਹੋ ਜਾਂਦੇ ਹੋ ਤਾਂ ਤੁਸੀਂ ਕੋਈ ਖਜ਼ਾਨਾ ਪ੍ਰਾਪਤ ਕਰਨ ਦੇ ਬਰਾਬਰ ਹੋ ਜਾਂਦੇ ਹੋ। ਅਜਿਹਾ ਹੀ ਉਦਮ ਕੱਲ੍ਹ ਕੀਤਾ ਗਿਆ। ਨਿਊਜ਼ੀਲੈਂਡ ਮਲਟੀਮੀਡੀਆ ਟ੍ਰਸਟ ਅਤੇ ਅਕਾਲ ਫਾਊਂਡੇਸ਼ਨ ਦੇ ਉਦਮ ਸਦਕਾ ਰੇਡੀਓ ਸਪਾਈਸ ਦੇ ਸਹਿਯੋਗ ਨਾਲ ਸਲਾਨਾ ਪਿਕਨਿਕ (ਫੈਮਿਲੀ ਫੱਨ ਡੇਅ) ਇਸ ਵਾਰ ਬੀਤੇ ਕੱਲ੍ਹ ‘ਵੈਕਟਰ ਵੈਰੋ ਵਾਟਰ ਪਾਰਕ, 770 ਗ੍ਰੇਟ ਸਾਊਥ ਰੋਡ ਮੈਨੁਕਾਓ’ (ਵੋਡਾਫੋਨ ਈਵੈਂਟਰ ਦੇ ਹਾਤੇ ਵਿਚ) ਵਿਖੇ ਮਨਾਈ ਗਈ। 328 ਬੱਚਿਆਂ ਨੇ ਰਜਿਟ੍ਰੇਸ਼ਨ ਦੇ ਰਾਹੀਂ ਪਾਣੀ ਦੇ ਵਿਚ ਬੋਟਾਂ ਰਾਹੀਂ ਅਠਖੇਲੀਆਂ ਕੀਤੀਆਂ। ਵੱਖ-ਵੱਖ ਤਰ੍ਹਾਂ ਦੀਆਂ ਬੱਚਿਆਂ ਦੀਆਂ ਖੇਡਾਂ ਅਤੇ ਵੱਡਿਆਂ ਦੇ ਲਈ ਖੇਡਾਂ ਖੇਡਾਈਆਂ ਗਈਆਂ।

ਫ੍ਰੀ ਖਾਣ-ਪੀਣ ਦੇ ਲਈ ਫੂਡ ਸਟਾਲ ਲਗਾਏ ਗਏ। ਦਸਤਾਰਾਂ ਸਜਾਉਣ ਲਈ ਦਸਤਾਰ ਕੈਂਪ ਲਗਾਇਆ ਗਿਆ। ਫ੍ਰੀ ਪਾਰਕਿੰਗ ਰੱਖੀ ਗਈ ਸੀ। ਇਸ ਪਿਕਨਿਕ ਦੇ ਵਿਚ ਐਕਟ ਪਾਰਟੀ ਸਾਂਸਦ ਡਾ। ਪਰਮਜੀਤ ਪਰਮਾਰ, ਕੌਂਸਲਰ ਡੇਨੀਅਲ, ਸ੍ਰੀ ਮਾਰਸ਼ਲ ਵਾਲੀਆ, ਪੁਲਿਸ ਅਫਸਰ ਐਂਡਰੀਓ, ਡਾ. ਜਗਜੀਤ ਸਿੰਘ ਆਨੇਰੀਰੀ ਕੌਂਸਿਲ ਜੌਰਜੀਆ, ਅਕਾਲ ਫਾਊਂਡੇਸ਼ਨ ਦੇ ਪ੍ਰਧਾਨ ਸ. ਰਘਬੀਰ ਸਿੰਘ ਜੇ.ਪੀ., ਸ. ਜਰਨੈਲ ਸਿੰਘ ਰਾਹੋਂ ਪ੍ਰਧਾਨ ਵਾਇਕਾਟੋ ਸ਼ਹੀਦੇ ਆਜ਼ਮ ਸ. ਭਗਤ ਸਿੰਘ ਟ੍ਰਸਟ, ਸ. ਕੁਲਦੀਪ ਸਿੰਘ ਰਾਜਾ, ਸ। ਦਲਜੀਤ ਸਿੰਘ ਸਿੱਧੂ ਪ੍ਰਧਾਨ ਨਿਊਜ਼ੀਲੈਂਡ ਸਿੱਖ ਗੇਮਜ਼, ਗਾਇਕ ਮਨਪ੍ਰੀਤ ਸਵੱਦੀ, ਸ. ਨਵਜੋਤ ਸਿੰਘ ਸਿੱਧੂ- ਐਡਵੋਕੇਟ ਮਨਿੰਦਰ ਸਿੱਧੂ, ਪੱਤਰਕਾਰ ਤੇ ਰੇਡੀਓ ਪੇਸ਼ਕਾਰ ਸ. ਪਰਮਿੰਦਰ ਸਿੰਘ ਪਾਪਾਟੋਏਟੋਏ, ਸ. ਨਵਤੇਜ ਸਿੰਘ ਰੰਧਾਵਾ, ਰੇਡੀਓ ਹੋਸਟ ਐਨ. ਵੀ ਸਿੰਘ, ਸ. ਹਰਮੀਕ ਸਿੰਘ, ਸ. ਗੁਰਸਿਮਰਨ ਸਿੰਘ ਮਿੰਟੂ ਅਤੇ ਹੋਰ ਬਹੁਤ ਸਾਰੇ ਹਾਜ਼ਿਰ ਸਨ। ਮਾਨ-ਸਨਮਾਨ:ਸ. ਪੱਤਰਕਾਰ ਅਤੇ ਲੇਖਕ ਸੋਮ ਸਿੰਘ ਹੋਰਾਂ ਅਤੇ ਇਕ ਪ੍ਰਸਿੱਧ ਕਹਾਣੀਕਾਰ ਲਖਵਿੰਦਰ ਸਿੰਘ ਮੂਸਾ (ਸ਼ਤਰੰਜ ਤੇ ਜ਼ਿੰਦਗੀ) ਮਾਨ-ਸਨਮਾਨ ਕੀਤਾ ਗਿਆ। ਇਸ ਪਿਕਨਿਕ ਦੇ ਵਿਚ ਸ਼ਾਮਿਲ ਸਾਰੇ ਸਪਾਂਸ਼ਰਜ਼ ਦਾ ਮਾਨ-ਸਨਮਾਨ ਕੀਤਾ ਗਿਆ।

# ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਸਬੰਧੀ ਕੈਲੰਡਰ ਰਿਲੀਜ ਕੀਤਾ ਗਿਆ



**ਭੋਗਪੁਰ –** ਸ੍ਰੀ ਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਾਲ 2025 ਦਾ ਕੈਲੰਡਰ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ।) ਬਿਨਪਾਲਕੇ ਜ਼ਿਲ੍ਹਾ ਜਲੰਧਰ ਵੱਲੋਂ ਪ੍ਰਕਾਸ਼ਿਤ ਕਰਕੇ ਰਿਲੀਜ਼ ਕੀਤਾ ਗਿਆ। ਸੰਸਥਾ ਵੱਲੋਂ ਹਰੇਕ ਸਾਲ ਨਵਾਂ ਕੈਲੰਡਰ ਰਿਲੀਜ਼ ਕੀਤਾ ਜਾਂਦਾ ਹੈ। ਇਸ ਕੈਲੰਡਰ ਵਿੱਚ ਵਿਸ਼ੇਸ਼ ਤੌਰ ਤੇ ਸ੍ਰੀ ਗੁਰੂ ਰਵਿਦਾਸ ਜੀ ਦੀ ਤਸਵੀਰ ਅਤੇ ਆਰਤੀ ਦੇ ਸ਼ਬਦ "ਤੇਰੋ ਕੀਆ ਤੁਝਹਿ ਕਿਆ ਅਰਪਉ" ਦਾ ਵਿਚਾਰ ਅੰਕਿਤ ਕੀਤਾ ਗਿਆ ਹੈ। ਇਸ ਵਿੱਚ ਪੂਰੇ ਸਾਲ ਦੀਆਂ ਸੰਗਰਾਂਦਾਂ, ਮੱਸਿਆ ਅਤੇ ਪੁੰਨਿਆਂ ਵੀ ਦਰਜ ਹਨ। ਇਸ ਤੋਂ ਇਲਾਵਾ ਪੰਜਾਬ ਸਰਕਾਰ ਦੀਆਂ ਇਸ ਸਾਲ ਦੀਆਂ ਗਜ਼ਟਿਡ ਛੁੱਟੀਆਂ ਵੀ ਅੰਕਿਤ ਕੀਤੀਆਂ ਗਈਆਂ ਹਨ ਤਾਂ ਕਿ ਸੰਗਤਾਂ ਛੁੱਟੀਆਂ ਤੋਂ ਜਾਣੂ ਹੋ ਸਕਣ ਅਤੇ ਗਜ਼ਟਿਡ ਛੁੱਟੀਆਂ ਦੌਰਾਨ ਸਰਕਾਰੀ ਅਦਾਰਿਆਂ ਵਿੱਚ ਜਾਣ ਦੇ ਭੁਲੇਖੇ ਤੋਂ ਬਚ ਸਕਣ, ਕਿਉਂਕਿ ਗਜ਼ਟਿਡ ਛੁੱਟੀਆਂ ਦੌਰਾਨ ਪੰਜਾਬ ਸਰਕਾਰ ਦੇ ਅਦਾਰਿਆਂ ਵਿੱਚ ਛੁੱਟੀ ਹੁੰਦੀ ਹੈ।

ਸੰਸਥਾ ਵੱਲੋਂ ਸੰਗਤਾਂ ਨੂੰ ਅਪੀਲ ਕੀਤੀ ਗਈ ਕਿ ਉਹ ਇਸ ਕੈਲੰਡਰ ਨੂੰ ਸਪੌਂਸਰ ਕਰਵਾ ਕੇ ਸੰਗਤਾਂ ਤੱਕ ਪਹੁੰਚਾਉਣ ਅਤੇ ਗੁਰੂ ਰਵਿਦਾਸ ਜੀ ਦੇ ਮਿਸ਼ਨ ਪ੍ਰਚਾਰ ਵਿੱਚ ਆਪਣਾ ਬਣਦਾ ਯੋਗਦਾਨ ਪਾਉਣ।

**ਰਿਪੋਰਟ ਚਰਨਜੀਤ ਸਿੰਘ ਬਿਨਪਾਲਕੇ**

# ਲੋਕਾਂ ਨੂੰ ਜਾਗਰੂਕ ਕਰਨ ਅਤੇ ਬਿਮਾਰੀਆਂ ਤੋਂ ਬਚਾਉਣ ਲਈ ਸਮਾਜ ਨੂੰ ਸਮਰਪਿਤ ਡਾਕਟਰਾਂ ਨੇ ''ਯੰਗ ਡਾਕਟਰਜ਼ ਫਾਰ ਸੋਸਾਇਟੀ'' ਨਾਮ ਦੀ ਸੰਸਥਾ ਦਾ ਗਠਨ ਕੀਤਾ

ਸਮਾਜ ਵਿੱਚ ਵੱਧ ਰਹੀਆਂ ਸਿਹਤ ਸਮੱਸਿਆਵਾਂ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਅਤੇ ਬਿਮਾਰੀਆਂ ਤੋਂ ਬਚਾਉਣ ਲਈ ਨੰਗਲ-ਸ਼੍ਰੀ ਅਨੰਦਪੁਰ ਸਾਹਿਬ ਇਲਾਕੇ ਦੇ ਸਮਾਜ ਨੂੰ ਸਮਰਪਿਤ ਦੋ ਦਰਜਨ ਦੇ ਕਰੀਬ ਡਾਕਟਰਾਂ ਨੇ ''ਯੰਗ ਡਾਕਟਰਜ਼ ਫਾਰ ਸੋਸਾਇਟੀ'' ਨਾਮ ਦੀ ਸੰਸਥਾ ਦਾ ਗਠਨ ਕੀਤਾ ਹੈ। ਇਸ ਸੰਸਥਾ ਵਿੱਚ ਇਲਾਕੇ ਦੇ ਵੱਖ ਵੱਖ ਖੇਤਰਾਂ ਵਿੱਚ ਸਰਕਾਰੀ ਖੇਤਰ ਦੇ ਸਿਵਲ ਹਸਪਤਾਲ ਸ਼੍ਰੀ ਅਨੰਦਪੁਰ ਸਾਹਿਬ, ਸਿਵਲ ਹਸਪਤਾਲ ਨੰਗਲ, ਬੀ ਬੀ ਐਮ ਬੀ ਹਸਪਤਾਲ ਨੰਗਲ ਵਿੱਚ ਕੰਮ ਕਰ ਰਹੇ ਅਤੇ ਕਈ ਨਾਮੀ ਪ੍ਰਾਇਵੇਟ ਹਸਪਤਾਲਾਂ ਦੇ ਕਈ ਵਿਸ਼ੇਸ਼ ਰੋਗਾਂ ਦੇ ਮਾਹਿਰ ਡਾਕਟਰ ਸ਼ਾਮਿਲ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਸ ਸੋਸਾਇਟੀ ਦੇ ਸਪੋਕਸਪਰਸਨ ਡਾਕਟਰ ਜੇ ਐਸ ਕਹਿਲ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਦੱਸਿਆ ਕਿ ਪ੍ਰਧਾਨ ਡਾਕਟਰ ਸੁਰਿੰਦਰ ਕੌਰ ਮੌਜੂਦਾ ਇੰਚਾਰਜ਼ ਸਿਵਲ ਹਸਪਤਾਲ ਨੰਗਲ ਦੀ ਅਗਵਾਈ ਅਤੇ ਚੀਫ ਪੈਟਰਨ ਡਾਕਟਰ ਜਤਿੰਦਰ ਕੌਰ ਦੀ ਅਗਵਾਈ ਵਿੱਚ ਇਸ ਸੋਸਾਇਟੀ ਦਾ ਗਠਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸੋਸਾਇਟੀ ਵਿੱਚ ਸ਼ਾਮਿਲ ਬਹੁਤੇ ਡਾਕਟਰ ਇਲਾਕੇ ਨਾਲ ਹੀ ਸਬੰਧਿਤ ਹਨ ਅਤੇ ਉਨ੍ਹਾਂ ਦੇ ਬਹੁਤੇ ਪਰਿਵਾਰ ਅਤੇ ਰਿਸ਼ਤੇਦਾਰ ਇਲਾਕੇ ਵਿੱਚ ਹੀ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਇਲਾਕੇ ਨਾਲ ਸਬੰਧਿਤ ਹੋਣ ਕਾਰਨ ਇਲਾਕੇ ਦੇ ਲੋਕਾਂ ਪ੍ਰਤੀ ਡਾਕਟਰਾਂ ਦੇ ਕਈ ਫਰਜ਼ ਹਨ ਜਿਸ ਲਈ ਇਸ ਸੰਸਥਾ ਨਾਲ ਜੁੜੇ ਇਨ੍ਹਾਂ ਡਾਕਟਰਾਂ ਨੇ ਇਲਾਕੇ ਨੂੰ ਸਿਹਤਮੰਦ ਰੱਖਣ ਲਈ ਅਪਣਾ ਕੁੱਝ ਸਮਾਂ ਅਤੇ ਸੇਵਾਵਾਂ ਇਲਾਕੇ ਦੇ ਲੋਕਾਂ ਨੂੰ ਦੇਣ ਦਾ ਫੈਸਲਾ ਕੀਤਾ ਹੈ। ਸੋਸਾਇਟੀ ਦੇ ਪ੍ਰਧਾਨ ਡਾਕਟਰ ਸੁਰਿੰਦਰ ਕੌਰ ਨੇ ਦੱਸਿਆ ਕਿ ਸਰਕਾਰ ਵਲੋਂ ਸਮੇਂ ਸਮੇਂ ਤੇ ਚਲਾਈਆਂ ਜਾ ਰਹੀਆਂ ਸਿਹਤ ਅਤੇ ਪਰਿਵਾਰ ਭਲਾਈ ਸਕੀਮਾਂ ਦਾ ਲਾਭ ਇਲਾਕੇ ਦੇ ਆਮ ਲੋਕਾਂ ਤੱਕ ਪਹੁੰਚਾਣ ਲਈ ਇਹ ਸੋਸਾਇਟੀ ਵੱਖ ਵੱਖ ਇਲਾਕਿਆਂ ਦੇ ਵਿੱਦਿਅਕ ਅਤੇ ਸਮਾਜਿਕ ਅਦਾਰਿਆਂ ਵਿੱਚ ਜਾਗਰੁਕਤਾ ਕੈਂਪਾਂ ਦਾ ਆਯੋਜਨ ਕਰੇਗੀ। ਉਨ੍ਹਾਂ ਦੱਸਿਆ ਕਿ ਇਸ ਸੋਸਾਇਟੀ ਦੇ ਸਮੂਹ ਮੈਂਬਰਾਂ ਨੇ ਫੈਸਲਾ ਕੀਤਾ ਹੈ ਕਿ ਇਲਾਕੇ ਦੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਉਣ ਅਤੇ ਸਿਹਤਮੰਦ ਰੱਖਣ ਲਈ ਜਾਗਰੂਕਤਾ ਅਭਿਆਨ ਚਲਾਇਆ ਜਾਵੇਗਾ। ਡਾਕਟਰ ਰਾਜੇਸ਼ ਕੁਮਾਰ ਬੈਂਸ ਵਾਇਸ ਪ੍ਰਧਾਨ ਨੇ ਦੱਸਿਆ ਕਿ ਸਿਹਤ ਅਤੇ ਮੈਡੀਕਲ ਖੇਤਰ ਸਬੰਧੀ ਕਈ ਤਰਾਂ ਦੀਆਂ ਗੱਲਤ



ਜਾਣਕਾਰੀਆਂ ਸੋਸ਼ਲ ਮੀਡੀਆ ਤੇ ਵੇਖਣ ਨੂੰ ਮਿਲਦੀਆਂ ਹਨ ਜਿਨ੍ਹਾਂ ਤੋਂ ਪ੍ਰਭਾਵਿਤ ਹੋਕੇ ਕਈ ਵਾਰ ਲੋਕ ਅਪਣਾ ਕੀਮਤੀ ਸਮਾਂ ਅਤੇ ਮਿਹਨਤ ਦੀ ਕਮਾਈ ਬਰਬਾਦ ਕਰ ਦਿੰਦੇ ਹਨ ਅਤੇ ਇਸ ਸੋਸ਼ਣ ਤੋਂ ਬਚਾਉਣ ਲਈ ਜਾਗਰੁਕਤਾਂ ਕੈਂਪਾਂ ਰਾਹੀਂ ਲੋਕਾਂ ਨੂੰ ਮੈਡੀਕਲ ਖੇਤਰ ਨਾਲ ਸਬੰਧਿਤ ਸਹੀ ਜਾਣਕਾਰੀ ਦਿੱਤੀ ਜਾਵੇਗੀ।

ਸੋਸਾਇਟੀ ਦੇ ਮੁੱਖ ਸਲਾਹਕਾਰ ਡਾਕਟਰ ਰਣਵੀਰ ਸਿੰਘ ਅਤੇ ਡਾਕਟਰ ਵਿਸ਼ਾਲ ਸਿੰਗਲਾ ਨੇ ਦੱਸਿਆ ਕਿ ਇਸ ਇਲਾਕੇ ਦੇ ਕਾਫੀ ਲੋਕ ਆਰਥਿਕ ਪੱਖੋਂ ਗਰੀਬ ਹਨ ਅਤੇ ਕੁੱਝ ਸਮਾਜ ਵਿਰੋਧੀ ਅਨਸਰਾਂ ਵਲੋਂ ਲੋਕਾਂ ਨਾਲ ਮੈਡੀਕਲ ਸੇਵਾਵਾਂ ਦੇ ਨਾਮ ਤੇ ਗੱਲਤ ਜਾਣਕਾਰੀ ਦੇਕੇ ਲੁੱਟ ਕੀਤੀ ਜਾਂਦੀ ਹੈ ਜਿਸ ਤੋਂ ਬਚਾਉਣ ਲਈ ਇਹ ਸੋਸਾਇਟੀ ਕੰਮ ਕਰੇਗੀ। ਉਨ੍ਹਾਂ ਨੇ ਸਮਾਜਿਕ ਅਤੇ ਵਿੱਦਿਅਕ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਅਪਣੇ ਅਦਾਰਿਆਂ ਵਿੱਚ ਸਿਹਤ ਸਬੰਧੀ ਜਾਗਰੁਕਤਾ ਕੈਂਪਾਂ ਦਾ ਆਯੋਜਨ ਕਰਨ ਲਈ ਇਸ ਸੰਸਥਾ ਦੇ ਮੈਂਬਰਾਂ ਨਾਲ ਸੰਪਰਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਸੋਸਾਇਟੀ ਵਿੱਚ ਆਣ ਵਾਲੇ ਸਮੇਂ ਵਿੱਚ ਸਮਾਜ ਨੂੰ ਸਮਰਪਿਤ ਹੋਰ ਵੀ ਕਈ ਡਾਕਟਰ ਸ਼ਾਮਿਲ ਹੋ ਰਹੇ ਹਨ। ਇਸ ਮੌਕੇ ਡਾਕਟਰ ਅਮਰਿੰਦਰ ਸਿੰਘ ਜਨਰਲ ਸਕੱਤਰ ਸ਼੍ਰੀ ਅਨੰਦਪੁਰ ਸਾਹਿਬ, ਡਾਕਟਰ ਸੰਜੀਵ ਬਿੰਜੀ ਜਨਰਲ ਸਕੱਤਰ ਨੰਗਲ, ਡਾਕਟਰ ਮੁਨੀਸ਼ ਵਿੱਤ ਸਕੱਤਰ ਸ਼੍ਰੀ ਅਨੰਦਪੁਰ ਸਾਹਿਬ, ਡਾਕਟਰ ਨਾਯੋਮੀ ਮਾਂਗਟ ਵਿੱਤ ਸਕੱਤਰ ਨੰਗਲ, ਡਾਕਟਰ ਸੁਨੈਨਾ ਗੁਪਤਾ ਆਰਗੇਨਾਇਜ਼ਿੰਗ ਸਕੱਤਰ ਸ਼੍ਰੀ ਅਨੰਦਪੁਰ ਸਾਹਿਬ, ਅਗਜੈਕਟਿਵ ਮੈਂਬਰ ਡਾਕਟਰ ਸਤਵਿੰਦਰਪਾਲ ਸਿੰਘ, ਡਾਕਟਰ ਗੁਰਪ੍ਰੀਤ ਕੌਰ, ਡਾਕਟਰ ਹਰਪ੍ਰੀਤ ਕਹਿਲ, ਡਾਕਟਰ ਆਸ਼ੁਤੋਸ ਸ਼ਰਮਾ, ਡਾਕਟਰ ਸੂਰਜ ਬ੍ਰਹਾਮੀ, ਡਾਕਟਰ ਨਵਨੀਤ ਭਾਰਦਵਾਜ਼ ਆਦਿ ਹਾਜਰ ਸਨ।

**– ਕੁਲਦੀਪ ਚੰਦ, ਐਡਵੋਕੇਟ**

# ਰਾਮ ਜੀ ਤੇ ਟੀਮ ਵੱਲੋਂ ਗੁਰੂ ਰਵਿਦਾਸ ਜੀ ਮਹਾਰਾਜ ਨੂੰ ਸਮਰਪਿਤ ਗੀਤ ਮਨਜੀਤ ਸਹਿਰਾ ਦਾ ਟਰੈਕ 'ਹਰਿ ਹਰਿ ਨਾਮ ਧਿਆਇਆ'




ਹਰੀ ਅਮਿਤ ਦੀ ਸੰਗੀਤਕਾਰ ਜੋੜੀ ਨੇ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਲਈ ਇੱਕ ਭਗਤੀ ਭਾਵ ਵਾਲੇ ਗੀਤ ਨੂੰ ਆਪਣੇ ਸੰਗੀਤ ਨਾਲ ਸ਼ਿੰਗਾਰ ਕਿ ਆਰ ਜੇ ਭਗਤੀ ਤੇ ਆਰ ਜੇ ਬੀਟਸ ਨੂੰ ਦਿੱਤਾ ਹੈ।ਦੇਬੂ ਸੁਖਦੇਵ ਨੇ ਇਸ ਗੀਤ ਦੀ ਆਲਾ ਮਿਕਸਿੰਗ ਕਰ ਕਿ ਇਸ ਨੂੰ ਹੋਰ ਦਿਲਕਸ਼ ਬਣਾ ਦਿੱਤਾ ਹੈ। ਸਹਿ ਨਿਰਮਾਤਾ ਸੁੱਖ ਵਾਲੀਆ ਤੇ ਪ੍ਰੋਜੈਕਟ ਡਾਇਰੈਕਟਰ ਬੰਨੀ ਸ਼ਰਮਾ ਨੇ ਗਾਇਕਾ ਮਨਜੀਤ ਸਾਹਿਰਾ ਦੇ ਇਸ ਗੀਤ ਨੂੰ ਟਾਈਟਲ "ਹਰਿ ਹਰਿ ਨਾਮ ਧਿਆਇਆ" ਦਿੱਤਾ ਹੈ। ਮਨਜੀਤ ਸਾਹਿਰਾ ਦੇ ਗਾਏ ਇਸ ਧਾਰਮਿਕ ਗੀਤ ਨੂੰ ਪ੍ਰਸਿੱਧ ਸਟਾਰ ਪੇਸ਼ਕਾਰ ਰਾਮ ਜੀ ਨੇ ਪੇਸ਼ ਕੀਤਾ ਹੈ। ਬਾਬਾ ਕਮਲ ਦੇ ਬਣਾਏ ਵੀਡਿਓ ਨਾਲ ਇਹ ਧਾਰਮਿਕ ਗੀਤ ਸੰਗਤਾਂ ਨੂੰ ਪੱਕਾ ਪ੍ਰਭਾਵਿਤ ਕਰੇਗਾ। ਸਨੇਹ ਲਤਾ ਦੇ ਧੰਨਵਾਦ ਨੂੰ ਕੰਪਨੀ, ਰਾਮ ਜੀ, ਮਨੀਸ਼ ਸ਼ਰਮਾ ਨੇ ਇਸ ਧਾਰਮਿਕ ਗੀਤ ਦੇ ਪ੍ਰਚਾਰ ਵਿੱਚ ਅਹਿਮ ਥਾਂ ਦਿੱਤੀ ਹੈ। ਸੰਗਤਾਂ ਆਰ ਜੇ ਭਗਤੀ ਦੀਆਂ ਧੰਨਵਾਦੀ ਰਹਿਣਗੀਆਂ ਜਿਸ ਮਨਜੀਤ ਦੀ ਆਵਾਜ਼ ਨੂੰ ਵਿਸ਼ਵ ਪੱਧਰ ਤੇ ਸ਼ਾਨ ਨਾਲ ਇਸ ਧਾਰਮਿਕ ਐਲਬਮ ਜ਼ਰੀਏ ਪ੍ਰਮੁੱਖਤਾ ਦਿੱਤੀ ਹੈ। ਮਨਜੀਤ ਸਾਹਿਰਾ ਨੇ ਇਸ ਧਾਰਮਿਕ ਗੀਤ ਸਬੰਧੀ ਕਿਹਾ ਕਿ ਹਰੀ ਅਮਿਤ ਤੇ ਹਰੀ ਦੀ ਕਿਰਪਾ ਹੈ ਤੇ ਬਾਬਾ ਕਮਲ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ ਸਿਧਾਂਤ ਵੀਡਿਓ ਵਿੱਚ ਦਿਖਾ ਰਹੇ ਹਨ ਜਦ ਕਿ ਰਾਮ ਜੀ, ਬੰਨੀ ਸ਼ਰਮਾ, ਮਨੀਸ਼ ਸ਼ਰਮਾ ਤੇ ਦੇਬੂ ਸੁਖਦੇਵ ਦੀ ਮਿਕਸਿੰਗ ਸਾਰੇ ਹੀ ਸਟਾਰ ਇਨਸਾਨ ਉਸ ਦੇ ਇਸ ਟਰੈਕ ਨਾਲ ਜੁੜੇ ਹਨ ਇਸ ਲਈ ਸੰਭਾਵਨਾ ਹੈ ਕਿ ਇਹ ਟਰੈਕ ਇੱਕ ਸੁਪਰ ਟਰੈਕ ਬਣੇਗਾ। **–ਅੰਮ੍ਰਿਤ ਪਵਾਰ**

# ਕੇਂਦਰੀ ਬਜ਼ਟ ਹਰ ਵਰਗ ਨੂੰ ਦੇਵੇਗਾ ਹਰ ਵਰਗ ਨੂੰ ਵੱਡੀ ਸਹੂਲਤ: ਅਰਵਿੰਦ ਖੰਨਾ

**ਚੰਡੀਗੜ੍ਹ–** ਭਾਰਤੀ ਜਨਤਾ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਕੇਂਦਰੀ ਵਿੱਤ ਮੰਤਰੀ ਨਿਰਮਲ ਸੀਤਾ ਰਮਨ ਵੱਲੋਂ ਲਗਾਤਾਰ ਅੱਠਵੀਂ ਵਾਰ ਪੇਸ਼ ਕੀਤਾ ਬਜ਼ਟ ਹਰ ਵਰਗ ਨੂੰ ਵੱਡੀ ਸਹੂਲਤ ਦੇਣ ਵਾਲਾ ਹੈ। ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਸ਼੍ਰੀ ਖੰਨਾ ਨੇ ਕਿਹਾ ਕਿ 12 ਲੱਖ ਰੁਪਏ ਤੱਕ ਦੀ ਆਮਦਨ ਨੂੰ ਟੈਕਸ ਮੁਕਤ ਕਰਨਾ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਸਰਕਾਰ ਦਾ ਵੱਡਾ ਅਤੇ ਸ਼ਲਾਘਾਯੋਗ ਫੈਸਲਾ ਹੈ।ਉਨ੍ਹਾਂ ਕਿਹਾ ਕਿ ਟੀ।ਡੀ।ਐਸ। ਦੀ ਸੀਮਾ 6 ਲੱਖ ਕਰਨ ਨਾਲ ਵਪਾਰੀ ਵਰਗ ਨੂੰ ਵੱਡਾ ਲਾਭ ਮਿਲੇਗਾ।



ਸ਼੍ਰੀ ਖੰਨਾ ਨੇ ਕਿਹਾ ਕਿ 10 ਹਜ਼ਾਰ ਨਵੀਆਂ ਮੈਡੀਕਲ ਸੀਟਾਂ ਪੈਦਾ ਹੋਣ ਨਾਲ ਵਿਦਿਆਰਥੀਆਂ ਨੂੰ ਵੱਡਾ ਲਾਭ ਮਿਲੇਗਾ। ਇਸ ਤਰ੍ਹਾਂ ਹੀ ਔਰਤਾਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ 5 ਲੱਖ ਦੀ ਸਕੀਮ ਸ਼ੁਰੂ ਕਰਨਾ ਵੀ ਇੱਕ ਕ੍ਰਾਂਤੀਕਾਰੀ ਫੈਸਲਾ ਹੈ। ਉਨ੍ਹਾਂ ਕਿਹਾ ਕਿ ਸ਼ਕਸ਼ਮ ਆਂਗਣਬਾੜੀ ਅਤੇ ਪੋਸ਼ਣ ਸਬੰਧੀ ਲਏ ਫੈਸਲੇ ਸਮੇਤ ਮੈਨੂਫੈਕਚਰਿੰਗ ਮਿਸ਼ਨ, ਧਨ ਧੰਨਿਆ ਕਿਸ਼ੀ ਵਿਕਾਸ ਯੋਜਨਾ ਅਤੇ ਮੇਕ ਇਨ ਇੰਡੀਆ ਵਰਗੇ ਫੈਸਲੇ ਸਿਰਫ਼ ਮੋਦੀ ਸਰਕਾਰ ਹੀ ਲੈ ਸਕਦੀ ਹੈ। ਸ਼੍ਰੀ ਖੰਨਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਏ ਜਾਂਦੇ ਫੈਸਲੇ ਲੋਕ ਹਿੱਤ ਵਿੱਚ ਹੁੰਦੇ ਹਨ। ਜਿਸ ਤੋਂ ਸਪੱਸ਼ਟ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਹੀ ਦੇਸ਼ ਸੁਰੱਖਿਅਤ ਅਤੇ ਖੁਸ਼ਹਾਲ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਸਦਾ ਹੀ ਇਮਾਨਦਾਰੀ ਭਰਿਆ ਸ਼ਾਸ਼ਨ ਦਿੱਤਾ ਹੈ ਜਦਕਿ ਕਾਂਗਰਸ ਸਰਕਾਰ ਵੇਲੇ ਹਰ ਪਾਸੇ ਭ੍ਰਿਸ਼ਟਾਚਾਰ ਭਾਰੂ ਸੀ।

# ਮਾਣ ਮੱਤਾ ਪੱਤਰਕਾਰ ਪੁਰਸਕਾਰ ਇਸ ਵਰ੍ਹੇ ਡਾ. ਘੁੰਮਣ ਅਤੇ ਚਨਾਰਥਲ ਨੂੰ

**ਫਗਵਾੜਾ–** ਪੰਜਾਬੀ ਵਿਰਸਾ ਟਰੱਸਟ (ਰਜਿ:) ਵੱਲੋਂ ਨੌਵਾਂ-2024 ਮਾਣ ਮੱਤਾ ਪੱਤਰਕਾਰ ਪੁਰਸਕਾਰ ਇਸ ਵਰ੍ਹੇ ਪ੍ਰਸਿੱਧ ਅਰਥ ਸ਼ਾਸ਼ਤਰੀ ਅਤੇ ਕਾਲਮਨਵੀਸ ਡਾ. ਰਣਜੀਤ ਸਿੰਘ ਘੁੰਮਣ ਅਤੇ ਪ੍ਰਸਿੱਧ ਫੀਲਡ ਪੱਤਰਕਾਰ ਦੀਪਕ ਸ਼ਰਮਾ ਚਨਾਰਥਲ ਨੂੰ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਇਹ ਫ਼ੈਸਲਾ ਪੰਜਾਬੀ ਵਿਰਸਾ ਟਰੱਸਟ ਵੱਲੋਂ ਬਣਾਈ ਚੋਣ ਕਮੇਟੀ, ਜਿਸ ਵਿੱਚ ਪ੍ਰਸਿੱਧ ਪੱਤਰਕਾਰ ਸਤਨਾਮ ਸਿੰਘ ਮਾਣਕ, ਲੇਖਕ ਡਾ।ਲਖਵਿੰਦਰ ਸਿੰਘ ਜੌਹਲ, ਲੇਖਕ ਪ੍ਰੋ. ਜਸਵੰਤ ਸਿੰਘ ਗੰਡਮ, ਕਾਲਮਨਵੀਸ ਪ੍ਰਿੰ. ਗੁਰਮੀਤ ਸਿੰਘ ਪਲਾਹੀ ਸ਼ਾਮਲ ਸਨ, ਵੱਲੋਂ ਕੀਤਾ ਗਿਆ। ਇਸ ਸੰਬੰਧੀ ਸਮਾਗਮ 23 ਫਰਵਰੀ 2025 ਨੂੰ ਫਗਵਾੜਾ ਵਿਖੇ ਆਯੋਜਿਤ ਕੀਤਾ ਜਾਵੇਗਾ। ਇਸ ਪੁਰਸਕਾਰ ਵਿੱਚ ਮਾਣ ਪੱਤਰ, ਮੰਮੰਟੋ, ਦੁਸ਼ਾਲਾ ਤੇ ਨਕਦ ਰਾਸ਼ੀ ਦਿੱਤੀ ਜਾਵੇਗੀ। ਸਮਾਗਮ ਪੰਜਾਬ ਚੇਤਨਾ ਮੰਚ ਦੇ ਸਹਿਯੋਗ ਨਾਲ ਹੋਏਗਾ ਅਤੇ ਡਾ।ਰਣਜੀਤ ਸਿੰਘ ਘੁੰਮਣ "ਪੰਜਾਬ ਦੀਆਂ ਚਣੌਤੀਆਂ ਅਤੇ ਸੰਭਾਵਨਾਵਾਂ" ਵਿਸ਼ੇ 'ਤੇ ਇਸ ਸਮੇਂ ਵਿਚਾਰ ਪੇਸ਼ ਕਰਨਗੇ। ਪ੍ਰਿੰ. ਗੁਰਮੀਤ ਸਿੰਘ ਪਲਾਹੀ ਜਨਰਲ ਸਕੱਤਰ ਨੇ ਦੱਸਿਆ ਕਿ ਪਹਿਲਾ 2016 ਵਿੱਚ ਸ. ਨਰਪਾਲ ਸਿੰਘ ਸ਼ੇਰਗਿੱਲ ਅਤੇ ਪ੍ਰੋ। ਜਸਵੰਤ ਸਿੰਘ ਗੰਡਮ ਨੂੰ, ਦੂਜਾ 2017 ਵਿੱਚ ਪ੍ਰੋ. ਪਿਆਰਾ ਸਿੰਘ ਭੋਗਲ ਅਤੇ ਸ਼੍ਰੀ ਠਾਕਰ ਦਾਸ ਚਾਵਲਾ ਨੂੰ, ਤੀਜਾ 2018 ਵਿੱਚ ਡਾ. ਸਵਰਾਜ ਸਿੰਘ ਅਤੇ ਸ. ਆਈ.ਪੀ. ਸਿੰਘ ਨੂੰ, ਚੌਥਾ 2019 ਵਿਚ ਡਾ. ਗਿਆਨ ਸਿੰਘ ਅਤੇ ਸ. ਅਵਤਾਰ ਸਿੰਘ ਸ਼ੇਰਗਿੱਲ ਨੂੰ, ਪੰਜਵਾਂ 2020 ਵਿੱਚ ਡਾ. ਐਸ.ਐਸ.ਛੀਨਾ ਅਤੇ ਸ੍ਰ: ਗੁਰਚਰਨ ਸਿੰਘ ਨੂਰਪੁਰ ਨੂੰ, ਛੇਵਾਂ 2021 ਵਿੱਚ ਸ੍ਰ: ਸਤਨਾਮ ਸਿੰਘ ਮਾਣਕ ਅਤੇ ਸ੍ਰ: ਚਰਨਜੀਤ ਸਿੰਘ ਭੁੱਲਰ ਨੂੰ, ਸੱਤਵਾਂ 2022 ਵਿੱਚ ਉਜਾਗਰ ਸਿੰਘ ਸਾਬਕਾ ਡੀ.ਪੀ.ਆਰ. . ਅਤੇ ਡਾ। ਸ਼ਿਆਮ ਸੁੰਦਰ ਦੀਪਤੀ ਨੂੰ, ਅੱਠਵਾਂ 2023 ਵਿੱਚ ਸ: ਕੁਲਦੀਪ ਸਿੰਘ ਬੇਦੀ ਅਤੇ ਸ਼੍ਰੀਮਤੀ ਰਚਨਾ ਖਹਿਰਾ ਨੂੰ ਇਹ ਮਾਣ ਮੱਤਾ ਪੱਤਰਕਾਰ ਪੁਰਸਕਾਰ ਪ੍ਰਦਾਨ ਕੀਤਾ ਜਾ ਚੁੱਕਾ ਹੈ।





# ਪ੍ਰਸਿੱਧ ਗਾਇਕ ਪੰਮਾ ਲਧਾਣਾ ਦੇ ਸ਼ਬਦ "ਪ੍ਰਭਾਤ ਫੇਰੀ" ਨੂੰ ਮਿਲ ਰਿਹਾ ਭਰਵਾ ਹੁੰਗਾਰਾ

**ਰੋਮ (ਇਟਲੀ) (ਟੇਕਚੰਦ ਜਗਤਪੁਰ)–** ਦੇਸ਼-ਵਿਦੇਸ਼ ਚ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਗੀਤਾਂ ਨਾਲ ਪੰਜਾਬੀ ਸੰਗੀਤ ਜਗਤ ਚ ਆਪਣੀ ਬੁਲੰਦ



ਅਵਾਜ ਸਦਕਾ ਨਿਵੇਕਲੀ ਪਹਿਚਾਣ ਰੱਖਣ ਵਾਲੇ ਚਰਚਿਤ ਗਾਇਕ ਪੰਮਾ ਲਧਾਣਾ, ਜਿਸ ਦੇ ਗੀਤਾਂ, 'ਤਖਤ ਦਿਲੀ ਦਾ ਵਾਜਾਂ ਮਾਰਦਾ "ਏਕੇ ਦਾ ਬਿਗਲ" ਗੁਰੂ ਰਵਿਦਾਸ ਦੀਏ ਕੌਮੇ, ਹੌਸਲੇ ਬੁਲੰਦ ਰੱਖਿਓ, ਗੁਰੂ ਦਾ ਪੱਲਾ ਅਤੇ ਅਨੇਕ ਹੋਰ ਗੀਤਾਂ ਨੂੰ ਸਰੋਤਿਆਂ ਨੇ ਰਜਵਾ ਪਿਆਰ ਦਿਤਾ। ਹੁਣ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਤੇ ਨਾਮਵਰ ਗੀਤਕਾਰ ਜੱਸੀ ਫਗਵਾੜੇ ਵਾਲਾ ਦੀ ਕਲਮ ਚੋਂ ਲਿਖਿਆ ਹੋਇਆ ਗੀਤ ਪ੍ਰਭਾਤ ਫੇਰੀ" ਗਾਇਕ ਪੰਮਾ ਲਧਾਣਾ ਦੀ ਅਵਾਜ ਚ ਰਿਲੀਜ ਹੋਇਆ। ਰਿੰਗ ਰਿਕਾਰਡ ਦੇ ਬੈਨਰ ਹੇਠ ਰਿਲੀਜ ਹੋਏ ਇਸ ਗੀਤ ਨੂੰ ਨਾਮਵਰ ਸੰਗੀਤਕਾਰ ਪ੍ਰਸ਼ੋਤਮ ਬੰਗੜ ਨੇ ਸੰਗੀਤਕ ਧੁੰਨਾਂ ਨਾਲ ਸ਼ਿੰਗਾਰਿਆ ਹੈ।ਇਸ ਗੀਤ ਦਾ ਫਿਲਮਾਕਣ ਸੰਗਰ ਸਟੂਡੀਓ ਨਵਲਾਰਾ ਵਲੋ ਕੀਤਾ ਗਿਆ ਹੈ। ਗਾਇਕ ਪੰਮਾ ਲੁਧਾਣਾ ਨੇ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਧਰਮ ਅਸਥਾਨ ਰੀਜੋਇਮੀਲੀਆ ਅਤੇ ਡਾ ਬੀ ਆਰ ਅੰਬੇਡਕਰ ਸੋਸਾਇਟੀ ਉਚਾ ਲੁਧਾਣਾ ਦੀ ਸਮੁੱਚੀ ਕਮੇਟੀ ਦਾ ਵੀ ਇਸ ਸ਼ਬਦ ਨੂੰ ਰਿਲੀਜ ਕਰਨ ਵਿੱਚ ਵਿਸ਼ੇਸ਼ ਯੋਗਦਾਨ ਰਿਹਾ।

'ਦੇਸ਼ ਦੁਆਬਾ'
'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## .ਗਜ਼ਲ

ਮੁੜ-ਮੁੜ ਕੇ ਟੁੱਟਿਆ ਫਿਰ ਬਿਖਰ ਗਿਆ ਸਾਂ ਮੈਂ।
ਅਜ ਤਕ ਸਮਝ ਨਾ ਲੱਗੀ ਕਿਧਰ ਗਿਆ ਸਾਂ ਮੈਂ।
ਹੁਣ ਤਾਂ ਬਿਲਕੁਲ ਇਹ ਵੀ ਚੇਤਾ ਨਈਂ ਰਹਿੰਦਾ,
ਕਿੱਥੋਂ ਹੋ ਕੇ ਆਇਆਂ ਕਿਧਰ ਗਿਆ ਸਾਂ ਮੈਂ।
ਕੋਸੇ-ਕੋਸੇ ਪਾਣੀ ਦੀ ਕੀ ਸਿਫ਼ਤਕਰਾਂ,
ਦਰਿਆ ਵਿੱਚ ਨਹਾ ਕੇ ਨਿਖਰ ਗਿਆ ਸਾਂ ਮੈਂ।
ਮੇਰੀ ਨਾਜ਼ੁਕ ਹਾਲਤ ਨੂੰ ਵੇਖ ਰਹੇ ਹੋ,
ਉਸ ਸੁੰਦਰ ਪਰਬਤ ਦੇ ਸ਼ਿਖ਼ਰ ਗਿਆ ਸਾਂ ਮੈਂ।

ਕਰ ਲਉ ਜੋ ਕਰਨਾ ਜਿੰਦਾਂ ਚਾਹੁੰਦੇ ਹੋ,
ਮੈਂ ਸੱਚ ਕਹਿੰਦਾ ਹਾਂ ਕਿ ੁਧਰ ਗਿਆ ਸਾਂ ਮੈਂ।
ਕੱਲਿਆਂ ਛੱਡ ਕੇ ਮੈਨੂੰ ਹੁਣ ਨਾ ਜਾਇਆ ਕਰ,
ਛੋਟੇ ਬੱਚੇ ਵਾਗੂੰ ੁਦਰ ਗਿਆ ਸਾ ਮੈਂ।
ਬਾਲਮ ਪਾਬੰਦੀਆਂ ਦੀ ਕੀ ਜ਼ੁਰਰਤ ਸੀ,
ਵਾਅ ਵਰੋਲੇ ਵਾਗੂੰ ਵਿਚਰ ਗਿਆ ਸਾ ਮੈਂ।

**ਬਲਵਿੰਦਰ ਬਾਲਮ ਗੁਰਦਾਸਪੁਰ**
**91-98156-25409**

# ਵਿਸ਼ਵ ਵਿੱਚ ਬੋਧੀਆਂ ਦਾ ਸਰਵਸ਼੍ਰੇਸ਼ਟ ਪਵਿੱਤਰ ਇਤਿਹਾਸਕ ਸਥਾਨ ਬੋਧਗਯਾ ਮਹਾ ਬੁੱਧਵਿਹਾਰ

## 'ਬੀ.ਟੀ. ਐਕਟ 1949' ਰੱਦ ਕਰਕੇ ਬੋਧਗਯਾ ਮਹਾ ਬੁੱਧਵਿਹਾਰ ਪ੍ਰਬੰਧਕ ਸੰਮਤੀ ਦਾ ਪੂਰਾ ਪ੍ਰਬੰਧ ਨਿਰੋਲ ਬੋਧੀਆਂ ਨੂੰ ਦਿੱਤਾ ਜਾਵੇ - ਲਾਮਾ

**ਜਲੰਧਰ-** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੁਆਰਾ ਆਯੋਜਿਤ ਕੀਤੀ ਗਈ ਪ੍ਰੈਸ ਕਾਨਫਰੰਸ ਵਿਚ ਪੱਤਰਕਾਰਾਂ ਨੂੰ ਸੰਬੋਧਿਤ ਕਰਦਿਆਂ ਅਲ ਇੰਡੀਆ ਬੁੱਧਿਸਟ ਫੋਰਮ ਦੇ ਜਨਰਲ ਸਕੱਤਰ ਸ਼੍ਰੀ ਅਕਾਸ਼ ਲਾਮਾ ਨੇ ਕਿਹਾ ਕਿ ਪੰਜਾਬ ਯੋਧਿਆਂ ਤੇ ਕ੍ਰਾਂਤੀਕਾਰੀਆਂ ਦੀ ਧਰਤੀ ਹੈ। ਭਾਰਤ ਦੇਸ਼ ਦੇ ਸੁਤੰਤਰਤਾ ਸੰਗਰਾਮ 'ਚ ਪੰਜਾਬੀਆਂ ਦਾ ਮਹੱਤਵਪੂਰਨ ਰੋਲ ਹੈ। ਆਜ਼ਾਦੀ ਉਪਰੰਤ ਬਾਬਾ ਸਾਹਿਬ ਡਾ. ਅੰਬੇਡਕਰ ਦੀ ਵਿਚਾਰਧਾਰਾ ਦੇ ਪ੍ਰਸਾਰ ਅਤੇ ਪ੍ਰਚਾਰ ਵਿੱਚ ਵੀ ਪੰਜਾਬ ਦੇ ਅੰਬੇਡਕਰੀਆਂ ਦਾ ਬੇਮਿਸਾਲ ਯੋਗਦਾਨ ਹੈ। ਉਨ੍ਹਾਂ ਨੇ ਕਿਹਾ ਕਿ ਵਿਸ਼ਵ ਵਿੱਚ ਬੋਧੀਆਂ ਦੇ ਸਰਵਸ਼੍ਰੇਸ਼ਟ ਪਵਿੱਤਰ ਇਤਿਹਾਸਕ ਸਥਾਨ ਬੋਧਗਯਾ ਮਹਾ ਬੁੱਧਵਿਹਾਰ ਦਾ ਸਭ ਤੋਂ ਉੱਤਮ ਦਰਜਾ ਹੈ ਅਤੇ ਭਾਰੀ ਗਿਣਤੀ ਵਿੱਚ ਦੁਨੀਆਂ ਭਰ ਦੇ ਦੇਸ਼ਾਂ ਦੇ ਬੋਧੀ ਉਪਾਸਕ ਸ਼ਰਧਾਲੂ ਇਸ ਸਥਾਨ ਦੀ ਯਾਤਰਾ ਕਰਨ ਲਈ ਰੋਜ਼ਾਨਾ ਆਉਂਦੇ ਹਨ।

ਪਰੰਤੂ ਸਭ ਤੋਂ ਹੈਰਾਨੀ ਅਤੇ ਦੁੱਖ ਵਾਲੀ ਗੱਲ ਹੈ ਕਿ ਤਥਾਗਤ ਬੁੱਧ ਨਾਲ ਸਬੰਧਤ ਇਸ ਪਵਿੱਤਰ ਸਥਾਨ ਦਾ ਕਬਜ਼ਾ ਗੈਰ ਬੋਧੀਆਂ ਦੇ ਕੋਲ ਹੈ। ਪੂਰੀ ਦੁਨੀਆਂ ਵਿੱਚ ਇਹ ਇੱਕੋ ਇੱਕ ਸਥਾਨ ਹੈ ਜਿਸ ਦਾ ਪ੍ਰਬੰਧ ਗੈਰ ਧਰਮੀ ਲੋਕਾਂ ਕੋਲ ਹੈ। ਤਤਕਾਲੀਨ ਬਿਹਾਰ ਸਰਕਾਰ ਨੇ ਬੀ.ਟੀ. ਐਕਟ 1949 ਦੁਆਰਾ ਇਸ ਪਵਿੱਤਰ ਸਥਾਨ ਨੂੰ ਗੈਰ ਬੋਧੀਆਂ ਦੇ ਹਵਾਲੇ ਕੀਤਾ ਹੋਇਆ ਹੈ ਜੋ ਸਾਰੇ ਧਾਰਮਿਕ ਕਾਰਜ ਤਥਾਗਤ ਬੁੱਧ ਦੀ ਵਿਚਾਰਧਾਰਾ ਦੇ ਉਲਟ ਕਰਦੇ ਹੋਏ ਅੰਧ ਵਿਸ਼ਵਾਸ ਨੂੰ ਬੜਾਵਾ ਦੇ ਰਹੇ ਹਨ। ਉਨ੍ਹਾਂ ਨੇ ਸਭ ਤੋਂ ਪਵਿੱਤਰ ਬੁੱਧ ਭੂਮੀ ਨੂੰ ਸੈਰ ਸਪਾਟੇ ਦਾ ਇੱਕ ਸਥਾਨ ਬਣਾ ਦਿੱਤਾ ਹੈ। ਬੁੱਧ ਨੇ ਵਿਵੇਕਸ਼ੀਲ ਹੋਣ, ਵਿਗਿਆਨਕ ਸੂਝ ਵਿਕਸਿਤ ਕਰਨ ਅਤੇ ਤਰਕ ਅਧਾਰਤ ਜੀਵਨ ਜਿਉਣ ਦੀ ਪ੍ਰੇਰਨਾ ਦਿੱਤੀ ਸੀ, ਜਦਕਿ




ਗੈਰ ਬੋਧੀ ਪ੍ਰਬੰਧਕ ਸੰਮਤੀ ਰੂੜੀਵਾਦ, ਅਡੰਬਰਾਂ, ਕਰਮਕਾਂਡਾਂ ਅਤੇ ਰੀਤਾਂ-ਰਸਮਾਂ ਵਿੱਚ ਫਸਾ ਕੇ ਯਾਤਰੀਆਂ ਦੀ ਲੁੱਟ ਖਸੁੱਟ ਕਰ ਰਹੇ ਹਨ।

ਲਾਮਾ ਜੀ ਨੇ ਕਿਹਾ ਕਿ ਬੋਧਗਯਾ ਮਹਾ ਬੁੱਧਵਿਹਾਰ ਨੂੰ ਗੈਰ ਬੋਧੀਆਂ ਤੋਂ ਮੁਕਤ ਕਰਾਉਣ ਲਈ ਭਾਰਤ ਦੇ ਬੋਧੀ ਸਮਾਜ ਵੱਲੋਂ ਲੰਮੇ ਅਰਸੇ ਤੋਂ ਅੰਦੋਲਨ ਕੀਤੇ ਜਾ ਰਹੇ ਹਨ। ਸਤੰਬਰ 2024 ਤੋਂ ਆਲ ਇੰਡੀਆ ਬੁੱਧਿਸਟ ਫੋਰਮ ਦੀ ਅਗਵਾਈ ਹੇਠ ਪੀਸ-ਮਾਰਚ ਸਮੇਤ ਪੂਰੇ ਦੇਸ਼ ਵਿੱਚ ਜਿਲਾ ਪੱਧਰ ਦੇ ਰਾਸ਼ਟਰਪਤੀ ਜੀ ਨੂੰ ਮੈਮੋਰੈਂਡਮ ਭੇਜੇ ਗਏ। ਉਨ੍ਹਾਂ ਨੇ ਕਿਹਾ ਕਿ 12 ਫਰਵਰੀ 2025 ਨੂੰ ਅਨਿਸ਼ਚਿਤਕਾਲੀਨ ਲੜੀਵਾਰ ਭੁੱਖ ਹੜਤਾਲ ਸ਼ੁਰੂ ਕੀਤੀ ਜਾ ਰਹੀ ਹੈ। ਆਕਾਸ਼ ਲਾਮਾਂ ਨੇ ਕਿਹਾ ਕਿ ਸ੍ਰੀ ਲੰਕਾ ਦੇ ਮਹਾਨ ਬੋਧੀ ਵਿਦਵਾਨ ਅਨਾਗਰਿਕ ਧਰਮਪਾਲ ਨੇ 1891 ਤੋਂ ਆਪਣੇ ਪ੍ਰੀਨਿਰਵਾਣ 1933 ਤੱਕ ਇਸ ਮਹਾਨ ਬੋਧੀ ਸਥਾਨ ਨੂੰ ਰੂੜੀਵਾਦੀ ਗੈਰ ਬੋਧੀਆਂ ਤੋਂ ਮੁਕਤ ਕਰਵਾਉਣ ਲਈ ਨਿਰੰਤਰ ਸੰਘਰਸ਼ ਕੀਤਾ। ਬੇਸ਼ੱਕ 1949 ਵਿੱਚ ਬਿਹਾਰ ਸਰਕਾਰ ਨੇ ਇਸ ਸਬੰਧੀ ਬੀ.ਟੀ. ਐਕਟ ਤਾਂ ਬਣਾਇਆ ਪ੍ਰੰਤੂ ਬੋਧਗਯਾ ਮਹਾ ਬੁੱਧਵਿਹਾਰ ਦੀ ਪ੍ਰਬੰਧਕ ਸੰਮਤੀ ਵਿੱਚ ਸ਼ਾਮਿਲ 9 ਮੈਂਬਰਾਂ ਵਿੱਚ 5 ਮੈਂਬਰ ਗੈਰ ਬੋਧੀ ਹੀ ਸ਼ਾਮਿਲ ਕੀਤੇ ਜਾਣ ਦਾ ਕਾਨੂੰਨੀ ਪ੍ਰਬੰਧ ਕਰ ਦਿੱਤਾ ਗਿਆ। ਉਨ੍ਹਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਬੀ.ਟੀ. ਐਕਟ 1949 ਨੂੰ ਰੱਦ ਕਰਕੇ ਬੋਧਗਯਾ ਮਹਾ ਬੁੱਧਵਿਹਾਰ ਦੀ ਪ੍ਰਬੰਧਕ ਸੰਮਤੀ ਦਾ ਪੂਰਾ ਪ੍ਰਬੰਧ ਨਿਰੋਲ ਬੋਧੀਆਂ ਨੂੰ ਦਿੱਤਾ ਜਾਵੇ। ਆਕਾਸ਼ ਲਾਮਾ ਜੀ ਨੇ ਪੰਜਾਬ ਦੇ ਸਾਰੇ ਬੋਧੀ ਉਪਾਸਕਾਂ ਅਤੇ ਅੰਬੇਡਕਰੀ ਅਤੇ ਤਰਕਸ਼ੀਲ ਵਿਚਾਰਧਾਰਾ ਨਾਲ ਜੁੜੀਆਂ ਸਾਰੀਆਂ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ 'ਬੋਧਗਯਾ ਟੈਂਪਲ ਮੁਕਤੀ ਅੰਦੋਲਨ', ਆਲ ਇੰਡੀਆ ਬੁੱਧਿਸਟ ਫੋਰਮ ਨੂੰ ਤਨ ਮਨ ਤੇ ਧਨ ਨਾਲ ਪੂਰਾ ਸਹਿਯੋਗ ਦੇਣ।

ਅੰਬੇਡਕਰ ਮਿਸ਼ਨ ਸੁਸਾਇਟੀ ਦੇ ਪ੍ਰਧਾਨ ਚਰਨ ਦਾਸ ਸੰਧੂ ਨੇ ਪੰਜਾਬ ਦੇ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿਖੇ 26 ਜਨਵਰੀ ਗਣਤੰਤਰ ਦਿਵਸ ਵਾਲੇ ਦਿਨ ਇੱਕ ਸ਼ਰਾਰਤੀ ਅਨਸਰ ਵੱਲੋਂ ਅੰਮ੍ਰਿਤਸਰ ਵਿਰਾਸਤੀ ਮਾਰਗ ਤੇ ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਡਕਰ ਦੀ ਪ੍ਰਤਿਮਾ ਨੂੰ ਤੋੜਨ ਦੀ ਘਟਨਾ ਦੀ ਸਖ਼ਤ ਸ਼ਬਦਾਂ 'ਚ ਨਿੰਦਿਆ ਕੀਤੀ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਦੋਸ਼ੀ ਨੂੰ ਕਾਨੂੰਨ ਅਨੁਸਾਰ ਸਖ਼ਤ ਤੋਂ ਸਖ਼ਤ ਸਜਾ ਦਿੱਤੀ ਜਾਵੇ।

ਉਨ੍ਹਾਂ ਨੇ ਸਰਕਾਰ ਤੋਂ ਇਹ ਵੀ ਮੰਗ ਕੀਤੀ ਕਿ ਇਸ ਮੰਦਭਾਗੀ ਘਟਨਾ ਦੀ ਉੱਚਪੱਧਰੀ ਜਾਂਚ ਕਰਵਾ ਕੇ ਇਸ ਪਿੱਛੇ ਸਾਜਿਸ਼ ਦਾ ਪਤਾ ਲਗਾਇਆ ਜਾਵੇ ਅਤੇ ਸਾਜਿਸ਼ ਕਰਤਾ ਨੂੰ ਵੀ ਸਖ਼ਤ ਸਜਾ ਦਿੱਤੀ ਜਾਵੇ। ਇਸ ਮੌਕੇ ਸਰਵ ਸ੍ਰੀ ਸੋਹਨ ਲਾਲ ਸਾਬਕਾ ਡੀਪੀਆਈ (ਕਾਲਜਾਂ), ਡਾ. ਜੀ.ਸੀ. ਕੌਲ, ਬਲਦੇਵ ਰਾਜ ਭਾਰਦਵਾਜ, ਪ੍ਰੋ. ਬਲਬੀਰ, ਡਾ. ਹਰਬੰਸ ਵਿਰਦੀ ਲੰਡਨ (ਯੂ ਕੇ), ਡਾ. ਮਹਿੰਦਰ ਸੰਧੂ, ਹਰਮੇਸ਼ ਜੱਸਲ, ਨਿਰਮਲ ਬਿੰਜੀ, ਐਡਵੋਕੇਟ ਹਰਭਜਨ ਸਾਂਪਲਾ, ਐਡਵੋਕੇਟ ਕੁਲਦੀਪ ਭੱਟੀ ਆਦਿ ਹਾਜ਼ਰ ਸਨ।

# ਦੇਸ਼ ਭਗਤ ਯੂਨੀਵਰਸਿਟੀ ਵਿੱਚ ਕੌਮੀ ਵੋਟਰ ਦਿਵਸ ਮਨਾਇਆ

**ਮੰਡੀ ਗੋਬਿੰਦਗੜ੍ਹ-** ਦੇਸ਼ ਭਗਤ ਯੂਨੀਵਰਸਿਟੀ ਵਿੱਚ ਕੌਮੀ ਵੋਟਰ ਦਿਵਸ ਨੂੰ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਨੌਜਵਾਨਾਂ ਵਿਚ





ਵੋਟ ਦੇ ਮਹੱਤਵ ਬਾਰੇ ਜਾਗਰੂਕਤਾ ਫੈਲਾਉਣਾ ਸੀ। ਪ੍ਰੋਗਰਾਮ ਦਾ ਮੁੱਖ ਆਕਰਸ਼ਣ ਕ੍ਰਾਂਤੀ ਕਲਾਂ ਮੰਚ ਦੇ ਕਲਾਕਾਰਾਂ ਵੱਲੋਂ ਪੇਸ਼ ਕੀਤਾ ਗਿਆ ਇੱਕ ਸ਼ਾਨਦਾਰ ਨੁੱਕੜ ਨਾਟਕ ਸੀ, ਜਿਸ ਨੇ ਲੋਕਤੰਤਰ ਵਿੱਚ ਵੋਟ ਦੀ ਸ਼ਕਤੀ ਦਾ ਸੁਨੇਹਾ ਦਿੱਤਾ।

ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਮੁੱਖ ਮਹਿਮਾਨ ਸਨ। ਯੂਨੀਵਰਸਿਟੀ ਦੀ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਸਨ। ਇਨ੍ਹਾਂ ਦੇ ਨਾਲ ਸੁਰਜੀਤ ਕੌਰ ਪਥੇਜਾ, ਡਾਇਰੈਕਟਰ ਮੀਡੀਆ ਅਤੇ ਸ਼੍ਰੀ ਅਰਸ਼ਦੀਪ ਸਿੰਘ, ਡਾਇਰੈਕਟਰ ਸਟੂਡੈਂਟ ਵੇਲਫੇਅਰ ਵੀ ਪ੍ਰੋਗਰਾਮ ਵਿਚ ਮੌਜੂਦ ਸਨ।

ਨਹਿਰੂ ਯੁਵਾ ਕੇਂਦਰ, ਫਤਿਹਗੜ੍ਹ ਸਾਹਿਬ ਦੇ ਜ਼ਿਲ੍ਹਾ ਯੁਵਾ ਅਧਿਕਾਰੀ ਪੰਕਜ ਯਾਦਵ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਵੋਟ ਦੇ ਮੌਲਿਕ ਹੱਕ ਅਤੇ ਇਸਦੀ ਰਾਸ਼ਟਰ ਨਿਰਮਾਣ ਵਿੱਚ ਭੂਮਿਕਾ ਬਾਰੇ ਪ੍ਰੇਰਕ ਵਿਚਾਰ ਸਾਂਝੇ ਕੀਤੇ। ਇਸ ਤੋਂ ਇਲਾਵਾ, ਦੁਰਗ ਪ੍ਰੋਜੈਕਟ ਅਫਸਰ ਅਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਵੋਟਿੰਗ ਪ੍ਰਕਿਰਿਆ ਅਤੇ ਲੋਕਤੰਤਰਿਕ ਪ੍ਰਣਾਲੀ ਵਿੱਚ ਵੋਟਰ ਦੀ ਜ਼ਿੰਮੇਵਾਰੀਆਂ ਬਾਰੇ ਜਾਣਕਾਰੀ ਦਿੱਤੀ।

ਇਸ ਪ੍ਰੋਗਰਾਮ ਨੇ ਵਿਦਿਆਰਥੀਆਂ ਨੂੰ ਚੋਣ ਪ੍ਰਕਿਰਿਆ ਵਿੱਚ ਸਰਗਰਮ ਤੌਰ 'ਤੇ ਭਾਗ ਲੈਣ ਅਤੇ ਲੋਕਤੰਤਰ ਨੂੰ ਮਜ਼ਬੂਤ ਬਣਾਉਣ ਲਈ ਪ੍ਰੇਰਿਤ ਕੀਤਾ। ਯੂਨੀਵਰਸਿਟੀ ਨੇ ਨਾਗਰਿਕ ਜਾਗਰੂਕਤਾ ਨੂੰ ਵਧਾਉਣ ਅਤੇ ਨੌਜਵਾਨਾਂ ਨੂੰ ਜ਼ਿੰਮੇਵਾਰ ਨਾਗਰਿਕ ਬਣਾਉਣ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ। ਪ੍ਰੋਗਰਾਮ ਦੀ ਸਮਾਪਤੀ ਧੰਨਵਾਦ ਮਤੇ ਨਾਲ ਹੋਈ ਅਤੇ ਸਾਰੇ ਹਾਜ਼ਰ ਲੋਕਾਂ ਵੱਲੋਂ ਆਪਣੇ ਵੋਟ ਦੇ ਹੱਕ ਨੂੰ ਜ਼ਿੰਮੇਵਾਰੀ ਨਾਲ ਵਰਤਣ ਦੀ ਸਹੁੰ ਚੁਕੀ ਗਈ।

# ਗਾਇਕ ਸੋਡੀ ਮੱਲ ਦਾ 'ਨਾਨਕਾ ਮੇਲ' ਗੀਤ ਸਰੋਤਿਆਂ ਵੱਲੋ ਕੀਤਾ ਜਾ ਰਿਹਾ ਬੇਹੱਦ ਪਸੰਦ



**ਰੋਮ (ਇਟਲੀ) (ਟੇਕ ਚੰਦ ਜਗਤਪੁਰ)-** ਪ੍ਰਸਿੱਧ ਗਾਇਕ ਸੋਡੀ ਮੱਲ ਦਾ ਨਵਾਂ ਗੀਤ' ਨਾਨਕਾ ਮੇਲ'' ਨੂੰ ਸਰੋਤਿਆਂ ਵੱਲੋ ਬੇਹੱਦ ਪਸੰਦ ਕੀਤਾ ਜਾ ਰਿਹਾ ਹੈ। ਇਸ ਗੀਤ ਨੂੰ ਗਾਇਕ ਸੋਢੀ ਮੱਲ ਨੇ ਬਹੁਤ ਹੀ ਖੂਬਸੂਰਤ ਅੰਦਾਜ਼ ਦੇ ਵਿੱਚ ਪੇਸ਼ ਕੀਤਾ ਹੈ। ਇਹ ਗੀਤ ਪੰਜਾਬੀ ਸੱਭਿਆਚਾਰਕ ਦੀ ਜਿਉਦੀ ਜਾਗਦੀ ਤਸਵੀਰ ਪੇਸ਼ ਕਰਦਾ ਹੈ। ਇਹ ਗੀਤ ਪਰਿਵਾਰਕ ਰਿਸ਼ਤਿਆਂ ਦੀਆਂ ਤੰਦਾਂ ਦੇ ਮੋਹ ਨੂੰ ਵੀ ਪ੍ਰਗਟ ਕਰਦਾ ਹੈ। ਇਹ ਗੀਤ ਗੀਤਕਾਰ ਗੁਰਮੀਤ ਸਿੰਘ ਮੱਲੀ ਦੀ ਕਲਮ ਚੋਂ ਲਿਖਿਆ ਗਿਆ ਹੈ। ਇਸ ਗੀਤ ਦਾ ਮਿਊਜਿਕ ਅਮਰ ਦਾ ਮਿਊਜਿਕ ਮਾਇਰ ਵਲੋਂ ਦਿੱਤਾ ਗਿਆ ਹੈ।

ਨੂਰ ਰਿਕਾਰਡ ਵਲੋ ਇਸ ਗੀਤ ਨੂੰ ਰਿਲੀਜ਼ ਕੀਤਾ ਗਿਆ ਹੈ। ਇਹ ਗੀਤ ਹਰ ਵਿਆਹ ,ਸ਼ਾਦੀਆਂ ਦੀਆਂ ਵੀਡੀਓ 'ਚ ਵੀ ਨੌਜਵਾਨ ਵਰਗ ਦੀ ਪਹਿਲੀ ਪਸੰਦ ਬਨਣ ਦੇ ਨਾਲ-ਨਾਲ ਲੋਕ ਬੁੱਲਾਂ 'ਤੇ ਚਰਚਿਤ ਹੋ ਰਿਹਾ ਹੈ।

# ਭਾਜਪਾ ਨੇਤਾ ਅਵਿਨਾਸ਼ ਰਾਏ ਖੰਨਾ ਦੀ ਕਹਾਣੀ ਤੇ ਬਣੀ ਵੈੱਬ ਫ਼ਿਲਮ "ਗੋਲਡ ਮੈਡਲ ਦਾ ਦਹੇਜ" ਦੀ ਹੋਸ਼ਿਆਰਪੁਰ ਹੋਈ ਸਕਰੀਨਿੰਗ

ਬੀਤੇ ਦਿਨੀਂ ਹੋਸ਼ਿਆਰਪੁਰ ਵਿਖੇ ਅਵਿਨਾਸ਼ ਰਾਏ ਖੰਨਾ ਸਾਬਕਾ ਐਮ।ਪੀ। ਦੀ ਪੁਸਤਕ ''ਸਮਾਜ ਚਿੰਤਨ'' ਦੀ ਇੱਕ ਕਹਾਣੀ ''ਗੋਲਡ ਮੈਡਲ ਦਾ ਦਹੇਜ'' ਜਿਸ ਦਾ ਫਿਲਮਆਂਕਣ ਸ੍ਰੀ ਗਰੇਸਾ ਫਿਲਮਜ਼ ਵੱਲੋਂ ਅਸ਼ੋਕ ਪੁਰੀ ਦੇ ਨਿਰਦੇਸ਼ਨ ਹੇਠ ਕੀਤਾ ਗਿਆ ਹੈ, ਦੀ ਸਕਰੀਨਿੰਗ ਸਥਾਨਕ ਡੀ।ਏ।ਵੀ। ਕਾਲਜ ਆੱਫ ਐਜੂਕੇਸ਼ਨ ਦੇ ਐਡੀਟੋਰੀਅਮ ਵਿੱਚ ਕੀਤੀ ਗਈ। ਇਸ ਮੌਕੇ ਤੇ ਸੋਨਾਲੀਕਾ ਗਰੁੱਪ ਦੇ ਵਾਈਸ ਚੇਅਰਮੈਨ ਡਾ। ਅੰਮ੍ਰਿਤ ਸਾਗਰ ਮਿੱਤਲ ਬਤੌਰ ਮੁੱਖ ਮਹਿਮਾਨ, ਅਵਿਨਾਸ਼ ਰਾਏ ਖੰਨਾ ਬਤੌਰ ਵਿਸ਼ੇਸ਼ ਮਹਿਮਾਨ, ਪ੍ਰਿੰਸੀਪਲ ਡਾ। ਵਿਧੀ ਭੱਲਾ ਅਤੇ ਫਿਲਮ ਦੇ ਕਲਾਕਾਰ ਨਿਰਦੇਸ਼ਕ ਅਸ਼ੋਕ ਪੁਰੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।


ਫਿਲਮ ਦੀ ਸਕਰੀਨਿੰਗ ਤੋਂ ਪਹਿਲਾਂ ਮੰਚ ਉਪਰ ਵਿਸ਼ੇਸ਼ ਮਹਿਮਾਨਾਂ ਵੱਲੋਂ ਸ਼ਮਾ ਰੌਸ਼ਨ ਕੀਤੀ ਗਈ ਇਸ ਉਪਰੰਤ ਕਾਲਜ ਦੇ ਪ੍ਰਿੰਸੀਪਲ ਡਾ। ਵਿਧੀ ਭੱਲਾ ਨੇ ਡਾ। ਅੰਮ੍ਰਿਤ ਸਾਗਰ ਮਿੱਤਲ, ਅਵਿਨਾਸ਼ ਰਾਏ ਖੰਨਾ ਅਤੇ ਨਿਰਦੇਸ਼ਕ ਅਸ਼ੋਕ ਪੁਰੀ ਨੂੰ ਫੁੱਲਾਂ ਦੇ ਗੁਲਦਸਤੇ ਦੇ ਕੇ ਸੁਆਗਤ ਕੀਤਾ। ਇਸ ਮੌਕੇ ਤੇ ਫਿਲਮ ਦੇ ਪਿੱਠ ਵਰਤੀ ਗਾਇਕ ਕੁਮਾਰ ਵਿਨੋਦ ਅਤੇ ਸਤੀਸ਼ ਸਿੱਲੀ ਉਪਲ ਨੇ ''ਫਿਕਰ ਕਰੀ ਨਾ ਤੂੰ ਬਾਪੂ'' ਗਾ ਕੇ ਸਰੋਤਿਆਂ ਨਾਲ ਸਾਂਝ ਬਣਾਈ। ਇਸ ਮੌਕੇ ਤੇ ਨਿਰਦੇਸ਼ ਅਸ਼ੋਕ ਪੁਰੀ ਨੇ ਦੱਸਿਆ ਕਿ ਭਾਰਤੀ ਸਮਾਜ ਵਿੱਚ ਸੰਯੁਕਤ ਪਰਿਵਾਰਾਂ ਦੇ ਟੁੱਟਣ ਅਤੇ ਦਾਜ ਦੀ ਮਾਨਸਿਕਤਾ ਤੋਂ ਸੁਚੇਤ ਕਰਨ ਵਾਲੇ ਇਸ ਵਿਸ਼ੇ ਵਿੱਚ ਅੱਖਾਂ ਤੋਂ ਸੱਖਣੀ ਕੁੜੀ ਨੈਨਸੀ ਅਰੋੜਾ ਉਸ ਦਾ ਪਤੀ, ਪੱਤਰਕਾਰ ਅਜੇ ਸਹਿਦੇਵ ਅਤੇ ਮਾਂ ਕਮਲਜੀਤ ਕੌਰ, ਪਿਤਾ ਅੰਮ੍ਰਿਤ ਲਾਲ, ਸੱਸ ਰੈਨੂਕਾ ਰਾਜਪੂਤ ਨੇ ਨੇਤਾ ਅਸ਼ੋਕ



ਪੁਰੀ ਨਾਲ ਆਪਣੇ-ਆਪਣੇ ਕਿਰਦਾਰਾਂ ਨਾਲ ਪੂਰਨ ਇਨਸਾਫ ਕੀਤਾ ਹੈ। ਸਕਰੀਨਿੰਗ ਮੌਕੇ ਡੀ।ਏ।ਵੀ। ਕਾਲਜ ਆੱਫ ਐਜੂਕੇਸ਼ਨ ਦੇ 300 ਵਿਦਿਆਰਥੀਆਂ ਨੇ ਫਿਲਮ ਨੂੰ ਬਗੈਰ ਅੱਖ ਚਮਕਾਏ ਦੇਖਿਆ ਹੈ। ਇਸ ਫਿਲਮ ਵਿੱਚ ਇਨ੍ਹਾਂ ਤੋਂ ਇਲਾਵਾ ਫਿਲਮ ਕਲਾਕਾਰ ਵਨੀਤ ਅਟਵਾਲ, ਵਿੱਕੀ ਵਾਲੀਆ, ਰਮੇਸ਼ ਕੁਮਾਰ, ਪਵਨ ਸਿੰਘ ਅਤੇ ਅਸ਼ੀਸ਼ ਪੁਰੀ ਵੱਲੋਂ ਕੀਤੇ ਗਏ ਕੰਮਾਂ ਨੂੰ ਵੀ ਸਲਾਹਿਆ ਗਿਆ। ਇਸ ਫਿਲਮ ਦੇ ਐਡੀਟਰ ਨਰੇਸ਼ ਐਸ। ਗਰਗ ਹਨ। ਕਹਾਣੀ ਦੇ ਰਚੇਤਾ ਅਵਿਨਾਸ਼ ਰਾਏ ਖੰਨਾ ਨੇ ਅਸ਼ੋਕ ਪੁਰੀ ਅਤੇ ਉਨ੍ਹਾਂ ਦੀ ਟੀਮ ਵੱਲੋਂ ਕੀਤੇ ਗਏ ਇਸ ਅਣਥੱਕ ਕਾਰਜਾਂ ਲਈ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਕਹਾਣੀ ਦਾ ਚਿਤਰਾਂਕਣ ਮਨੁੱਖੀ ਮੰਨ ਉਪਰ ਵਿਸ਼ੇਸ਼ ਪ੍ਰਭਾਵ ਛੱਡਦਾ ਹੈ। ਉਨ੍ਹਾਂ ਮੁੱਖ ਮਹਿਮਾਨ ਅੰਮ੍ਰਿਤ ਸਾਗਰ ਮਿੱਤਲ ਜੀ ਦਾ ਵੀ ਇੰਨਾਂ ਸਮਾਂ ਕੱਢਣ ਲਈ ਧੰਨਵਾਦ ਕੀਤਾ। ਫਿਲਮ ਦੀ ਸਕਰੀਨਿੰਗ ਉਪਰੰਤ ਡਾ। ਅੰਮ੍ਰਿਤ ਸਾਗਰ ਮਿੱਤਲ ਜੀ ਨੇ ਨਿਰਦੇਸ਼ਕ ਕਲਾਕਾਰ ਅਸ਼ੋਕ ਪੁਰੀ ਵੱਲੋਂ ਕੀਤੇ ਨੇਤਾ ਦੇ ਕਿਰਦਾਰ ਅਤੇ ਕਹਾਣੀ ਦੇ ਡਾਇਲਾੱਗ ''ਮਾਂ ਉਹ ਅੱਖਾਂ ਦੀ ਅੰਨ੍ਹੀ ਏ, ਅਕਲ ਦੀ ਅੰਨ੍ਹੀ ਨਈਂ'' ਨਾਲ ਹਾਜ਼ਰੀ ਲਗਵਾਈ। ਉਨ੍ਹਾਂ ਅਵਿਨਾਸ਼ ਰਾਏ ਖੰਨਾ ਜੀ ਦੀ ਪੁਸਤਕ ''ਸਮਾਜ ਚਿੰਤਨ'' ਦੇ ਸੁਮੱਚੇ ਵਿਸ਼ਿਆਂ ਦੇ ਫਿਲਮਾਂਕਣ ਅਤੇ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਸੋਨਾਲੀਕਾ ਗਰੁੱਪ ਵੱਲੋਂ ਸਪੋਂਸਰ ਕਰਨ ਦਾ ਐਲਾਨ ਕੀਤਾ। ਇਸ ਮੌਕੇ ਤੇ ਨਿਰਦੇਸ਼ਕ ਅਸ਼ੋਕ ਪੁਰੀ ਨੇ ਦੱਸਿਆ ਕਿ ਜਲਦੀ ਹੀ ਇਸ ਕੜੀ ਵਿੱਚ ਅਗਲੀ ਫਿਲਮ ਬੱਚਿਆਂ ਦੀ ਕਿਡਨੈਪਿੰਗ ਅਤੇ ਬੱਚਿਆਂ ਦੇ ਕ੍ਰਾਂਈਮ ਉਪਰ ਅਗਲੀ ਫਿਲਮ ਸ਼ੁਰੂ ਕੀਤੀ ਜਾਵੇਗੀ।

ਇਸ ਪ੍ਰੋਗਰਾਮ ਨੂੰ ਸਫਲ ਬਨਾਉਣ ਲਈ ਡਾ. ਰਮਨ ਘਈ, ਪ੍ਰੋਫੈਸਰ ਹਰਪ੍ਰੀਤ ਸਿੰਘ, ਨਰੇਸ਼ ਕੁਮਾਰ, ਐਡਵੋਕੇਟ ਐਸ.ਪੀ. ਰਾਣਾ, ਉਦਯੋਗਪਤੀ ਮੁਕੇਸ਼ ਕੁਮਾਰ, ਰਿਟਾਇਡ ਡੀ.ਟੀ.ਓ. ਅਵਤਾਰ ਸਿੰਘ, ਸ਼੍ਰੀਮਤੀ ਮੀਨਾਕਸ਼ੀ ਖੰਨਾ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਤੇ ਸ੍ਰੀ ਗਰੇਸਾ ਫਿਲਮਜ਼ ਵੱਲੋਂ ਸਮੁੱਚੇ ਕਲਾਕਾਰ ਨੂੰ ਗੋਲਡ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਡੀ.ਏ.ਵੀ. ਕਾਲਜ ਦੇ ਪ੍ਰਿੰਸੀਪਲ ਸ਼੍ਰੀਮਤੀ ਵਿਧੀ ਭੱਲਾ ਅਤੇ ਸਮੁੱਚੇ ਸਟਾਫ ਵੱਲੋਂ ਮੁੱਖ ਮਹਿਮਾਨ ਡਾ. ਅੰਮ੍ਰਿਤ ਸਾਗਰ ਮਿੱਤਲ, ਅਵਿਨਾਸ਼ ਰਾਏ ਖੰਨਾ ਅਤੇ ਫਿਲਮ ਦੇ ਨਿਰਦੇਸ਼ਕ ਕਲਾਕਾਰ ਅਸ਼ੋਕ ਪੁਰੀ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਯਾਦ ਰਹੇ ਇਹ ਪੰਜ ਭਾਸ਼ਾਵਾਂ ਵਿੱਚ ਵੀ ਆਏਗੀ! - **ਅੰਮ੍ਰਿਤ ਪਵਾਰ**

# ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਗਟ ਉਤਸਵ ਲਈ ਵਿਸ਼ੇਸ਼




ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਨ, ਜਨਮ ਸਥਾਨ ਅਤੇ ਜੋਤੀ ਜੋਤ ਸਮਾਉਣ ਬਾਰੇ ਵੱਖ ਵੱਖ ਵਿਦਵਾਨਾਂ ਦੇ ਵੱਖ ਵੱਖ ਵਿਚਾਰ ਹਨ। ਬਹੁਤੇ ਵਿਦਵਾਨਾਂ ਅਨੁਸਾਰ ਆਪ ਦਾ ਜਨਮ 1377 ਇਸਵੀ 1433 ਸੰਮਤ ਬਿਕਰਮੀ ਮਾਘ ਪੁਰਨਿਮਾ ਨੂੰ ਪਿਤਾ ਸੰਤੋਖ ਦਾਸ ਤੇ ਮਾਤਾ ਕਲਸਾ ਦੇਵੀ ਦੇ ਘਰ ਬਨਾਰਸ (ਵਾਰਾਨਸੀ) ਦੀ ਬਸਤੀ 'ਸੀਰ ਗੋਵਰਧਨਪੁਰ' ਮੌਜੂਦਾ ਉੱਤਰ ਪ੍ਰਦੇਸ਼ ਵਿੱਚ ਹੋਇਆ। ਗੁਰੂ ਰਵਿਦਾਸ ਚਮਾਰ ਜਾਤਿ ਨਾਲ ਸਬੰਧ ਰੱਖਦੇ ਸਨ ਜੋਕਿ ਅਛੂਤ ਮੰਨੀ ਜਾਂਦੀ ਸੀ। ਵੱਖ ਵੱਖ ਵਿਦਵਾਨਾਂ ਵਲੋਂ ਆਪ ਨੂੰ ਵੱਖ ਵੱਖ ਨਾਵਾਂ ਰਵਿਦਾਸ, ਰੈਦਾਸ, ਰਾਇਦਾਸ, ਰੁਹਿਦਾਸ ਆਦਿ ਨਾਲ ਸੰਬੋਧਨ ਕੀਤਾ ਜਾਂਦਾ ਹੈ। ਕੁੱਝ ਲੋਕ ਗੁਰੂ ਜੀ ਨੂੰ ਸੰਤ, ਭਗਤ ਆਦਿ ਨਾਲ ਸੰਬੋਧਨ ਕਰਦੇ ਹਨ। ਇਸ ਨਾਲ ਹੀ ਗੁਰੂ ਜੀ ਦੀਆਂ ਵੱਖ ਵੱਖ ਤਰ੍ਹਾਂ ਦੀਆਂ ਫੋਟੋਆਂ ਅਤੇ ਸਰੂਪਾਂ ਜਿਨ੍ਹਾਂ ਵਿੱਚ ਕਈਆਂ ਵਿੱਚ ਗੁਰੂ ਜੀ ਨੂੰ ਤਿਲਕਧਾਰੀ, ਕਈਆਂ ਵਿੱਚ ਸਿਰ ਢੱਕਿਆ ਹੋਇਆ ਹੈ, ਕਈਆਂ ਵਿੱਚ ਗੁਰੂ ਜੀ ਦੇ ਬਰਾਬਰ ਅਤੇ ਨਾਲ ਹੋਰ ਕਈ ਸਮਾਜ ਸੁਧਾਰਕਾਂ ਦੀਆਂ ਫੋਟੋਆਂ ਜੋੜੀਆਂ ਗਈਆਂ ਹਨ ਜੋਕਿ ਗੁਰੂ ਰਵਿਦਾਸ ਜੀ ਦੇ ਪੈਰੋਕਾਰਾਂ ਲਈ ਮਾਨਸਿਕ ਪ੍ਰੇਸ਼ਾਨੀ ਦਾ ਕਾਰਨ ਬਣ ਰਿਹਾ ਹੈ। ਗੁਰੂ ਰਵਿਦਾਸ ਨੇ ਆਪਣੇ ਪਿੱਤਰੀ ਅਰਥਾਤ ਬਜ਼ੁਰਗਾਂ ਵਾਲੇ ਕਿੱਤੇ ਨੂੰ ਅਪਣਾਇਆ। ਗੁਰੂ ਜੀ ਨੇ ਆਪ ਆਪਣੀ ਬਾਣੀ ਵਿੱਚ ਇਸ ਸਬੰਧੀ ਜ਼ਿਕਰ ਕੀਤਾ ਹੈ:



**ਕੁਲਦੀਪ ਚੰਦ**
91-9417563054

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ।।
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ।।

ਆਪ ਅਪਣੇ ਹੱਥੀ ਕਿਰਤ ਕਰਦੇ ਅਤੇ ਲੋੜਵੰਦ ਲੋਕਾਂ ਦੀ ਮੱਦਦ ਕਰਦੇ ਅਤੇ ਰੱਬ ਦੀ ਭਗਤੀ ਕਰਦੇ। ਇਸ ਸਬੰਧੀ ਭਾਈ ਗੁਰਦਾਸ ਜੀ ਵੀ ਪ੍ਰੋੜ੍ਹਤਾ ਕਰਦੇ ਹਨ:

ਜਨੁ ਰਵਿਦਾਸੁ ਚਮਾਰੁ ਹੋਇ ਚਹੁ ਵਰਨਾ ਵਿਚਿ ਕਰਿ ਵਡਿਆਈ।

ਆਪ ਨੇ ਅਪਣੇ ਸਮਕਾਲੀ ਸੰਤ-ਮਹਾਂਪੁਰਖਾਂ ਬਾਰੇ ਵੀ ਅਪਣੀ ਬਾਣੀ ਵਿੱਚ ਡੂੰਘਾ ਵਿਚਾਰ ਵਟਾਂਦਰਾ ਕੀਤਾ ਹੈ:

ਨਾਮਦੇਵ, ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ।।
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ।।

ਗੁਰੂ ਰਵਿਦਾਸ ਅਨੁਸਾਰ ਪ੍ਰਮਾਤਮਾ ਕੋਈ ਰਹੱਸ ਨਹੀਂ ਹੈ ਸਗੋਂ ਪ੍ਰਮਾਤਮਾ ਤਾਂ ਹਰ ਕਣ ਵਿੱਚ ਮੌਜੂਦ ਹੈ। ਆਪ ਨੇ ਪਰਮਾਤਮਾ ਵਿੱਚ ਆਪਣੀ ਹੋਂਦ ਦਾ ਵਰਣਨ ਕਰਦੇ ਹੋਏ ਕਿਹਾ ਹੈ:

ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ।।
ਕਨਕ ਕਟਿਕ ਜਲ ਤਰੰਗ ਜੈਸਾ।।

ਆਪ ਸਮਾਜ ਵਿੱਚੋਂ ਸ਼ੋਸ਼ਣ, ਛੂਆਛਾਤ, ਪਖੰਡਵਾਦ ਦਾ ਖਾਤਮਾ ਕਰਕੇ ਬਰਾਬਰਤਾ ਵਾਲਾ ਸਮਾਜ ਕਾਇਮ ਕਰਨਾ ਚਾਹੁੰਦੇ ਸਨ। ਆਪ ਨੇ ਆਪਣੀ ਬਾਣੀ ਅਤੇ ਪ੍ਰਵਚਨਾਂ ਦੁਆਰਾ ਪਖੰਡਵਾਦ ਅਤੇ ਉਚ ਨੀਚ ਦੇ ਭੇਦਭਾਵ ਨੂੰ ਦੂਰ ਕਰਨ ਲਈ ਸੁਨੇਹਾ ਦਿੱਤਾ ਹੈ। ਆਪ ਸ਼੍ਰੋਮਣੀ ਵਿਦਵਾਨਾਂ, ਭਗਤਾਂ, ਪੀਰਾਂ-ਪੈਗੰਬਰਾਂ, ਰਿਸ਼ੀਮੁਨੀਆਂ ਵਿੱਚ ਇੱਕ ਉੱਚਕੋਟੀ ਦੀ ਸ਼ਖਸੀਅਤ ਸਨ ਅਤੇ ਆਪ ਦੀ ਬਾਣੀ (40 ਸ਼ਬਦਾਂ ਅਤੇ 01 ਸ਼ਲੋਕ) ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਗੁਰੂ ਸਾਹਿਬਾਨਾਂ ਜੀ ਦੀ ਬਾਣੀ ਨਾਲ ਸ਼ਾਮਿਲ ਕੀਤਾ ਗਿਆ। ਆਪ ਨੇ ਆਪਣੀਆਂ ਕਵਿਤਾਵਾਂ ਲਈ ਆਮ ਲੋਕਾਂ ਦੀ ਬ੍ਰਜ ਭਾਸ਼ਾ ਦੀ ਵਰਤੋਂ ਕੀਤੀ ਹੈ। ਇਸ ਦੇ ਨਾਲ ਹੀ ਅਵਧੀ, ਰਾਜਸਥਾਨੀ, ਖੜੀ ਬੋਲੀ ਅਤੇ ਰੇਖਤਾ ਅਰਥਾਤ ਉਰਦੂ-ਫ਼ਾਰਸੀ ਦੇ ਸ਼ਬਦਾਂ ਦਾ ਮਿਸ਼ਰਣ ਵੀ ਹੈ। ਗੁਰੂ ਰਵਿਦਾਸ ਨੇ ਸਭ ਨੂੰ ਗਿਆਨਵਾਨ ਹੋਣ ਲਈ ਪ੍ਰੇਰਿਆ:

ਮਾਧੋ ਅਬਿਦਿਆ ਹਿਤ ਕੀਨ।।
ਬਿਬੇਕ ਦੀਪ ਮਲੀਨ।।

ਆਪ ਕਥਨੀ ਅਤੇ ਕਰਨੀ ਦੇ ਧਨੀ ਸਨ। ਉਨ੍ਹਾਂ ਨੇ ਜਿਹੜਾ ਉਪਦੇਸ਼ ਲੋਕਾਂ ਨੂੰ ਦਿੱਤਾ ਹੈ ਪਹਿਲਾਂ ਉਸਤੇ ਆਪ ਅਮਲ ਕੀਤਾ। ਲੋਕਾਂ ਨੂੰ ਹੱਥੀਂ ਕੰਮ ਕਰਨ ਦੀ ਪ੍ਰੇਰਨਾ ਉਨ੍ਹਾਂ ਨੇ ਤਦ ਹੀ ਦਿੱਤੀ ਸੀ ਜਦੋਂ ਉਨ੍ਹਾਂ ਨੇ ਪਹਿਲਾਂ ਆਪ ਇਸ ਸਿਧਾਂਤ ਉਪਰ ਅਮਲ ਕੀਤਾ ਸੀ। ਆਪ ਨੇ ਇਹ ਗੱਲ ਵੀ ਸਪੱਸ਼ਟ ਕਰ ਦਿੱਤੀ ਸੀ ਕਿ ਭਗਵਾਨ, ਪਰਮਾਤਮਾ, ਈਸ਼ਵਰ, ਅੱਲ੍ਹਾ, ਖ਼ੁਦਾ, ਰਹੀਮ ਆਦਿ ਸਭ ਇੱਕੋਂ ਇਲਾਹੀ ਸ਼ਕਤੀ ਦੇ ਅੱਡ-ਅੱਡ ਨਾਂ ਹਨ ਜਿਸਨੇ ਇਸ ਬ੍ਰਹਿਮੰਡ ਦੀ ਸਿਰਜਣਾ ਕੀਤੀ ਹੈ। ਉਸ ਵੇਲੇ ਕੁੱਝ ਅਖੌਤੀ ਲੋਕਾਂ ਨੇ ਹਰ ਸੰਭਵ ਕੋਸ਼ਿਸ਼ ਦੁਆਰਾ ਗੁਰੂ ਜੀ ਦੇ ਮਿਸ਼ਨ-ਪ੍ਰਚਾਰ ਵਿੱਚ ਰੋਕਾਂ ਪਾਈਆਂ ਪਰ ਹਰ ਵਾਰ ਗੁਰੂ ਜੀ ਦੀ ਜਿੱਤ ਹੋਈ। ਗੁਰੂ ਜੀ ਨੇ ਉਸ ਵੇਲੇ ਸਮਾਜ ਵਿੱਚ ਫੈਲੇ ਜਾਤ-ਪਾਤ ਦੇ ਅੰਧ ਵਿਸ਼ਵਾਸ਼ਾਂ ਨੂੰ ਤੋੜਕੇ ਇੱਕ ਮਹਾਨ ਸਮਾਜ ਸੁਧਾਰਕ ਦਾ ਕੰਮ ਕੀਤਾ। ਆਪ ਅਨੁਸਾਰ ਮੂਰਤੀ ਪੂਜਾ ਫਜ਼ੂਲ ਦੇ ਕਰਮ ਕਾਂਡਾਂ ਦਾ ਭਗਤੀ ਵਿੱਚ ਕੋਈ ਸਥਾਨ ਨਹੀਂ ਹੈ ਅਤੇ ਆਪ ਨੇ ਭਗਤੀ ਦੀ ਅਸਲ ਵਿਧੀ ਆਤਮ ਸਮਰਪਣ ਨੂੰ ਹੀ ਕਿਹਾ ਹੈ:

ਤਨੁ ਮਨੁ ਅਰਪਉ ਪੂਜ ਚਰਾਵਉ।।
ਗੁਰ ਪਰਸਾਦਿ ਨਿਰੰਜਨੁ ਪਾਵਉ।।

ਗੁਰੂ ਰਵਿਦਾਸ ਨੇ ਕਾਲਪਨਿਕ ਦੇਵੀ ਦੇਵਤਿਆਂ ਦਾ ਵੀ ਖੁੱਲਕੇ ਵਿਰੋਧ ਕੀਤਾ ਹੈ ਅਤੇ ਕਿਹਾ ਕਿ ਇਹ ਤਾਂ ਰੱਬ ਦਾ ਨਾਮ ਜਪਣ ਵਾਲੇ ਭਗਤਾਂ ਤੋਂ ਵੀ ਨੀਂਵੇ ਹਨ :

ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ
ਤਾਸ ਸਮ ਤੁਲਿ ਨਹੀਂ ਆਨਿ ਕੋਊ।।

ਸਤਿਗੁਰੂ ਕਬੀਰ ਜੀ ਨੇ ਵੀ ਅਪਣੀ ਬਾਣੀ ਵਿੱਚ ਕਿਹਾ ਹੈ ਕਿ ਗੁਰੂ ਰਵਿਦਾਸ ਜੀ ਹਰੀ ਤੋਂ ਇਲਾਵਾ ਕਿਸੇ ਹੋਰ ਵਿੱਚ ਸ਼ਰਧਾ ਨਹੀਂ ਰੱਖਦੇ ਸਨ:

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ।।
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ।।

ਗੁਰੂ ਅਰਜਨ ਦੇਵ ਜੀ ਨੇ ਵੀ ਸਪੱਸ਼ਟ ਲਿਖਿਆ ਹੈ ਕਿ ਗੁਰੂ ਰਵਿਦਾਸ ਜੀ ਦਾ ਕੋਈ ਵੀ ਦੇਹਧਾਰੀ ਗੁਰੂ ਨਹੀਂ ਸੀ ਅਤੇ ਪ੍ਰਮਾਤਮਾ ਦੀ ਪ੍ਰਾਪਤੀ ਸਤਿਸੰਗ ਵਿੱਚੋਂ ਹੀ ਕੀਤੀ ਹੈ:

ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨੀ ਤਿਆਗੀ ਮਾਇਆ।।
ਪਰਗਟੁ ਹੋਆ ਸਾਧਿਸੰਗ ਹਰਿ ਦਰਸਨੁ ਪਾਇਆ।।

ਆਪ ਨੇ ਅੰਧਵਿਸਵਾਸ ਦਾ ਵੀ ਡਟਕੇ ਵਿਰੋਧ ਕੀਤਾ ਹੈ ਅਤੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ:-

ਜਹਾਂ ਅੰਧ ਵਿਸ਼ਵਾਸ ਹੈ, ਸਚਿ ਪਰਖ ਤਹਿ ਨਾਹੀ।
ਰਵਿਦਾਸ ਸਚਿ ਸੋਈ ਜਾਨਿ, ਜੋ ਅਨੁਭਵ ਹੋਵਿ ਮਨ ਮਾਹ।

ਬੇਗਮਪੁਰਾ ਸ਼ਹਿਰ ਗੁਰੂ ਰਵਿਦਾਸ ਜੀ ਦੇ ਆਪਣੇ ਸ਼ਬਦਾਂ ਵਿੱਚ ਇਕ ਐਸਾ ਸਥਾਨ ਹੈ, ਜਿੱਥੇ ਮਾਨਵਤਾ ਦੀ ਪੂਰੀ ਸੁਤੰਤਰਤਾ ਹੈ।

ਬੇਗਮ ਪੁਰਾ ਸਹਰ ਕੋ ਨਾਉ।।
ਦੂਖੁ ਅੰਦੋਹੁ ਨਹੀਂ ਤਿਹਿ ਠਾਉ।।
ਨਾ ਤਸਵੀਸ ਖਿਰਾਜੁ ਨਾ ਮਾਲੁ।।
ਖਉਫੁ ਨ ਖਤਾ ਨ ਤਰਸੁ ਜਵਾਲੁ।।੧।।
ਅਬ ਮੋਹਿ ਖੂਬ ਵਤਨ ਗਹ ਪਾਈ।।
ਉਹਾਂ ਖੈਰਿ ਸਦਾ ਮੇਰੇ ਭਾਈ।। ਰਹਾਉ।।
ਕਾਇਮੁ ਦਾਇਮੁ ਸਦਾ ਪਾਤਿਸਾਹੀ।।
ਦੋਮ ਨ ਸੇਮ ਏਕ ਸੋ ਆਹੀ।।
ਆਬਾਦਾਨੁ ਸਦਾ ਮਸਹੂਰ।।
ਉਹਾਂ ਗਨੀ ਬਸਹਿ ਮਾਮੂਰ।।੨।।
ਤਿਉ ਤਿਉ ਸੈਲ ਕਰਹਿ ਜਿਉ ਭਾਵੈ।।
ਮਹਰਮ ਮਹਲ ਨ ਕੋ ਅਟਕਾਵੈ।।
ਕਹਿ ਰਵਿਦਾਸ ਖਲਾਸੁ ਚਮਾਰਾ।।
ਜੋ ਹਮ ਸਹਰੀ ਸੋ ਮੀਤੁ ਹਮਾਰਾ।।੩।।

ਗੁਰੂ ਰਵਿਦਾਸ ਨੇ ਹਰ ਪ੍ਰਕਾਰ ਦੀ ਗੁਲਾਮੀ ਦਾ ਵਿਰੋਧ ਕੀਤਾ ਅਤੇ ਗੁਲਾਮੀ ਵਿਰੁੱਧ ਸੰਘਰਸ਼ ਕਰਨ ਦੀ ਪ੍ਰੇਰਨਾ ਦਿਤੀ:

ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤ।
ਰਵਿਦਾਸ ਦਾਸ ਪ੍ਰਾਧੀਨ ਸੋਂ ਕੌਣ ਕਰੈ ਹੈ ਪ੍ਰੀਤ।
ਪ੍ਰਾਧੀਨ ਕੋ ਦੀਨ ਕਿਆ ਪਰਾਧੀਨ ਬੇਦੀਨ।
ਰਵਿਦਾਸ ਦਾਸ ਪਰਾਧੀਨ ਕੋ ਸਭਹੀ ਸਮਝੇ ਹੀਨ।
ਰਵਿਦਾਸ ਮਨੁੱਖ ਕਰਿ ਵਸਨ ਕੂੰ ਸੁਖਕਰ ਹੈਂ ਦੂਈ ਠਾਂਵ।
ਇੱਕ ਸੁੱਖ ਹੈ ਸਵਰਾਜ ਮਹਿ ਦੂਸਰ ਮਰਘਟ ਗਾਂਵ।

ਆਪਜੀ ਨੇ ਉਸ ਵੇਲੇ ਫੈਲੀ ਮੰਨੂੰਵਾਦੀ ਕੁਪ੍ਰਥਾ ਜਿਸ ਵਿੱਚ ਜਾਤ ਅਧਾਰ ਤੇ ਇੱਕ ਵਰਗ ਨੂੰ ਸਭਤੋਂ ਵੱਧ ਪੂਜਨੀਕ ਅਤੇ ਸਨਮਾਨਯੋਗ ਮੰਨਿਆ ਜਾਂਦਾ ਸੀ ਦਾ ਵੀ ਕਰੜਾ ਵਿਰੋਧ ਕੀਤਾ:

ਬ੍ਰਾਹਮਣ ਮਤ ਪੂਜੀਏ ਜੋ ਹੋਵੈ ਗੁਣਹੀਨ।।
ਪੂਜੀਏ ਚਰਣ ਚੰਡਾਲ ਕੇ ਜੋ ਹੋਵੈ ਗੁਣ ਪ੍ਰਵੀਨ।।

ਆਪ ਨੂੰ ਅਛੂਤ ਵਰਗ ਅਤੇ ਨੀਂਵੀਂ ਜਾਤ ਨਾਲ ਸਬੰਧਿਤ ਹੋਣ ਤੇ ਕੋਈ ਵੀ ਦੁੱਖ ਅਤੇ ਹੀਣ ਭਾਵਨਾ ਨਹੀਂ ਸੀ ਅਤੇ ਆਪ ਨੇ ਕਿਹਾ ਹੈ:

ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ।।

ਆਪ ਨੇ ਇਸ ਸੰਸਾਰ ਦੀ ਤੁਲਨਾ ਕਸੁੰਭੇ ਦੇ ਫੁੱਲ ਨਾਲ ਕੀਤੀ ਅਤੇ ਕਿਹਾ ਹੈ:

ਜੈਸਾ ਰੰਗ ਕਸੁੰਭ ਕਾ ਤੈਸਾ ਇਹੁ ਸੰਸਾਰੁ।।
ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ।।

ਆਪ ਨੇ ਸਭ ਨੂੰ ਮਿਲਕੇ ਇਕੱਠੇ ਰਹਿਣ ਲਈ ਕਿਹਾ ਹੈ:

ਸਤ ਸੰਗਤਿ ਮਿਲਿ ਰਹੀਐ ਮਾਧਉ, ਜੈਸੇ ਮਧੁਪ ਮਖੀਰਾ।।

ਆਪ ਦੀ ਸ਼ਾਦੀ ਮਿਰਜ਼ਾਪੁਰ ਵਿੱਚ ਰਹਿਣ ਵਾਲੀ ਮਾਤਾ ਲੋਨਾ ਨਾਲ ਕੀਤੀ ਗਈ ਅਤੇ ਆਪ ਦੇ ਘਰ ਇੱਕ ਪੁੱਤਰ ਵਿਜੈ ਦਾਸ ਨੇ ਜਨਮ ਲਿਆ। ਆਪ ਨੇ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਅਤੇ ਇਸ ਸਬੰਧੀ ਪ੍ਰਚਾਰ ਕਰਨ ਲਈ ਲੱਗਭੱਗ ਸੱਠ ਹਜਾਰ ਕਿਲੋਮੀਟਰ ਪੈਦਲ ਯਾਤਰਾ ਕੀਤੀ ਅਤੇ ਛੇ ਉਦਾਸੀਆਂ ਕੀਤੀਆਂ ਸਨ। ਇਨ੍ਹਾਂ ਉਦਾਸੀਆਂ ਵਿੱਚ ਆਪ ਨਾਲ ਉਸ ਸਮੇਂ ਦੇ ਹੋਰ ਸੰਤ ਵੀ ਸ਼ਾਮਿਲ ਸਨ। ਆਪ ਨੇ ਪੰਜਾਬ, ਰਾਜਸਥਾਨ, ਗੁਜਰਾਤ, ਮਹਾਂਰਾਸ਼ਟਰ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼, ਉਤਰਾਖੰਡ, ਦਿੱਲੀ, ਤਾਮਿਲਨਾਡੂ, ਅਸਾਮ, ਕਰਨਾਟਕਾ, ਜੰਮੂ ਕਸ਼ਮੀਰ, ਆਂਧਰਾ ਪ੍ਰਦੇਸ਼ ਆਦਿ ਸਥਾਨਾਂ ਤੇ ਜਾਕੇ ਸਤਿਸੰਗ ਕੀਤੇ। ਸਤਿਗੁਰੂ ਰਵਿਦਾਸ ਜੀ ਅਤੇ ਸੰਤ ਕਬੀਰ ਜੀ ਨੇ ਇਕੱਠਿਆਂ ਬਨਾਰਸ ਤੋਂ ਪਹਿਲੀ ਯਾਤਰਾ ਸ਼ੁਰੂ ਕੀਤੀ। ਇਹਨਾਂ ਦੋਵਾਂ ਦੇ ਨਾਲ ਸਤਿਗੁਰੂ ਰਵਿਦਾਸ ਜੀ ਦੇ ਪੁੱਤਰ ਵਿਜੈ ਦਾਸ ਜੀ ਵੀ ਸਨ ਅਤੇ ਆਪ ਪਹਿਲੀ ਉਦਾਸੀ ਦੌਰਾਨ ਨਾਗਪੁਰ, ਭਾਗਲਪੁਰ, ਮਾਧੋਪੁਰ, ਚੰਦੋਸੀ, ਰਾਣੀ ਪੁਰੀ, ਨਾਰਾਇਣਗੜ੍ਹ, ਬੀਜਾਪੁਰ, ਭੋਪਾਲ, ਬਹਾਵਲਪੁਰ, ਕੋਟਾ, ਝਾਂਸੀ, ਉਦੇਪੁਰ, ਜੋਧਪੁਰ, ਅਜਮੇਰ, ਅਮਰਕੋਟ, ਅਯੁਧਿਆ, ਹੈਦਰਾਬਾਦ, ਕਾਠੀਆਵਾੜ, ਬੰਬਈ, ਕਰਾਚੀ, ਜੈਸਲਮੇਰ, ਚਿਤੌੜ, ਕੋਹਾਟ, ਖ਼ੈਬਰ ਦੱਰਾ, ਜਲਾਲਾਬਾਦ, ਸ਼੍ਰੀਨਗਰ, ਡਲਹੌਜੀ, ਗੋਰਖਪੁਰ ਆਦਿ ਸਥਾਨਾਂ ਤੇ ਗਏ। ਦੂਜੀ ਉਦਾਸੀ ਦੌਰਾਨ ਆਪ ਗੋਰਖਪੁਰ, ਪ੍ਰਤਾਪਗੜ, ਸ਼ਾਹਜਹਾਂਪੁਰ ਆਦਿ ਸਥਾਨਾਂ ਤੇ ਗਏ।

ਤੀਜੀ ਉਦਾਸੀ ਦੌਰਾਨ ਆਪ ਹਿਮਾਚਲ ਪ੍ਰਦੇਸ਼ ਦੇ ਵੱਖ ਵੱਖ ਸਥਾਨਾਂ ਤੇ ਗਏ। ਚੋਥੀ ਉਦਾਸੀ ਦੌਰਾਨ ਆਪ ਵੱਖ ਵੱਖ ਤੀਰਥ ਸਥਾਨਾਂ ਹਰਿਦੁਆਰ, ਗੋਦਾਵਰੀ, ਕੁਰਕੁਸ਼ੇਤਰ, ਤਰਿਵੈਣੀ ਆਦਿ ਸਥਾਨਾਂ ਤੇ ਜਾਕੇ ਸੰਤ, ਸਾਧੂਆਂ, ਭਗਤਾਂ, ਨਾਥਾਂ, ਸਿੱਧਾਂ ਨਾਲ ਵਿਚਾਰ ਵਟਾਂਦਰੇ ਕੀਤੇ। ਪੰਜਵੀ ਉਦਾਸੀ ਆਪ ਨੇ ਗਾਜੀਪੁਰ ਦੀ ਕੀਤੀ। ਆਪ ਗਾਜ਼ੀਪੁਰ ਦੇ ਰਾਜਾ ਰੂਪ ਪਰਤਾਪ (ਚੰਦਰ ਪਰਤਾਪ) ਦੇ ਸੱਦੇ ਉੱਤੇ ਆਪਣੇ ਸੇਵਕਾਂ ਨਾਲ ਗਾਜ਼ੀਪੁਰ ਪਹੁੰਚੇ। ਛੇਵੀਂ ਉਦਾਸੀ ਆਪ ਨੇ ਪੰਜਾਬ ਦੀ ਕੀਤੀ। ਆਪ ਲੁਧਿਆਣਾ ਹੁੰਦੇ ਹੋਏ ਪਿੰਡ ਚੱਕ ਹਕੀਮ ਪਹੁੰਚੇ ਅਤੇ ਜਲੰਧਰ, ਸੁਲਤਾਨਪੁਰ ਲੋਧੀ, ਕਪੂਰਥਲਾ, ਮੁਲਤਾਨ, ਸ੍ਰੀ ਖੁਰਾਲਗੜ੍ਹ ਸਾਹਿਬ ਆਦਿ ਸਥਾਨਾਂ ਤੇ ਗਏ। ਇਤਿਹਾਸਕ ਧਰਮ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ (ਖੁਰਾਲੀ) ਤਹਿਸੀਲ ਗੜ੍ਹਸ਼ੰਕਰ, ਜ਼ਿਲਾ ਹੁਸ਼ਿਆਰਪੁਰ (ਪੰਜਾਬ) ਦੀ ਧਰਤੀ ਸ੍ਰੀ ਗੁਰੂ ਰਵਿਦਾਸ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਇਤਿਹਾਸਕਾਰਾਂ ਅਨੁਸਾਰ ਸ੍ਰੀ ਗੁਰੂ ਰਵਿਦਾਸ ਜੀ ਸੀਰ ਗੋਵਰਧਨਪੁਰ ਬਨਾਰਸ (ਕਾਂਸ਼ੀ) ਉੱਤਰ ਪ੍ਰਦੇਸ਼ ਤੋਂ ਪੈਦਲ ਲੁਧਿਆਣਾ ਹੁੰਦੇ ਹੋਏ ਸਾਲ 1515 ਵਿੱਚ ਇਸ ਅਸਥਾਨ ਤੇ ਆਏ ਸਨ। ਇਸ ਅਸਥਾਨ ਤੇ ਪਹੁੰਚਣ ਸਮੇਂ ਉਨ੍ਹਾਂ ਦੀਆਂ ਸੇਵਕਾਵਾਂ ਮੀਰਾ ਬਾਈ, ਝਾਲਾਂ ਬਾਈ ਅਤੇ ਭਾਨਵਤੀ ਵੀ ਨਾਲ ਸਨ। ਆਪ ਇਸ ਸਥਾਨ ਤੇ ਲੱਗਭੱਗ 4 ਸਾਲ 2 ਮਹੀਨੇ 11 ਦਿਨ ਠਹਿਰੇ। ਇਸ ਸਮੇਂ ਉਹ ਖੁਦ ਪ੍ਰਭੂ ਦਾ ਨਾਮ ਸਿਮਰਨ ਕਰਦੇ ਅਤੇ ਲੋਕਾਂ ਨੂੰ ਨਾਮ ਸਿਮਰਨ ਦੀ ਬਖਸ਼ਿਸ਼ ਕਰਦੇ ਰਹੇ। ਇਸ ਸਮੇਂ ਇਲਾਕੇ ਦੇ ਕਈ ਵਿਅਕਤੀ ਆਪ ਦੇ ਸੇਵਕ ਬਣ ਗਏ। ਆਪ ਦੀ ਮਹਿਮਾ ਨੂੰ ਵਧਦਿਆਂ ਵੇਖ ਕੇ ਉਸ ਸਮੇਂ ਦਾ ਰਾਜਾ ਬੈਨ ਸਿੰਘ ਈਰਖਾ ਕਰਨ ਲੱਗ ਪਿਆ। ਰਾਜੇ ਨੇ ਆਪ ਨੂੰ ਖਰਾਸ (ਚੱਕੀ) ਚਲਾਉਣ ਦੀ ਸ਼ਜ਼ਾ ਦਿੱਤੀ। ਆਪ ਅੰਤਰ ਧਿਆਨ ਹੋ ਕੇ ਪ੍ਰਭੂ ਭਗਤੀ ਵਿਚ ਲੀਨ ਹੋ ਗਏ ਅਤੇ ਖਰਾਸ (ਚੱਕੀ) ਆਪਣੇ ਆਪ ਚੱਲਣ ਲੱਗ ਪਈ। ਇਸ ਚਮਤਕਾਰ ਨੂੰ ਵੇਖ ਕੇ ਸਭ ਹੈਰਾਨ ਹੋ ਗਏ। ਰਾਜਾ ਇਸ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਆਪ ਦੇ ਚਰਨੀਂ ਪੈ ਗਿਆ। ਇਸ ਤਰ੍ਹਾਂ ਉਸਨੇ ਆਪਣੀ ਭੁੱਲ ਬਖਸ਼ਾਈ। ਇਸ ਤੋਂ ਬਾਅਦ ਰਾਜਾ ਬੈਨ ਨੇ ਅਤੇ ਇਲਾਕੇ ਦੀ ਜਨਤਾ ਨੇ ਆਪ ਕੋਲ ਇਸ ਇਲਾਕੇ ਵਿੱਚ ਪਾਣੀ ਦੀ ਘਾਟ ਦੂਰ ਕਰਨ ਲਈ ਬੇਨਤੀ ਕੀਤੀ। ਆਪ ਸੰਗਤ ਨੂੰ ਨਾਲ ਲੈ ਕੇ ਇੱਥੋਂ ਲੱਗਭੱਗ 3 ਮੀਲ ਦੂਰ ਡੂੰਘੀ ਖੱਡ ਵਿਚ ਜਾ ਕੇ ਸੱਜੇ ਪੈਰ ਦੇ ਅੰਗੂਠੇ ਨਾਲ ਭਾਰੀ ਪੱਥਰ ਹਟਾ ਕੇ ਪਾਣੀ ਦਾ ਚਸ਼ਮਾ ਵਗਾ ਦਿੱਤਾ ਜਿਸ ਨੂੰ ਚਰਨ ਛੋਹ ਗੰਗਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇੱਥੇ ਪਵਿੱਤਰ ਜਲ 24 ਘੰਟੇ ਚਲਦਾ ਰਹਿੰਦਾ ਹੈ। ਇਸ ਜਲ ਦੀ ਖਾਸ ਗੱਲ ਇਹ ਹੈ ਕਿ ਇਹ ਸਿਰਫ 200 ਮੀਟਰ ਦੇ ਅੰਦਰ ਹੀ ਧਰਤੀ ਵਿਚੋਂ ਨਿਕਲਦਾ ਹੈ ਅਤੇ ਇਸੇ ਹੀ ਥਾਂ ਰਹਿ ਜਾਂਦਾ ਹੈ। ਇਸ ਦੇ ਦੁਆਲੇ ਦੇ ਖੇਤਰ ਵਿਚ ਧਰਤੀ ਵਿੱਚ ਪਾਣੀ ਬਹੁਤ ਜ਼ਿਆਦਾ ਡੂੰਘਾਈ ਵਿਚ ਮਿਲਦਾ ਹੈ। ਆਪ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਉਮਰ ਵਿੱਚ ਵੱਡੇ ਸਨ। ਵਿਦਵਾਨਾਂ ਅਨੁਸਾਰ ਉਨ੍ਹਾਂ ਦੀਆਂ ਆਪਸ ਵਿੱਚ ਤਿੰਨ ਮੁਲਾਕਾਤਾਂ ਹੋਈਆਂ ਪਹਿਲੀ ਗੋਸ਼ਟੀ ਚੂਹੜਖਾਨਾ (ਨਨਕਾਣਾ ਸਾਹਿਬ) ਵਿਖੇ ਹੋਈ। ਗੁਰੂ ਰਵਿਦਾਸ ਜੀ, ਸੰਤ ਕਬੀਰ ਜੀ, ਸੰਤ ਸੇਨ ਜੀ, ਸੰਤ ਪੀਪਾ ਜੀ ਅਤੇ ਸੰਤ ਧੰਨਾ ਜੀ ਪੰਜਾਬ ਵਿੱਚ ਪ੍ਰਚਾਰ ਕਰ ਰਹੇ ਸਨ ਅਤੇ ਗੁਰੂ ਨਾਨਕ ਦੇਵ ਜੀ ਨੇ ਜਿਹੜੇ ਪੈਸੇ ਆਪਣੇ ਪਿਤਾ ਮਹਿਤਾ ਕਾਲੂ ਜੀ ਪਾਸੋਂ ਵਪਾਰ ਲਈ ਪ੍ਰਾਪਤ ਕੀਤੇ ਸਨ ਉਹ ਇਨ੍ਹਾਂ ਸੰਤਾਂ ਦੀ ਸੇਵਾ ਤੇ ਖਰਚਕੇ ਸੱਚਾ ਸੌਦਾ ਕੀਤਾ ਸੀ। ਦੂਜੀ ਮੁਲਾਕਾਤ ਅਤੇ ਗੋਸ਼ਟੀ ਸੁਲਤਾਨਪੁਰ ਵਿੱਚ ਉਸ ਸਮੇਂ ਹੋਈ ਜਦੋਂ ਗੁਰੂ ਰਵਿਦਾਸ ਆਪਣੇ ਹੋਰ ਸੰਤ ਸਾਥੀਆਂ ਨਾਲ ਉੱਤਰੀ ਭਾਰਤ ਦਾ ਦੌਰਾ ਕਰਦੇ ਦੁਬਾਰਾ ਪੰਜਾਬ ਆਏ ਸਨ। ਤੀਜੀ ਗੋਸ਼ਟੀ ਕਾਸ਼ੀ ਵਿੱਚ ਗੋਪਾਲਦਾਸ ਦੀ ਬਗੀਚੀ ਜਿੱਥੇ ਹੁਣ 'ਗੁਰੂ ਕਾ ਬਾਗ' ਗੁਰਦੁਆਰਾ ਹੈ ਵਿੱਚ ਹੋਈ। ਆਪ ਨੇ ਆਪਣੇ ਸੰਘਰਸ਼ਮਈ ਜੀਵਨ ਦੁਆਰਾ ਸੁੱਤੇ ਹੋਏ ਸਮਾਜ ਨੂੰ ਜਗਾਇਆ। ਉਸ ਸਮੇਂ ਦੇ ਕਈ ਰਾਜਿਆਂ ਨੇ ਆਪ ਨੂੰ ਆਪਣਾ ਰਾਜਗੁਰੂ ਬਣਾਇਆ ਉਨ੍ਹਾਂ ਵਿੱਚ ਰਾਣਾ ਕੁੰਭਾ, ਰਾਜਾ ਨਾਗਰਮਲ, ਰਾਜਾ ਪੀਪਾ, ਰਾਜਾ ਬਹਾਦਰ ਸ਼ਾਹ, ਰਾਜਾ ਸਿਕੰਦਰ ਲੋਧੀ, ਪੰਡਿਤ ਸ਼ਰਧਾ ਰਾਮ, ਰਾਜਾ ਬੈਨ ਸਿੰਘ, ਰਾਮ ਲਾਲ, ਰਾਜਾ ਚੰਦਰਹਾਂਸ, ਪੰਡਿਤ ਗੰਗਾ ਰਾਮ, ਰਾਜਾ ਚੰਦਰ ਪ੍ਰਤਾਪ, ਰਾਉ ਦੂਦਾ, ਹਰਦੇਵ ਸਿੰਘ ਨਾਗਰ, ਵੀਰ ਸਿੰਘ ਬਘੇਲਾ, ਰਾਣਾ ਸਾਂਗਾ, ਬੀਬੀ ਭਾਨਮਤੀ, ਰਾਣੀ ਝਾਲੀ, ਮੀਰਾ ਬਾਈ ਆਦਿ ਪ੍ਰਸਿੱਧ ਹਨ। ਆਪ ਦੇ ਵਿਚਾਰਾਂ ਤੋਂ ਅਣਗਣਿਤ ਲੋਕ ਪ੍ਰਭਾਵਿਤ ਹੋਏ ਤੇ ਅਪਣੇ ਜੀਵਨ ਦਾ ਰਸਤਾ ਹੀ ਬਦਲ ਦਿੱਤਾ। ਬਾਬਰ ਜੋਕਿ ਮੁਗਲ ਸਮਰਾਜ ਦਾ ਪਹਿਲਾ ਸ਼ਾਸਕ ਸੀ ਅਤੇ 1526 ਵਿੱਚ ਪਾਨੀਪਤ ਦੀ ਲੜਾਈ ਜਿੱਤਕੇ ਦਿੱਲੀ ਤੇ ਕੱਬਜਾ ਕੀਤਾ ਸੀ ਗੁਰੂ ਜੀ ਦੇ ਅਧਿਆਤਮਕ ਵਿਚਾਰਾਂ ਤੋਂ ਬਹੁਤ ਹੀ ਪ੍ਰਭਾਵਿਤ ਹੋਇਆ। ਬਾਬਰ ਹਮਾਂਊ ਨਾਲ ਗੁਰੂ ਜੀ ਕੋਲ ਗਿਆ ਤਾਂ ਗੁਰੂ ਜੀ ਨੇ ਉਸ ਵਲੋਂ ਕੀਤੇ ਜਾ ਰਹੇ ਅੱਤਿਆਚਾਰਾਂ ਲਈ ਬਾਬਰ ਨੂੰ ਸਮਝਾਇਆ ਅਤੇ ਚੰਗੇ ਸਮਾਜਿਕ ਕਾਰਜ ਕਰਨ ਲਈ ਕਿਹਾ। ਬਾਬਰ ਗੁਰੂ ਜੀ ਤੋਂ ਪ੍ਰਭਾਵਿਤ ਹੋਇਆ। ਸੁਲਤਾਨ ਸਿਕੰਦਰ ਲੋਧੀ ਵੀ ਆਪ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋਇਆ ਅਤੇ ਆਪ ਨੂੰ ਦਿੱਲੀ ਦੇ ਤੁਗਲਕਾਬਾਦ ਵਿੱਚ ਜਗ੍ਹਾ ਦਿੱਤੀ।

ਇੱਕ ਵਾਰ ਗੁਰੂ ਜੀ ਦੇ ਕੁੱਝ ਪੈਰੋਕਾਰਾਂ ਨੇ ਪਵਿੱਤਰ ਗੰਗਾ ਨਦੀ ਵਿੱਚ ਇਸ਼ਨਾਨ ਕਰਨ ਲਈ ਕਿਹਾ ਤਾਂ ਆਪ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਉਨ੍ਹਾਂ ਨੇ ਇੱਕ ਗਾਹਕ ਨੂੰ ਜੁੱਤੀ ਦੇਣ ਦਾ ਵਾਅਦਾ ਕੀਤਾ ਸੀ ਇਸ ਲਈ ਹੁਣ ਇਹ ਮੁੱਖ ਜ਼ਿੰਮੇਵਾਰੀ ਹੈ। ਆਪ ਦੇ ਇੱਕ ਪੈਰੋਕਾਰ ਨੇ ਦੁਬਾਰਾ ਬੇਨਤੀ ਕੀਤੀ ਤਾਂ ਉਹਨਾਂ ਕਿਹਾ ਕਿ ਉਹਨਾਂ ਦਾ ਮੰਨਣਾ ਹੈ ਕਿ 'ਮਨ ਚੰਗਾ, ਤੋ ਕਠੋਟੀ ਮੇਂ ਗੰਗਾ' ਭਾਵ ਸ਼ਰੀਰ ਨੂੰ ਪਵਿਤਰ ਨਦੀ ਵਿੱਚ ਇਸ਼ਨਾਨ ਕਰਨ ਦੀ ਨਹੀਂ ਆਤਮਾ ਨੂੰ ਸ਼ੁੱਧ ਕਰਨ ਦੀ ਲੋੜ ਹੈ। ਜੇਕਰ ਸਾਡੀ ਆਤਮਾ ਸ਼ੁੱਧ ਹੈ ਤਾਂ ਅਸੀਂ ਘਰ ਵਿੱਚ ਇਸ਼ਨਾਨ ਕਰਕੇ ਵੀ ਪੂਰੀ ਤਰ੍ਹਾਂ ਪਵਿੱਤਰ ਹੋ ਸਕਦੇ ਹਾਂ। ਉਨ੍ਹਾਂ ਨੇ ਲੋਕਾਂ ਨੂੰ ਇਹ ਸੰਦੇਸ਼ ਦਿੱਤਾ ਕਿ ਰੱਬ ਨੇ ਮਨੁੱਖ ਨੂੰ ਬਣਾਇਆ ਹੈ ਨਾ ਕਿ ਮਨੁੱਖ ਨੇ ਰੱਬ ਨੂੰ ਬਣਾਇਆ ਹੈ ਭਾਵ ਇਸ ਧਰਤੀ ਤੇ ਹਰ ਕੋਈ ਰੱਬ ਦੁਆਰਾ ਬਣਾਇਆ ਗਿਆ ਹੈ ਅਤੇ ਸਾਰਿਆਂ ਦੇ ਬਰਾਬਰ ਅਧਿਕਾਰ ਹਨ। ਆਪ ਨੇ ਲੋਕਾਂ ਨੂੰ ਸਰਬ ਸਾਂਝੀਵਾਲਤਾ ਅਤੇ ਸਹਿਣਸ਼ੀਲਤਾ ਦਾ ਗਿਆਨ ਦਿੱਤਾ। ਗੁਰੂ ਰਵਿਦਾਸ ਜੀ ਨੇ ਜਾਤ-ਪਾਤ ਦਾ ਖੰਡਨ ਕਰਕੇ ਉੱਚ ਵਰਗ ਦੇ ਜਾਤੀ ਅਭਿਮਾਨ ਤੇ ਹੰਕਾਰ ਨੂੰ ਸੱਟ ਮਾਰੀ। ਆਪ ਸਮਾਜ ਵਿੱਚੋਂ ਸ਼ੋਸ਼ਣ, ਛੂਆਛਾਤ, ਪਖੰਡਵਾਦ ਦਾ ਖਾਤਮਾ ਕਰਕੇ ਬਰਾਬਰਤਾ ਵਾਲਾ ਸਮਾਜ ਕਾਇਮ ਕਰਨਾ ਚਾਹੁੰਦੇ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਰਾਮ ਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਕਈ ਭੱਟਾਂ ਅਤੇ ਭਗਤਾਂ ਨੇ ਵੀ ਗੁਰੂ ਰਵਿਦਾਸ ਜੀ ਦੀ ਉਪਮਾ ਕੀਤੀ ਹੈ। ਆਪ ਜੀ ਦੇ ਅੰਤਿਮ ਸਮੇਂ ਬਾਰੇ ਕੋਈ ਠੋਸ ਪ੍ਰਮਾਣਿਕ ਜਾਣਕਾਰੀ ਨਹੀਂ ਮਿਲਦੀ ਹੈ। ਬਹੁਤੇ ਇਤਿਹਾਸਕਾਰਾਂ ਅਨੁਸਾਰ ਆਪ ਲੱਗਭੱਗ 151 ਸਾਲ ਦੀ ਆਯੂ ਭੋਗਕੇ 1528 ਇਸਵੀ ਨੂੰ ਜੋਤੀ ਜੋਤ ਸਮਾ ਗਏ। ਚਿਤੌੜਗੜ੍ਹ ਵਿੱਚ ਮੀਰਾਂ ਬਾਈ ਦੇ ਮੰਦਿਰ ਦੇ ਬਾਹਰ ਬਣੀ ਛੱਤਰੀ ਹੇਠਾਂ ਆਪਜੀ ਦੇ ਚਰਨ ਕਮਲਾਂ ਦੇ ਨਿਸ਼ਾਨ ਮੌਜੂਦ ਹਨ।

ਵੱਖ ਵੱਖ ਇਤਿਹਾਸਕਾਰਾਂ ਅਤੇ ਬੁੱਧੀਜੀਵੀਆਂ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਨਾਲ ਜੁੜ੍ਹੇ ਧਾਰਮਿਕ ਸਥਾਨਾਂ ਦੀ ਖੋਜ ਕੀਤੀ ਜਾ ਰਹੀ ਹੈ। ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ ਵਾਰਾਨਸੀ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਗਟ ਉਤਸਵ ਤੇ ਪਹੁੰਚਦੇ ਹਨ। ਇਸ ਸਬੰਧੀ ਪੰਜਾਬ ਦੇ ਜਲੰਧਰ ਸ਼ਹਿਰ ਤੋਂ ਵਾਰਾਨਸੀ ਲਈ ਵਿਸ਼ੇਸ਼ ਰੇਲ ਗੱਡੀਆਂ ਚੱਲਦੀਆਂ ਹਨ ਅਤੇ ਵੱਡੀ ਗਿਣਤੀ ਵਿੱਚ ਲੋਕ ਵਾਰਾਨਸੀ ਉੱਤਰ ਪ੍ਰਦੇਸ਼ ਜਾਂਦੇ ਹਨ। ਸਰਕਾਰ ਵਲੋਂ ਸਮੇਂ ਸਮੇਂ ਤੇ ਵਾਰਾਨਸੀ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੀ ਯਾਦ ਵਿੱਚ ਪ੍ਰੋਜੈਕਟ ਬਣਾਏ ਗਏ ਹਨ। ਵਾਰਾਨਸੀ ਵਿੱਚ ਗੁਰੂ ਰਵਿਦਾਸ ਦਾ ਇੱਕ ਵਿਸ਼ਾਲ ਮੰਦਰ ਹੈ ਜਿੱਥੇ ਹਰ ਸਾਲ ਲੱਖਾਂ ਲੋਕ ਵੱਖ ਵੱਖ ਥਾਵਾਂ ਤੋਂ ਪਹੁੰਚਦੇ ਹਨ। ਵਾਰਾਨਸੀ ਵਿੱਚ ਸ੍ਰੀ ਗੁਰੂ ਰਵਿਦਾਸ ਪਾਰਕ ਹੈ ਜੋ ਕਿ ਉਨ੍ਹਾਂ ਦੀ ਯਾਦ ਵਿੱਚ ਬਣਾਇਆ ਗਿਆ ਹੈ ਜਿਸਦਾ ਨਾਮ ''ਗੁਰੂ ਰਵਿਦਾਸ ਮੈਮੋਰੀਅਲ ਐਂਡ ਪਾਰਕ'' ਰੱਖਿਆ ਗਿਆ ਹੈ। ਸਰਕਾਰ ਦੁਆਰਾ ਗੰਗਾ ਨਦੀ ਦੇ ਕਿਨਾਰੇ ਵਾਰਾਣਸੀ ਦੇ ਪਾਰਕ ਦੇ ਨਾਲ ਬਣੇ ਘਾਟ ਦਾ ਨਾਮ ਉਨ੍ਹਾਂ ਦੇ ਨਾਮ ਤੇ ਗੁਰੂ ਰਵਿਦਾਸ ਘਾਟ ਰੱਖਿਆ ਗਿਆ ਹੈ। ਗਿਆਨਪੁਰ ਜ਼ਿਲ੍ਹੇ ਦੇ ਨੇੜੇ ਨਗਰ ਜਿਸਦਾ ਪਹਿਲਾਂ ਨਾਮ ਭਦੋਹੀ ਸੀ ਹੁਣ ਇਸਦਾ ਨਾਮ ਸੰਤ ਰਵਿਦਾਸ ਨਗਰ ਰੱਖਿਆ ਗਿਆ ਹੈ। ਦੇਸ਼ ਦੇ ਨਾਲ-ਨਾਲ ਵਿਦੇਸ਼ਾਂ ਵਿਚ ਵੀ ਉਨ੍ਹਾਂ ਦੇ ਨਾਮ ਤੇ ਕਈ ਸਮਾਰਕ ਬਣਾਏ ਗਏ ਹਨ। ਪੰਜਾਬ ਸਰਕਾਰ ਵਲੋਂ ਸ੍ਰੀ ਗੁਰੂ ਰਵਿਦਾਸ ਦੀ ਚਰਨ ਛੋਹ ਪ੍ਰਾਪਤ ਧਰਤੀ ਪਿੰਡ ਖੁਰਾਲੀ ਦਾ ਨਾਮ ਸ੍ਰੀ ਖੁਰਾਲਗੜ੍ਹ ਸਾਹਿਬ ਰੱਖਿਆ ਗਿਆ ਹੈ ਅਤੇ ਯਾਦਗਾਰ ਸਥਾਪਿਤ ਕਰਨ ਲਈ ਸਾਲ 2016 ਵਿੱਚ 16 ਏਕੜ ਜਮੀਨ ਵਿੱਚ ਲੱਗਭੱਗ 110 ਕਰੋੜ੍ਹ ਦਾ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ ਜਿਸ ਵਿੱਚ 151 ਫੁੱਟ ਉੱਚਾ ਮਿਨਾਰ ਏ ਬੇਗਮਪੁਰਾ ਬਣਾਇਆ ਜਾਵੇਗਾ ਜਿਸਨੂੰ ਜੂਨ 2021 ਤੱਕ ਮੁਕੰਮਲ ਕਰਨ ਦਾ ਟੀਚਾ ਰੱਖਿਆ ਗਿਆ ਸੀ ਜੋਕਿ ਅਜੇ ਤੱਕ ਵੀ ਪੂਰਾ ਨਹੀਂ ਹੋ ਸਕਿਆ ਹੈ ਅਤੇ ਇਸਦਾ ਉਦਘਾਟਨ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਵਲੋਂ 24 ਫਰਵਰੀ 2024 ਨੂੰ ਕੀਤਾ ਗਿਆ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਦੇ ਤੁਗਲਕਾਬਾਦ ਵਿੱਚ ਬਣੇ ਸ੍ਰੀ ਗੁਰੂ ਰਵਿਦਾਸ ਦੇ ਇਤਿਹਾਸਿਕ ਮੰਦਿਰ ਨੂੰ ਸਰਕਾਰ ਵਲੋਂ ਢਾਹਿਆ ਗਿਆ ਹੈ ਅਤੇ ਜਦੋਂ ਦੇਸ਼ ਵਿਦੇਸ਼ ਦੇ ਲੋਕਾਂ ਨੇ ਇਸ ਸਬੰਧੀ ਰੋਸ ਪ੍ਰਦਰਸ਼ਨ ਕੀਤਾ ਤਾਂ ਸਰਕਾਰ ਨੇ 2019 ਵਿੱਚ 400 ਵਰਗ ਮੀਟਰ ਜਗ੍ਹਾ ਅਲਾਟ ਕੀਤੀ ਸੀ। ਹੁਣ ਦਿੱਲੀ ਡਿਵੈਲਪਮੈਂਟ ਅਥਾਰਟੀ ਵਲੋਂ ਮਿਤੀ 27 ਅਕਤੂਬਰ 2021 ਨੂੰ ਭੇਜੇ ਗਏ ਇੱਕ ਪੱਤਰ ਅਨੁਸਾਰ ਇਸ ਜਗ੍ਹਾ ਦੀ 30 ਸਾਲ ਲਈ ਲੀਜ ਦੇ 43366765/- ਰੁਪਏ ਦੀ ਮੰਗ ਕੀਤੀ ਗਈ ਹੈ। ਸਮੁੱਚੇ ਵਿਸ਼ਵ ਵਿੱਚ ਭਾਈਚਾਰਕ ਸਾਂਝ ਅਤੇ ਸ਼ਾਂਤੀ ਦੀ ਸਥਾਪਨਾ ਦੇ ਨਾਲ-ਨਾਲ ਗੁਰੂ ਰਵਿਦਾਸ ਦਾ ਪ੍ਰਕਾਸ ਉਤਸਵ ਉਨ੍ਹਾਂ ਦੇ ਪੈਰੋਕਾਰਾਂ ਨੂੰ ਦਿੱਤੀਆਂ ਮਹਾਨ ਸਿੱਖਿਆਵਾਂ ਨੂੰ ਯਾਦ ਕਰਨ ਲਈ ਮਨਾਇਆ ਜਾਂਦਾ ਹੈ।

ਗੁਰੂ ਰਵਿਦਾਸ ਜੀ ਦਾ ਜਨਮ ਉਤਸੱਵ ਮਨਾਉਣ ਦਾ ਅਸਲੀ ਮੰਤਵ ਪੂਰਾ ਕਰਨ ਲਈ ਉਨ੍ਹਾਂ ਵਲੋਂ ਦਿੱਤੀਆਂ ਸਿੱਖਿਆਵਾਂ ਨੂੰ ਅਪਣਾਕੇ ਸਮਾਜ ਵਿੱਚੋਂ ਪਖੰਡਵਾਦ ਨੂੰ ਦੂਰ ਕਰਕੇ ਦੁਨੀਆਂ ਵਿੱਚ ਬਰਾਬਰਤਾ ਵਾਲਾ ੧ਓਮਾਜ ਉਸਾਰਨਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਵਲੋਂ ਦਰਸਾਇਆ ਬੇਗਮਪੁਰਾ ਦਾ ਸੁਪਨਾ ਪੂਰਾ ਹੋ ਸਕੇ।

# ਭਾਰਤ ਵਿੱਚ ਦਲਿਤਾਂ ਦੀ ਵਿਗੜਦੀ ਦਸ਼ਾ ਲਈ ਜਿੰਮੇਵਾਰ ਕੌਣ?

## ਮੰਨੂਵਾਦੀ ਪ੍ਰਥਾ ਜਾਂ ਕੁੱਝ ਅਖੌਤੀ ਦਲਿਤ ਆਗੂ ਅਤੇ ਬੁੱਧੀਜਿਵੀ ਜੋ ਸਮਾਜ ਨੂੰ ਦਿਸ਼ਾਹੀਣ ਕਰ ਰਹੇ ਹਨ



ਐਡਵੋਕੇਟ ਕੁਲਦੀਪ ਚੰਦ
91-9417563054

ਭਾਰਤ ਵਿੱਚ ਰਹਿਣ ਵਾਲੇ ਦਲਿਤ ਜਿਨ੍ਹਾਂ ਨੂੰ ਸ਼ੂਦਰ, ਅਛੂਤ, ਮੂਲ ਨਿਵਾਸੀ, ਆਦਿਧਰਮੀ, ਭਾਰਤ ਦੇ ਮੋਢੀ ਆਦਿ ਨਾਮ ਦਿਤੇ ਗਏ ਹਨ ਦੀ ਦਿਨ ਪ੍ਰਤੀ ਦਿਨ ਵਿਗੜਦੀ ਦਸ਼ਾ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਇਨ੍ਹਾਂ ਦਲਿਤਾਂ ਨੂੰ ਅੰਗਰੇਜੀ ਹਕੂਮਤ ਵੇਲੇ ਦੱਬੇ ਕੁਚਲੇ ਨਾਮ ਦਿਤਾ ਗਿਆ ਅਤੇ ਭਾਰਤੀ ਸੰਵਿਧਾਨ ਵਿੱਚ ਅਨੁਸੂਚਿਤ ਜਾਤਾਂ, ਅਨੁਸੂਚਿਤ ਜਨਜਾਤੀਆਂ ਦਾ ਦਰਜਾ ਦਿਤਾ ਗਿਆ ਹੈ। ਮਨੂੰਵਾਦੀ ਪ੍ਰਥਾ ਅਨੁਸਾਰ ਚਾਰ ਵਰਣਾਂ ਵਿੱਚ ਸ਼ੂਦਰਾਂ ਨੂੰ ਸਭ ਤੋਂ ਹੇਠਾਂ ਮੰਨਿਆ ਗਿਆ ਹੈ। ਇਹ ਵੀ ਕੌੜਾ ਸੱਚ ਹੈ ਕਿ ਇਨ੍ਹਾਂ ਸ਼ੂਦਰਾਂ ਵਿਚੋਂ ਕੁੱਝ ਜਾਤਾਂ ਨੂੰ ਅਛੂਤ ਕਿਹਾ ਜਾਂਦਾ ਸੀ ਅਤੇ ਛੂਹਣਾ ਪਾਪ ਮੰਨਿਆ ਜਾਂਦਾ ਸੀ ਅਤੇ ਇਨ੍ਹਾਂ ਜਾਤਾਂ ਤੇ ਕਈ ਤਰਾਂ ਦੀਆਂ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਿਕ ਪਾਬੰਦੀਆਂ ਲਗਾਈਆਂ ਗਈਆਂ ਸਨ ਜਿਨ੍ਹਾਂ ਕਾਰਨ ਇਨ੍ਹਾਂ ਜਾਤਾਂ ਨਾਲ ਸਬੰਧਿਤ ਵਿਅਕਤੀਆਂ ਦਾ ਜੀਵਨ ਜਾਨਵਰਾਂ ਤੋਂ ਵੀ ਭੈੜਾ ਰਿਹਾ ਹੈ। ਦਲਿਤਾਂ ਦੀ ਇਸ ਵਿਗੜਦੀ ਦਸ਼ਾ ਨੂੰ ਸੁਧਾਰਨ ਲਈ ਸਮੇਂ ਸਮੇਂ ਤੇ ਕਈ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਅੰਦੋਲਨ ਚਲਾਇਆ ਹੈ ਜਿਸ ਕਾਰਨ ਇਨ੍ਹਾਂ ਦੇ ਜੀਵਨ ਵਿੱਚ ਕੁੱਝ ਬਦਲਾਓ ਆਇਆ ਹੈ ਅਤੇ ਵਿਕਾਸ ਹੋਇਆ ਹੈ ਪਰੰਤੂ ਇਹ ਬਦਲਾਓ ਅਤੇ ਵਿਕਾਸ ਕੁੱਝ ਕੁ ਲੋਕਾਂ ਤੱਕ ਹੀ ਸੀਮਿਤ ਰਿਹਾ ਹੈ। ਇਤਿਹਾਸ ਗਵਾਹ ਹੈ ਕਿ ਸਮੇਂ ਸਮੇਂ ਤੇ ਕੁੱਝ ਦਲਿਤਾਂ ਨੇ ਹਿੰਦੂ ਧਰਮ ਛੱਡਕੇ ਸਿੱਖ, ਮੁਸਲਿਮ, ਇਸਾਈ ਅਤੇ ਬੁੱਧ ਧਰਮ ਵੀ ਅਪਣਾਇਆ ਹੈ। ਜਦੋਂ ਦੇਸ਼ ਵਿੱਚ ਅੰਗਰੇਜੀ ਹਕੂਮਤ ਆਈ ਤਾਂ ਦਲਿਤਾਂ ਨੂੰ ਕਾਫੀ ਰਾਹਤ ਮਿਲੀ। ਕਈ ਦਲਿਤ ਪੜ੍ਹਕੇ ਸਰਕਾਰੀ ਨੌਕਰੀਆਂ ਕਰਨ ਲੱਗ ਪਏ ਜਿਸ ਨਾਲ ਦਲਿਤ ਪਿੰਡ ਛੱਡਕੇ ਨਗਰਾਂ ਵਿੱਚ ਰਹਿਣ ਲੱਗ ਪਏ। ਦਲਿਤਾਂ ਨੂੰ ਪੜ੍ਹਾਈ ਦਾ ਅਧਿਕਾਰ ਮਿਲ ਗਿਆ ਜਿਸ ਨਾਲ ਉਨ੍ਹਾਂ ਦਾ ਵਿਕਾਸ ਹੋਣਾ ਸੁਰੂ ਹੋ ਗਿਆ ਅਤੇ ਇਨ੍ਹਾਂ ਵਿੱਚੋਂ ਬਹੁਤੇ ਦਲਿਤਾਂ ਨੇ ਅਪਣੇ ਜਾਤ ਅਧਾਰਿਤ ਧੰਦਿਆਂ ਨੂੰ ਤਿਆਗ ਦਿਤਾ। ਸਾਲ 1894 ਤੋਂ 1922 ਤੱਕ ਕੋਹਲਾਪੁਰ ਦੇ ਰਾਜਾ ਰਹੇ ਛੱਤਰਪਤੀ ਸਾਹੂ ਜੀ ਮਹਾਰਾਜ ਨੇ ਸਿੱਖਿਆ ਦੇ ਦੁਆਰ ਸਭ ਲਈ ਖੋਲ ਦਿਤੇ ਅਤੇ ਨੌਕਰੀਆਂ ਵਿੱਚ 50 ਫਿਸਦੀ ਰਾਖਵਾਂਕਰਣ ਗਰੀਬ ਕਮਜੋਰ ਵਰਗਾਂ ਲਈ ਕਰ ਦਿਤਾ। ਭਾਰੀ ਵਿਰੋਧ ਦੇ ਬਾਬਜੂਦ ਫੂਲੇ ਪਰਿਵਾਰ ਨੇ ਇਨ੍ਹਾਂ ਵਰਗਾਂ ਲਈ ਵਿਦਿਅੱਕ ਅਦਾਰੇ ਚਲਾਏ ਅਤੇ ਸਮਾਜਿਕ ਬੁਰਾਈਆਂ ਵਿਰੁੱਧ ਜਾਗਰੁਕ ਕੀਤਾ। ਡਾਕਟਰ ਭੀਮ ਰਾਓ ਅੰਬੇਡਕਰ ਨੇ ਬੜੌਦਾ ਮਹਾਰਾਜਾ ਸਿਆਈਜੀਓ ਗਾਇਕਵਾੜ ਵਲੋਂ ਚਲਾਈ ਜਾ ਰਹੀ ਵਜੀਫਾ ਯੋਜਨਾ ਨਾਲ ਵਿਦੇਸ਼ਾਂ ਵਿੱਚ ਪੜ੍ਹਾਈ ਕੀਤੀ ਅਤੇ ਸਿੱਖਿਆ ਨੂੰ ਹਥਿਆਰ ਬਣਾਕੇ ਸਦੀਆਂ ਤੋਂ ਦੱਬੇ ਕੁਚਲੇ ਵਰਗਾਂ ਦੇ ਜੀਵਨ ਵਿੱਚ ਕਰਾਂਤੀਕਾਰੀ ਬਦਲਾਓ ਲਿਆਉਣ ਲਈ ਕੰਮ ਕੀਤਾ। ਡਾਕਟਰ ਅੰਬੇਡਕਰ ਨੇ ਸਿੱਖਿਆ ਦੀ ਮਹੱਤਤਾ ਨੂੰ ਸਮਝਦੇ ਹੋਏ ਇਸ ਦੇ ਫੈਲਾਅ ਲਈ ਯਤਨ ਕੀਤੇ। ਪੰਜਾਬ ਦੇ ਹੁਸ਼ਿਆਰਪੁਰ ਜਿਲ੍ਹੇ ਦੇ ਪਿੰਡ ਮੂਗੋਵਾਲ ਵਿੱਚ 14 ਜਨਵਰੀ 1886 ਨੂੰ ਜਨਮੇ ਬਾਬੂ ਮੰਗੁ ਰਾਮ ਮੂਗੋਵਾਲ ਨੇ ਅਪਣੇ ਪਿੰਡ ਵਿੱਚ ਅਛੂਤਾਂ ਦੇ ਬੱਚਿਆਂ ਲਈ ਪਹਿਲਾ ਸਕੂਲ ਖੋਲਿਆ ਅਤੇ 1926 ਵਿੱਚ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਸੀ। ਇਨ੍ਹਾਂ ਆਗੂਆਂ ਦੀ ਅਗਵਾਈ ਵਿੱਚ ਹੀ ਅੰਗਰੇਜਾਂ ਵਲੋਂ ਭੇਜੇ ਗਏ ਸਾਇਮਨ ਕਮਿਸ਼ਨ ਨੇ ਪੰਜਾਬ ਵਿੱਚ ਦੌਰਾ ਕੀਤਾ ਅਤੇ ਡਾਕਟਰ ਅੰਬੇਡਕਰ ਨੂੰ ਅਛੂਤਾਂ ਦਾ ਪ੍ਰਤੀਨਿਧੀ ਸਾਬਿਤ ਕਰਕੇ ਗੋਲਮੇਜ਼ ਕਾਨਫਰੰਸਾ ਵਿੱਚ ਭੇਜਿਆ। ਲੰਬੇ ਸੰਘਰਸ਼ ਅਤੇ ਬਹਿਸ ਤੋਂ ਬਾਦ ਦਲਿਤਾਂ ਨੂੰ ਆਦ ਧਰਮ ਦਾ ਨਾਮ ਮਿਲਿਆ ਅਤੇ ਦਲਿਤਾਂ ਨੂੰ ਪੜ੍ਹਣ, ਜਾਇਦਾਦ ਖਰੀਦਣ ਅਤੇ ਵੋਟ ਦਾ ਅਧਿਕਾਰ ਪ੍ਰਾਪਤ ਹੋਇਆ। ਸਾਲ 1931 ਵਿੱਚ ਹੋਈ ਜਨਗਣਨਾ ਵਿੱਚ ਪਹਿਲੀ ਵਾਰ ਆਦ ਧਰਮ ਨੂੰ ਜੋੜ੍ਹਿਆ ਗਿਆ ਅਤੇ ਉਸ ਵੇਲੇ ਪੰਜਾਬ ਵਿੱਚ ਲੱਗਭੱਗ 418789 ਲੋਕਾਂ ਨੇ ਜੋ ਕਿ ਕੁੱਲ ਅਬਾਦੀ ਦਾ ਲੱਗਭੱਗ 1.5 ਫਿਸਦੀ ਸੀ ਨੇ ਅਪਣਾ ਧਰਮ ਆਦਧਰਮ ਲਿਖਾਇਆ ਸੀ। ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਤੋਂ ਬਾਦ ਬਰਤਾਨੀਆ ਸਰਕਾਰ ਨੇ ਅਲੱਗ ਚੌਣ ਵਿਵਸਥਾ ਦੀ ਮੰਨਜੂਰੀ ਦੇ ਦਿਤੀ ਜਿਸਨੂੰ ਕਮਿਊਨਲ




ਐਵਾਰਡ ਦਾ ਨਾਮ ਦਿਤਾ ਗਿਆ। ਇਸ ਕਮਿਊਨਲ ਐਵਾਰਡ ਦੇ ਵਿਰੋਧ ਵਿੱਚ ਕਾਂਗਰਸੀ ਆਗੂ ਗਾਂਧੀ ਨੇ ਯਰਵਦਾ ਜੇਲ ਵਿੱਚ 20 ਸਤੰਬਰ, 1932 ਨੂੰ ਮਰਨ ਵਰਤ ਰੱਖ ਲਿਆ ਅਤੇ 24 ਸਤੰਬਰ 1932 ਨੂੰ ਡਾਕਟਰ ਅੰਬੇਡਕਰ ਅਤੇ ਗਾਂਧੀ ਵਿਚਕਾਰ ਇੱਕ ਸਮਝੌਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਹੈ। ਇਸ ਸਮਝੌਤੇ ਵਿੱਚ ਦਲਿਤਾਂ ਨੂੰ ਵਖਰੀ ਚੌਣ ਵਿਵਸਥਾ ਦੋਹਰੀ ਵੋਟ ਦੇ ਅਧਿਕਾਰ ਦੀ ਥਾਂ ਕੁੱਝ ਸੀਟਾਂ ਦਾ ਰਾਖਵਾਂਕਰਣ ਦਿਤਾ ਗਿਆ ਜਿਸ ਅਨੁਸਾਰ ਭਾਰਤ ਦੀਆਂ ਵੱਖ ਵੱਖ ਵਿਧਾਨ ਸਭਾਵਾਂ ਲਈ ਦਲਿਤਾਂ ਲਈ ਸੀਟਾਂ ਰਾਖਵੀਆਂ ਰੱਖੀਆਂ ਗਈਆਂ ਸਨ। ਕਈ ਦਲਿਤ ਆਗੂਆਂ ਨੇ ਇਸ ਪੂਨਾ ਪੈਕਟ ਸਮਝੋਤੇ ਨੂੰ ਕਰੋੜ੍ਹਾਂ ਦਲਿਤਾਂ ਨਾਲ ਧੋਖਾ ਮੰਨਿਆ ਹੈ। ਡਾਕਟਰ ਅੰਬੇਡਕਰ ਨੇ ਵੀ ਅਪਣੀ ਕਿਤਾਬ ਸਟੇਟ ਆਫ ਮਾਇਨਾਰਿਟੀ ਵਿੱਚ ਇਸ ਸਮਝੌਤੇ ਨੂੰ ਗੱਲਤ ਮੰਨਿਆ ਹੈ। 1937 ਦੀਆਂ ਚੌਣਾਂ ਦੌਰਾਨ ਵੀ ਕਾਂਗਰਸ ਪਾਰਟੀ ਨੇ ਬਾਬਾ ਸਾਹਿਬ ਨਾਲ ਧੋਖਾ ਕੀਤਾ ਅਤੇ ਵਾਅਦੇ ਤੋਂ ਉੱਲਟ ਰਾਖਵੀਆਂ ਤੇ ਦਖਲਅੰਦਾਜੀ ਕੀਤੀ ਸੀ। 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਨੇ ਬਾਬੂ ਮੰਗੁ ਰਾਮ ਮੁਗੋਵਾਲੀਆ ਦੀ ਅਗਵਾਈ ਵਿੱਚ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ। ਸਾਲ 1946 ਵਿੱਚ ਬਾਬੂ ਮੰਗੂ ਰਾਮ ਆਪਣੇ 04 ਹੋਰ ਸਾਥੀਆਂ ਨਾਲ ਵਿਧਾਇਕ ਬਣੇ। ਆਦ ਧਰਮ ਦੀ ਮੁਹਿੰਮ ਕੁੱਝ ਸਾਲਾਂ ਬਾਦ ਹੀ ਖਤਮ ਹੋ ਗਈ। 15 ਅਗਸਤ 1947 ਨੂੰ ਦੇਸ਼ ਅਜ਼ਾਦ ਹੋ ਗਿਆ ਅਤੇ ਇਸਦਾ ਅਪਣਾ ਸੰਵਿਧਾਨ ਲਿਖਿਆ ਗਿਆ ਜੋ ਮੁਕੰਮਲ ਤੋਰ ਤੇ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ। ਸੰਵਿਧਾਨ ਸਭਾ ਵਿੱਚ ਡਾਕਟਰ ਅੰਬੇਡਕਰ ਸਮੇਤ ਹੋਰ 29 ਦਲਿਤ ਮੈਂਬਰ ਸ਼ਾਮਲ ਸਨ ਜਿਨ੍ਹਾਂ ਵਿੱਚੋਂ ਬਹੁਤੇ ਕਾਂਗਰਸ ਪਾਰਟੀ ਤੋਂ ਹੀ ਚੁਣੇ ਗਏ ਸਨ। ਡਾਕਟਰ ਅੰਬੇਡਕਰ ਨੂੰ ਅਣਵੰਡੇ ਬੰਗਾਲ ਦੀ ਵਿਧਾਨ ਸਭਾ ਦੁਆਰਾ ਚੁਣਿਆ ਗਿਆ ਸੀ। ਡਾਕਟਰ ਅੰਬੇਡਕਰ ਨੂੰ ਬੰਗਾਲ ਤੋਂ ਚੋਣ ਲੜਨ ਲਈ ਮਜ਼ਬੂਰ ਕੀਤਾ ਗਿਆ, ਜਿਸ ਸੂਬੇ ਨਾਲ ਉਸ ਦਾ ਬਹੁਤਾ ਸਬੰਧ ਨਹੀਂ ਸੀ ਕਿਉਂਕਿ ਉਸ ਨੂੰ ਆਪਣੇ ਗ੍ਰਹਿ ਸੂਬੇ ਬੰਬਈ ਵਿੱਚ ਲੋੜੀਂਦੇ ਸਮਰਥਨ ਦੀ ਘਾਟ ਸੀ। ਅਜਾਦ ਭਾਰਤ ਵਿੱਚ ਦਲਿਤਾਂ ਨੂੰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ ਜਾਤੀਆਂ ਦਾ ਨਾਮ ਦਿੱਤਾ ਗਿਆ ਅਤੇ ਭਾਰਤੀ ਸੰਵਿਧਾਨ ਵਿੱਚ ਇਨ੍ਹਾਂ ਜਾਤਾਂ ਨਾਲ ਸਬੰਧਿਤ ਲੋਕਾਂ ਦੇ ਵਿਕਾਸ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਬਹੁਤੇ ਦਲਿਤ ਵਿਸ਼ੇਸ਼ ਤੋਰ ਤੇ ਪਿੰਡਾਂ ਅਤੇ ਬਸਤੀਆਂ ਵਿੱਚ ਰਹਿਣ ਵਾਲੇ ਦਲਿਤ ਅਜੇ ਵੀ ਜਿੰਦਗੀ ਦੀਆਂ ਮੁੱਢਲੀਆਂ ਸਹੂਲਤਾਂ ਨੂੰ ਤਰਸ ਰਹੇ ਹਨ। ਇਨ੍ਹਾਂ ਦਲਿਤਾਂ ਵਿੱਚੋਂ ਵਿਕਸਿਤ ਹੋ ਚੁੱਕੇ ਬਹੁਤੇ ਲੋਕ ਅਪਣੀ ਅਸਲੀਅਤ ਛੂਪਾ ਕੇ ਰੱਖਦੇ ਹਨ ਅਤੇ ਅਪਣਾ ਪਿਛੋਕੜ ਤੱਕ ਭੁੱਲਦੇ ਜਾ ਰਹੇ ਹਨ। 15 ਮਾਰਚ 1934 ਨੂੰ ਜਿਲ੍ਹਾ ਰੂਪਨਗਰ ਪੰਜਾਬ ਵਿੱਚ ਪੈਦਾ ਹੋਏ ਸਾਹਿਬ ਕਾਂਸ਼ੀ ਰਾਮ ਨੇ 1971 ਵਿੱਚ ਦਲਿਤਾਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਸ਼ੁਰੂ ਕੀਤੀ ਅਤੇ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ, ਹੋਰ ਪੱਛੜੀਆਂ ਜਾਤੀਆਂ ਅਤੇ ਘੱਟ ਗਿਣਤੀ ਕਰਮਚਾਰੀ ਵੈਲਫੇਅਰ ਸੰਸਥਾ ਦੀ ਸਥਾਪਨਾ ਕੀਤੀ। 1973 ਵਿੱਚ ਬੈਕਵਰਡ ਐਂਡ ਮਾਇਨਾਰਿਟੀ ਕਮਿਊਨਿਟੀ ਇੰਮਪਲਾਇਜ਼ ਫੈਡਰੇਸ਼ਨ-ਬਾਮਸੇਫ ਦੀ ਸਥਾਪਨਾ ਕੀਤੀ। ਡਾਕਟਰ ਅੰਬੇਡਕਰ ਵਲੋਂ ਦਿੱਤੇ ਗਏ ਪੜ੍ਹੋ, ਜੁੜ੍ਹੋ ਅਤੇ ਸੰਘਰਸ਼ ਕਰੋ ਦੇ ਸਿਧਾਂਤ ਤੇ ਚੱਲਕੇ ਮੁਹਿੰਮ ਚਲਾਈ ਅਤੇ 06 ਦਸੰਬਰ 1981 ਨੂੰ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ ਡੀ ਐਸ-4 ਨਾਮ ਦਾ ਸਮਾਜਿਕ ਸੰਗਠਨ ਤਿਆਰ ਕੀਤਾ ਅਤੇ 14 ਅਪ੍ਰੈਲ 1984 ਨੂੰ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ ਬਣਾ ਦਿਤੀ ਅਤੇ ਕਰੋੜ੍ਹਾਂ ਦਲਿਤਾਂ ਦਾ ਸੁਪਨਾ ਪੂਰਾ ਕਰਨ ਲਈ ਦੇਸ਼ ਦੀ ਸੱਤਾ ਤੇ ਕਾਬਜ ਹੋਣ ਦਾ ਐਲਾਨ ਕਰ ਦਿਤਾ। 1992 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਇੱਕ ਵੱਡੀ ਰਾਜਨੀਤਿਕ ਪਾਰਟੀ ਵਜੋਂ ਸਾਹਮਣੇ ਆਈ ਜਿਸ ਵਿੱਚ 9 ਵਿਧਾਇਕ ਚੁਣੇ ਗਏ ਅਤੇ ਪੰਜਾਬ ਵਿੱਚ ਮੁੱਖ ਵਿਰੋਧੀ ਪਾਰਟੀ ਬਣੀ। ਬੀ ਐਸ ਪੀ ਨੇ ਉੱਤਰ ਪ੍ਰਦੇਸ਼ ਵਿੱਚ ਕਈ ਵਾਰ ਸਰਕਾਰ ਬਣਾਈ ਅਤੇ ਕਈ ਵਿਅਕਤੀਆਂ ਨੂੰ ਲੋਕ ਸਭਾ, ਰਾਜ ਸਭਾ ਅਤੇ ਵੱਖ ਵੱਖ ਵਿਧਾਨ ਸਭਾਵਾਂ ਵਿੱਚ ਭੇਜਿਆ ਪ੍ਰੰਤੂਪਿਛਲੇ ਕਈ ਸਾਲਾਂ ਤੋਂ ਬਹੁਜਨ ਅੰਦੋਲਨ ਵਿੱਚ ਇੱਕ ਤਰਾਂ ਨਾਲ ਖੜੋਤ ਆ ਗਈ ਹੈ। ਮੌਜੂਦਾ ਸਮੇਂ ਦੇਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਚੱਲ ਰਹੀ ਹੈ ਅਤੇ ਦੇਸ ਦੇ ਵੱਖ ਵੱਖ ਸੂਬਿਆਂ ਵਿੱਚ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੀਆਂ ਸਰਕਾਰਾਂ ਕੰਮ ਕਰ ਰਹੀਆਂ ਹਨ। ਇਨ੍ਹਾਂ ਸਰਕਾਰਾਂ ਵਿੱਚ ਵੱਡੀ ਗਿਣਤੀ ਵਿੱਚ ਦਲਿਤ ਆਗੂ ਸਾਮਿਲ ਹਨ ਅਤੇ ਕਈ ਮਹੱਤਵਪੂਰਨ ਅਹੁਦਿਆਂ ਤੇ ਬੈਠੇ ਹੋਏ ਹਨ। ਇਸ ਸਭ ਦੇ ਬਾਬਜੂਦ ਦਲਿਤਾਂ ਤੇ ਹੋ ਰਹੇ ਅਤਿੱਆਚਾਰ ਅਤੇ ਦਲਿਤਾਂ ਲਈ ਬਣੀਆਂ ਭਲਾਈ ਸਕੀਮਾਂ ਵਿੱਚ ਹੋ ਰਹੀ ਘਪਲੇਬਾਜ਼ੀ ਗੰਭੀਰ ਚਿੰਤਾ ਦਾ ਵਿਸਾ ਹੈ। ਵੱਖ ਵੱਖ ਰਾਜਨੀਤਿਕ ਪਾਰਟੀਆਂ ਦਲਿਤ ਵੋਟਰਾਂ ਨੂੰ ਆਕਰਸ਼ਿਤ ਕਰਨ ਲਈ ਕਈ ਘੋਸ਼ਣਾਵਾਂ ਕਰਦੀਆਂ ਹਨ ਪ੍ਰੰਤੂ ਇਨ੍ਹਾਂ ਘੋਸ਼ਣਾਵਾਂ ਦੀ ਕਦੇ ਵੀ ਪੂਰਤੀ ਨਹੀਂ ਹੁੰਦੀ ਹੈ। ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਦਲਿਤ ਭਲਾਈ ਸਕੀਮਾਂ ਲਈ ਰੱਖੇ ਜਾਣ ਵਾਲੇ ਫੰਡ ਸੁੰਗੜਦੇ ਜਾ ਰਹੇ ਹਨ। ਮੌਜੂਦਾ ਸਮੇਂ ਦਲਿਤਾਂ ਦੇ ਨਾਮ ਤੇ ਅਣਗਿਣਤ ਸਮਾਜਿਕ, ਧਾਰਮਿਕ, ਰਾਜਨੀਤਿਕ ਸੰਗਠਨ ਚੱਲ ਰਹੇ ਹਨ ਜੋਕਿ ਦਲਿਤਾਂ ਦੇ ਵਿਕਾਸ ਲਈ ਕੰਮ ਕਰਨ ਦੇ ਦਾਅਵੇ ਕਰਦੇ ਹਨ। ਇਸ ਸਭ ਨੂੰ ਵੇਖਕੇ ਲੱਗਦਾ ਹੈ ਕਿ ਦਲਿਤ ਹੁਣ ਵਿਕਸਿਤ ਹੋ ਚੁੱਕੇ ਹਨ ਅਤੇ ਦਲਿਤਾਂ ਨਾਲ ਹੋਣ ਵਾਲੇ ਅਤਿੱਆਚਾਰ ਇਤਿਹਾਸ ਦੀਆਂ ਘਟਨਾਵਾਂ ਹੀ ਹਨ ਪਰ ਇਹ ਸਭ ਸਚਾਈ ਨਹੀਂ ਹੈ। ਹਕੀਕਤ ਇਹ ਹੈ ਕਿ ਅੱਜ ਵੀ ਦਲਿਤਾਂ ਨਾਲ ਪੱਖਪਾਤ ਹੋ ਰਿਹਾ ਹੈ ਅਤੇ ਅਤਿੱਆਚਾਰ ਦੀਆਂ ਘਟਨਾਵਾਂ ਲਗਾਤਾਰ ਵੱਧਦੀਆਂ ਜਾ ਰਹੀਆਂ ਹਨ। ਇੱਕ ਪਾਸੇ ਗੈਰ ਦਲਿਤ ਵਰਗ ਦਲਿਤਾਂ ਨੂੰ ਮਿਲੇ ਸੰਵਿਧਾਨਿਕ ਹੱਕਾਂ ਅਤੇ ਸਹੂਲਤਾਂ ਦਾ ਵਿਰੋਧ ਕਰ ਰਿਹਾ ਹੈ ਅਤੇ ਇਨ੍ਹਾਂਹੱਕਾਂ ਅਤੇ ਸਹੂਲਤਾਂ ਨੂੰ ਖਤਮ ਕਰਨ ਲਈ ਅੰਦੋਲਨ ਕਰ ਰਿਹਾ ਹੈ ਦੂਜੇ ਪਾਸੇ ਦਲਿਤ ਵਰਗ ਦੇ ਬਹੁਤੇ ਆਗੂ ਅਤੇ ਬੁੱਧੀਜੀਵੀ ਅਪਣੇ ਨਿੱਜੀ ਮਤਲਬਾਂ ਲਈ ਸਮਾਜ ਨੂੰ ਦਿਸ਼ਾਹੀਣ ਕਰ ਰਹੇ ਹਨ। ਅਜਾਦੀ ਤੋਂ ਬਾਦ ਪਿਛਲੇ ਕੁੱਝ ਸਾਲਾਂ ਦੌਰਾਨ ਹੀ ਦੇਸ਼ ਦੇ ਦਲਿਤਾਂ ਵਲੋਂ ਅਤਿੱਆਚਾਰਾਂ ਦੀਆਂ ਵਾਪਰੀਆਂ ਕੁੱਝ ਵੱਡੀਆਂ ਘਟਨਾਵਾਂ ਨੂੰ ਲੈਕੇ ਰੋਸ ਪ੍ਰਦਰਸ਼ਨ ਕੀਤੇ ਗਏ ਹਨ ਜਿਨ੍ਹਾਂ ਵਿੱਚ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਅਤਿੱਆਚਾਰ ਨਿਰੋਧਕ ਐਕਟ 1989 ਵਿੱਚ ਸੋਧ ਸਬੰਧੀ ਆਏ ਇੱਕ ਫੈਸਲੇ ਦੇ ਵਿਰੋਧ ਵਿੱਚ ਹੋਇਆ 02 ਅਪ੍ਰੈਲ 2018 ਦਾ ਭਾਰਤ ਬੰਦ, ਦਿੱਲੀ ਵਿੱਚ ਤੁਗਲਕਾਬਾਦ ਸਥਿਤ ਸ਼੍ਰੀ ਗੁਰੂ ਰਵਿਦਾਸ ਮੰਦਿਰ ਢਾਹੁਣ ਦੇ ਵਿਰੋਧ ਵਿੱਚ ਹੋਇਆ ਰੋਸ ਪ੍ਰਦਰਸ਼ਨ, ਰੋਹਿਤ ਵੇਮੁਲਾ ਹੱਤਿਆਕਾਂਡ, ਉਨਾ ਕਾਂਡ, ਮਿਰਚਾਪੁਰ ਘਟਨਾ, ਪੰਜਾਬ ਦੇ ਮੋਗਾ, ਸੰਗਰੂਰ, ਅਬੋਹਰ ਕਾਂਡ,ਬਦਾਂਉ ਅਤੇ ਹਾਥਰਸ ਵਰਗੀਆਂ ਅਤੇ ਅਮ੍ਰਿਤਸਰ ਵਿੱਚ ਬਾਬਾ ਸਾਹਿਬ ਦੇ ਬੁੱਤ ਤੇ ਹਮਲਾ ਕਰਨ ਦੀਆਂਘਟਨਾਵਾਂ ਸਬੰਧੀ ਰੋਸ ਪ੍ਰਦਰਸ਼ਨ ਆਦਿ ਸ਼ਾਮਿਲ ਹਨ। ਦੇਸ਼ ਦੇ ਵੱਖ ਵੱਖ ਰਾਜਾਂ ਵਿੱਚ ਦਲਿਤਾਂ ਤੇ ਵੱਧ ਰਹੀਆਂ ਅਤਿੱਆਚਾਰ ਦੀਆਂ ਘਟਨਾਵਾਂ ਸਾਡੇ ਸਮਾਜ ਦੇ ਦਲਿਤ ਆਗੂਆਂ ਅਤੇ ਬੁੱਧੀਜਿਵੀਆਂ ਦੀ ਕਾਰਗੁਜਾਰੀ ਅਤੇ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ੍ਹ ਲਗਾ ਰਹੀਆਂ ਹਨ। ਅਜਿਹੀਆਂ ਗੈਰ ਮਨੁੱਖੀ ਅਤਿੱਆਚਾਰ ਦੀਆਂ ਘਟਨਾਵਾਂ ਲਈ ਜਿੱਥੇ ਵੱਖ-ਵੱਖ ਸਰਕਾਰਾਂ ਜਿੰਮੇਵਾਰ ਹਨ ਉੱਥੇ ਹੀ ਦਲਿਤ ਸਮਾਜ ਦੇ ਬੁੱਧੀਜਿਵੀ ਵਰਗ ਅਤੇ ਅਖੌਤੀ ਆਗੂ ਵੱਧ ਜਿੰਮੇਵਾਰ ਹਨ। ਇਹ ਵੀ ਕੌੜਾ ਸੱਚ ਹੈ ਕਿ ਸਮਾਜ ਨੂੰ ਵਰਗਲਾਉਣ ਵਾਲੇ ਅਜਿਹੇ ਬੁੱਧੀਜਿਵੀਆਂ ਅਤੇ ਆਗੂਆਂ ਬਾਰੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਨੇ ਸਾਫ ਕਿਹਾ ਸੀ ਕਿ ਉਸਨੂੰ ਪੜ੍ਹੇ ਲਿਖੇ ਸਮਾਜ ਨੇ ਧੋਖਾ ਦਿਤਾ ਹੈ। ਬਸਪਾ ਆਗੂ ਸਾਹਿਬ ਕਾਂਸ਼ੀ ਰਾਮ ਨੇ ਵੀ ਅਜਿਹੇ ਲੋਕਾਂ ਨੂੰ ਚਮਚਿਆਂ ਦੀ ਉਪਾਧੀ ਦਿਤੀ ਸੀ। ਬਹੁਤੇ ਸਮਾਜਿਕ, ਧਾਰਮਿਕ, ਰਾਜਨੀਤਿਕ ਸੰਗਠਨ ਅਤੇ ਅਖੌਤੀ ਬੁੱਧੀਜਿਵੀ ਦਲਿਤ ਮੁੱਦਿਆਂ ਤੇ ਪਹਿਰਾ ਦੇਣ ਦੀ ਬਜਾਏ ਅਪਣੇ ਨਿੱਜੀ ਲਾਭ ਲਈ ਸਮਾਜ ਦੇ ਹੱਕ ਵਿਰੋਧੀਆਂ ਕੋਲ ਗਿਰਵੀ ਰੱਖ ਰਹੇ ਹਨ। ਅੱਜ ਜਿੱਥੇ ਇੱਕ ਪਾਸੇ ਦਲਿਤਾਂ ਨੂੰ ਦਲਿਤ ਵਿਰੋਧੀ ਮਾਨਸਿਕਤਾ ਵਾਲੇ ਲੋਕਾਂ ਤੋਂ ਬਚਣ ਦੀ ਜਰੂਰਤ ਹੈ ਉੱਥੇ ਹੀ ਦੂਜੇ ਪਾਸੇ ਦਲਿਤ ਸਮਾਜ ਦੇ ਸਮਾਜਿਕ, ਧਾਰਮਿਕ, ਰਾਜਨੀਤਿਕ ਆਗੂਆਂ ਅਤੇ ਬੁੱਧੀਜੀਵੀਆਂ ਤੋਂ ਵੀ ਸਚੇਤ ਰਹਿਣ ਦੀ ਜਰੂਰਤ ਹੈ ਜੋਕਿ ਸਮਾਜ ਦੇ ਹੱਕਾਂ ਤੇ ਪਹਿਰਾ ਦੇਣ ਦੀ ਬਜਾਏ ਅਪਣੇ ਫਾਇਦੇ ਲਈ ਸਮਾਜ ਨੂੰ ਵਿਕਾਊ ਬਣਾ ਰਹੇ ਹਨ।

# ਪੰਜਾਬ ਵਿੱਚ ਖੇਡ ਸੱਭਿਆਚਾਰ ਦੀ ਉਸਾਰੀ ਲਈ ਸਮਾਂਬੱਧ ਯੋਜਨਾਕਾਰੀ ਦੀ ਜ਼ਰੂਰਤ– ਉਲੰਪੀਅਨ ਮਹਿੰਦਰ ਸਿੰਘ ਗਿੱਲ

**ਲੁਧਿਆਣਾ–** ਭਾਰਤੀ ਅਥਲੈਟਿਕਸ ਜਗਤ ਦੇ ਰੌਸ਼ਨ ਮੀਨਾਰ ਉਲੰਪੀਅਨ ਮਹਿੰਦਰ ਸਿੰਘ ਗਿੱਲ ਨੇ ਕਿਹਾ ਹੈ ਕਿ ਪੰਜਾਬ ਨੂੰ ਸਮਾਂ ਬੱਧ ਨੀਤੀ ਵਾਲਾ ਖੇਡ ਸੱਭਿਆਚਾਰ ਉਸਾਰਨ ਦੀ ਲੋੜ ਹੈ ਤਾਂ ਜੋ ਸਭਨਾਂ ਲਈ ਸਿਹਤ ਯਕੀਨੀ ਬਣ ਸਕੇ ਅਤੇ ਸਹੀ ਤਕਨੀਕ ਦੀ ਸਿਖਲਾਈ ਵਾਲੇ ਕੌਮੀ ਤੇ ਕੌਮਾਂਤਰੀ ਖਿਡਾਰੀ ਪੈਦਾ ਹੋ ਸਕਣ। ਸ. ਗਿੱਲ ਦਾ ਪਰਿਵਾਰ ਫੋਲੜੀਵਾਲ- ਜਮਸ਼ੇਰ (ਜਲੰਧਰ) ਵਿੱਚ ਵੰਡ ਮਗਰੋਂ ਆਣ ਵੱਸਿਆ ਕਿਉਂਕਿ ਬਾਰਾਂ ਆਬਾਦ ਕਰਨ ਵੇਲੇ ਏਥੋਂ ਹੀ ਗਿਆ ਸੀ। ਸਪੋਰਟਸ ਸਕੂਲ ਜਲੰਧਰ ਤੇ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਪੁਰਾਣੇ ਵਿਦਿਆਰਥੀ ਸ. ਮਹਿੰਦਰ ਸਿੰਘ ਨੇ ਆਪਣੇ ਕਈ ਪੁਰਾਣੇ ਸਾਥੀਆਂ ਨੂੰ ਯਾਦ ਕੀਤਾ ਜਿੰਨ੍ਹਾਂ ਵਿੱਚੋ। ਸ. ਤੇਜਾ ਸਿੰਘ ਧਾਲੀਵਾਲ ਤੇ ਉੱਡਣਾ ਬਾਜ਼ ਸ। ਗੁਰਬਚਨ ਸਿੰਘ ਰੰਧਾਵਾ ਪ੍ਰਮੁੱਖ ਹਨ।

ਨਵਾਂ ਜਮ਼ਸ਼ੇਰ(ਨੇੜੇ ਨਨਕਾਣਾ ਸਾਹਿਬ)ਪਾਕਿਸਤਾਨ ਦੇ 1944 ਵਿੱਚ ਜੰਮਪਲ ਉਲੰਪੀਅਨ ਸ. ਮਹਿੰਦਰ ਸਿੰਘ ਗਿੱਲ ਅਮਰੀਕਾ ਦੇ ਸ਼ਹਿਰ ਪਲੈਜੈਂਟਨ (ਕੈਲੋਫੋਰਨੀਆ) ਤੋਂ ਵਿਸ਼ੇਸ਼ ਤੌਰ ਤੇ ਅੱਜ ਨਗਰ ਪਾਲਿਕਾ ਰਾਏਕੋਟ ਦੇ ਸਾਬਕਾ ਪ੍ਰਧਾਨ ਅਤੇ ਮਹਾਰਾਜਾ ਦਲੀਪ ਸਿੰਘ ਮੈਮੋਰੀਅਲ ਫਾਉਂਡੇਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਅਮਨਦੀਪ ਸਿੰਘ ਗਿੱਲ ਦੇ ਸਪੁੱਤਰ ਦੇ ਵਿਆਹ ਸਮਾਗਮ ਵਿੱਚ ਰਾਏਕੋਟ ਪਹੁੰਚੇ ਹੋਏ ਸਨ।



ਸ। ਮਹਿੰਦਰ ਸਿੰਘ ਗਿੱਲ ਦੀ ਖੇਡ ਜੀਵਨੀ ਲਿਖ ਰਹੇ ਖੇਡ ਲਿਖਾਰੀ ਸ. ਨਵਦੀਪ ਸਿੰਘ ਗਿੱਲ ਨੇ ਸ. ਮਹਿੰਦਰ ਸਿੰਘ ਗਿੱਲ ਬਾਰੇ ਜਾਣਕਾਰੀ ਦੇਂਦਿਆਂ ਦੱਸਿਆ ਕਿ ਅੰਤਰ ਰਾਸ਼ਟਰੀ ਖੇਡ ਦ੍ਰਿਸ਼ ਵਿੱਚ ਇੱਕ ਸਮਾਂ ਉਹ ਵੀ ਸੀ ਜਦੋਂ ਮਹਿੰਦਰ ਸਿੰਘ ਗਿੱਲ ਦੇ ਨਾਂ ਅੰਤਰਰਾਸ਼ਟਰੀ ਮੀਟਾਂ ਦੇ 19 ਰਿਕਾਰਡ ਸਨ। ਉਸ ਨੇ ਕੌਮੀ ਤੇ ਕੌਮਾਂਤਰੀ ਮੀਟਾਂ ’ਚੋਂ 100 ਤੋਂ ਵੱਧ ਮੈਡਲ ਜਿੱਤੇ ਹਨ। ਉਸ ਨੇ ਏਸ਼ਿਆਈ ਖੇਡਾਂ ਤੇ ਏਸ਼ਿਆਈ ਅਥਲੈਟਿਕਸ ਮੀਟਾਂ ਵਿੱਚੋਂ ਇੱਕ ਚਾਂਦੀ ਤੇ ਦੋ ਸੋਨੇ ਦੇ ਤਗ਼ਮੇ ਜਿੱਤੇ ਸਨ। ਕਾਮਨਵੈਲਥ ਖੇਡਾਂ ਵਿੱਚੋਂ ਵੀ ਇੱਕ ਚਾਂਦੀ ਤੇ ਇੱਕ ਤਾਂਬੇ ਦਾ ਤਗ਼ਮਾ ਜਿੱਤਿਆ ਸੀ। ਟੈਕਸਾਸ ਦੀ ਇੱਕ ਮੀਟ ਵਿੱਚ 56 ਫੁੱਟ ਸਾਢੇ 4 ਇੰਚ ਤੀਹਰੀ ਛਾਲ ਲਾਈ ਸੀ ਜਿਸ ਨਾਲ ਉਹ ਵਿਸ਼ਵ ਦਾ ਚੋਟੀ ਦਾ ਅਥਲੀਟ ਗਿਣਿਆ ਗਿਆ ਸੀ। 1971 ਦੀਆਂ ਪ੍ਰੀ-ਓਲੰਪਿਕ ਖੇਡਾਂ ਵਿੱਚ ਉਹ ਏਸ਼ੀਆ ਦਾ ਇੱਕੋ ਇੱਕ ਅਥਲੀਟ ਸੀ ਜੋ ਚਾਂਦੀ ਦਾ ਤਗ਼ਮਾ ਜਿੱਤ ਸਕਿਆ।

ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਸ। ਮਹਿੰਦਰ ਸਿੰਘ ਗਿੱਲ ਨੂੰ ਵੇਖਣਾ, ਮਿਲਣਾ ਤੇ ਗੱਲਬਾਤ ਕਰਨਾ ਮੇਰੇ ਲਈ ਸੁਪਨੇ ਵਾਂਗ ਹੈ ਕਿਉਂਕਿ ਜਦ ਤੋਂ ਮੈਂ ਪ੍ਰਿੰਸੀਪਲ ਸਰਵਣ ਸਿੰਘ ਦਾ ਸ. ਮਹਿੰਦਰ ਸਿੰਘ ਗਿੱਲ ਬਾਰੇ ਲੇਖ “ਅਲਸੀ ਦਾ ਫੁੱਲ” ਪੜ੍ਹਿਆ ਸੀ, ਉਦੋਂ ਤੋਂ ਹੀ ਮਿਲਣ ਦੀ ਤਾਂਘ ਸੀ। ਨੇੜ ਭਵਿੱਖ ਵਿੱਚ ਸ। ਮਹਿੰਦਰ ਸਿੰਘ ਗਿੱਲ ਜੀ ਨੂੰ ਲੁਧਿਆਣਾ ਬੁਲਾ ਕੇ ਖੇਡ ਪ੍ਰੇਮੀਆਂ ਦੇ ਰੂ ਬ ਰੂ ਕੀਤਾ ਜਾਵੇਗਾ। ਇਸ ਮੌਕੇ ਫ਼ਰਿਜਨੋ ਤੋਂ ਆਏ ਪੈਨ ਅਮੈਰਿਕਨ ਖੇਡਾਂ ਦੇ ਚੈਂਪੀਅਨ ਐਥਲੀਟ ਸ. ਗੁਰਬਖ਼ਸ਼ ਸਿੰਘ ਸਿੱਧੂ, ਸ। ਜਗਦੀਸ਼ਪਾਲ ਸਿੰਘ ਗਰੇਵਾਲ ਸਾਬਕਾ ਸਰਪੰਚ ਦਾਦ, ਬਿਕਰਮਜੀਤ ਸਿੰਘ ਖ਼ਾਲਸਾ ਸਾਬਕਾ ਵਿਧਾਇਕ, ਤਲਵਿੰਦਰ ਸਿੰਘ ਘੁਮਾਣ (ਨਿਊ ਜਰਸੀ) ਅਮਰੀਕਾ, ਪ੍ਰਭਜੋਤ ਸਿੰਘ ਧਾਲੀਵਾਲ, ਪਰਮਿੰਦਰ ਸਿੰਘ ਜੱਟਪੁਰੀ, ਬਲਕਾਰ ਸਿੰਘ, ਰਘਬੀਰ ਸਿੰਘ ਜੱਗਾ ਤੇ ਕਈ ਹੋਰ ਸਿਰਕੱਢ ਸ਼ਖ਼ਸੀਅਤਾਂ ਹਾਜ਼ਰ ਸਨ।

# ਕੀ ਦੁਨੀਆ ਲਈ ਖਤਰਾ ਨੇ ਟਰੰਪ ਦੀਆਂ ਨੀਤੀਆਂ?



ਗੁਰਮੀਤ ਪਲਾਹੀ
91-98158-02070

ਅਮਰੀਕਾ ਵਿੱਚ ਟਰੰਪ ਯੁੱਗ ਦੀ ਸ਼ੁਰੂਆਤ ਹੋ ਗਈ ਹੈ। ਅਮਰੀਕਾ ਵਿੱਚ ਰਾਸ਼ਟਰਪਤੀ ਬਣਨ ਦੇ ਨਾਲ ਹੀ ਟਰੰਪ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇਹ ਦਾਅਵਾ ਕੀਤਾ ਗਿਆ ਹੈ ਕਿ ਟਰੰਪ ਨੇ ਪਹਿਲੇ ਹੀ ਦਿਨ ਵੀਹ ਝੂਠ ਬੋਲੇ ਹਨ ਜਾਂ ਵੀਹ ਝੂਠੇ ਵਾਅਦੇ ਕੀਤੇ ਹਨ।

ਇਥੇ ਇਹ ਦੱਸਣਾ ਬਣਦਾ ਹੈ ਕਿ ਆਪਣੇ ਪਹਿਲੇ ਕਾਰਜ ਕਾਲ ਦੌਰਾਨ ਡੋਨਾਲਡ ਟਰੰਪ ਨੇ 30573 ਝੂਠ ਬੋਲੇ ਸਨ ਅਰਥਾਤ ਉਹਨਾਂ ਵੱਲੋਂ ਰੋਜ਼ਾਨਾ ਔਸਤਨ 21 ਝੂਠ ਬੋਲੇ ਗਏ ਸਨ। ਟਰੰਪ ਨੇ ਦੂਜੇ ਕਾਰਜਕਾਲ ਦੇ ਪਹਿਲੇ ਦਿਨ ਹੀ ਵਾਅਦਿਆਂ, ਦਾਅਵਿਆਂ ਦੀ ਝੜੀ ਲਗਾ ਦਿੱਤੀ। ਉਹਨਾਂ ਕਿਹਾ ਕਿ ਸਾਬਕਾ ਰਾਸ਼ਟਰਪਤੀ ਨੇ 33 ਹਤਿਆਰਿਆਂ ਦੀ ਸਜ਼ਾ ਮੁਆਫ਼ ਕੀਤੀ, ਸਾਲ 2020 ਦੀਆਂ ਚੋਣਾਂ 'ਚ ਧਾਂਦਲੀ ਹੋਈ, ਬਾਇਡਨ ਦੇ ਰਾਜ 'ਚ ਰਿਕਾਰਡ ਤੋੜ ਮਹਿੰਗਾਈ ਹੋਈ, ਚੀਨ ਨੇ ਬਾਇਡਨ ਰਾਜ ਵੇਲੇ ਪਨਾਮਾ ਨਹਿਰ 'ਤੇ ਕਬਜ਼ਾ ਕੀਤਾ, ਬਾਇਡਨ ਨੇ ਖ਼ਤਰਨਾਕ ਅਪਰਾਧੀਆਂ ਨੂੰ ਸ਼ਰਨ ਦਿੱਤੀ ਆਦਿ-ਆਦਿ। ਪਰ ਇਹ ਸਾਰੇ ਦਾਅਵੇ ਮੀਡੀਆ ਨੇ ਝੁਠਲਾ ਦਿੱਤੇ।

ਮੁਢਲੇ ਤੌਰ 'ਤੇ ਦੁਨੀਆ ਭਰ ਵਿੱਚ ਅਮਰੀਕਾ ਨੂੰ "ਥਾਣੇਦਾਰ" ਦਾ ਦਰਜਾ ਮਿਲਿਆ ਹੋਇਆ ਹੈ। ਟਰੰਪ ਦੇ ਮੁੜ ਸੱਤਾ 'ਚ ਆਉਣ ਨਾਲ਼ ਇੱਕ ਸਖ਼ਤ ਠਾਣੇਦਾਰ ਅਮਰੀਕਾ ਨੂੰ ਮਿਲਿਆ ਹੈ, ਜੋ ਡੰਡੇ ਦੇ ਜ਼ੋਰ ਨਾਲ ਸਾਰੀ ਦੁਨੀਆ ਨੂੰ ਡਰਾ ਕੇ ਰੱਖਣ ਦਾ ਹਾਮੀ ਹੈ। ਉਸ ਦੇ ਪਿੱਛੇ ਸੈਲੀਕੋਨ ਵੈਲੀ ਦੇ ਵੱਡੇ ਦਿੱਗਜਾਂ ਦੀ ਟੇਕ ਹੈ। ਅਮਰੀਕੀ ਅਰਬਪਤੀ, ਖਰਬਪਤੀ ਸੁੰਦਰ ਪਿਚਾਈ, ਜ਼ਕਰਬਰਗ਼, ਜੈਫ਼ ਬੇਜੋਸ ਅਤੇ ਵੱਡੇ ਅਮੀਰ ਕਾਰਪੋਰੇਟ ਘਰਾਣੇ ਉਸ ਦੀ ਪਿੱਠ 'ਤੇ ਖੜ੍ਹੇ ਹਨ।

ਗੱਦੀ ਸੰਭਾਲਦਿਆਂ ਹੀ ਉਸ ਨੇ ਬ੍ਰਿਕਸ ਦੇਸ਼ਾਂ ਨੂੰ ਧਮਕਾਇਆ। ਕਿਊਬਾ ਨੂੰ ਬਲੈਕ ਲਿਸਟ ਵਿੱਚ ਪਾ ਦਿੱਤਾ। ਵਿਸ਼ਵ ਸਿਹਤ ਸੰਗਠਨ ਤੇ ਪੈਰਿਸ ਜਲਵਾਯੂ ਸਮਝੌਤੇ 'ਚੋਂ ਵੀ ਨਿਕਲਣ ਦਾ ਉਸ ਨੇ ਐਲਾਨ ਕਰ ਦਿੱਤਾ। ਬ੍ਰਿਕਸ ਦੇਸ਼ ਜਿਸ ਵਿੱਚ ਭਾਰਤ ਸਮੇਤ 10 ਦੇਸ਼ਾਂ ਦੀ ਸ਼ਮੂਲੀਅਤ ਹੈ, ਨੂੰ ਉਹਨਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਉਹਨਾਂ ਨੇ ਅਮਰੀਕੀ ਡਾਲਰ ਨੂੰ ਬਦਲਣ ਲਈ ਕੋਈ ਚਾਰਾਜੋਈ ਕੀਤੀ ਤਾਂ ਉਹ ਉਹਨਾਂ 'ਤੇ 100 ਫ਼ੀਸਦੀ ਟੈਕਸ ਲਗਾਉਣਗੇ। ਸਹੁੰ ਚੁੱਕਣ ਦੇ ਛੇ ਘੰਟਿਆਂ ਅੰਦਰ ਹੀ ਬਾਇਡਨ ਸਰਕਾਰ ਦੇ 78 ਫ਼ੈਸਲਿਆਂ ਨੂੰ ਉਹਨਾਂ ਪਲਟ ਦਿੱਤਾ। ਜਿਸ ਵਿੱਚ ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਬਾਹਰ ਕੱਢਣ, ਬੱਚਿਆਂ ਦੀ ਨਾਗਰਿਕਤਾ ਖ਼ਤਮ ਕਰਨ ਜਿਹੇ ਅਤਿ ਮਹੱਤਵਪੂਰਨ ਫ਼ੈਸਲੇ ਸ਼ਾਮਲ ਹਨ। ਟਰੰਪ ਨੇ ਉਹਨਾਂ ਮਾਪਿਆਂ ਦੇ ਬੱਚਿਆਂ ਨੂੰ ਜਨਮ ਜਾਤ ਨਾਗਰਿਕਤਾ ਦੇਣ ਤੋਂ ਇਨਕਾਰ ਕਰਨ ਦਾ ਤਤਕਾਲੀ ਹੁਕਮ ਦਿੱਤਾ, ਜਿਹੜੇ ਗ਼ੈਰ ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਰਹਿ ਰਹੇ ਹਨ ਜਾਂ ਆਰਜੀ ਵੀਜ਼ੇ 'ਤੇ ਰਹਿ ਰਹੇ ਹਨ।

ਟਰੰਪ ਦੇਸ਼ ਅਮਰੀਕਾ ਵਿੱਚ ਪੁਰਾਤਨ ਯੁੱਗ ਲਿਆਉਣ ਦਾ ਹਾਮੀ ਹੈ। ਡੋਨਾਲਡ ਟਰੰਪ ਨੇ ਸਹੁੰ ਚੁੱਕ ਸਮਾਰੋਹ ਤੋਂ ਬਾਅਦ ਕਈ ਐਕਸ਼ਨ ਕੀਤੇ, ਪਰ ਸਭ ਤੋਂ ਵੱਧ ਚਰਚਾ ਅਮੀਰਜ਼ਾਦੇ ਐਲਨ ਮਸਕ ਦੇ ਸਲੂਟ ਦੀ ਹੋ ਰਹੀ ਹੈ। ਅਮਰੀਕੀ ਮੀਡੀਏ ਤੇ ਸੋਸ਼ਲ ਮੀਡੀਏ ਵੱਲੋਂ ਇਸ ਸਲੂਟ ਦੀ ਤੁਲਨਾ ਹਿਟਲਰ ਦੇ ਨਾਜੀ ਸਲੂਟ ਨਾਲ ਕੀਤੀ ਜਾ ਰਹੀ ਹੈ। ਹਿਟਲਰ ਨੇ ਇਸ ਸਲੂਟ ਦਾ ਇਸਤੇਮਾਲ 1933 ਤੋਂ 1945 ਤੱਕ ਤੀਜੇ ਰਾਈਖ (ਤੀਜਾ ਜਰਮਨ ਸਾਮਰਾਜ) ਦੌਰਾਨ ਕੀਤਾ ਸੀ। ਜਾਪਦਾ ਹੈ ਟਰੰਪ ਹਿਟਲਰੀ ਸੋਚ ਦਾ ਮੁਦੱਈ ਹੈ। ਉਸ ਅਨੁਸਾਰ ਅਮਰੀਕਾ ਵਿੱਚ ਸਿਰਫ਼ ਅਮਰੀਕੀਆਂ ਨੂੰ ਹੀ ਵਸਣ ਦਾ ਅਧਿਕਾਰ ਹੈ। ਉਹ ਪਰਵਾਸੀਆਂ ਖ਼ਾਸ ਕਰ ਕੇ ਨਜਾਇਜ਼ ਤੌਰ 'ਤੇ ਅਮਰੀਕਾ ਪੁੱਜੇ ਪਰਵਾਸੀਆਂ ਨੂੰ ਦੇਸ਼ ਵਿੱਚੋਂ ਬਾਹਰ ਕੱਢਣ ਲਈ ਤਤਪਰ ਦਿਸਦਾ ਹੈ। ਟਰੰਪ ਨੇ ਇੱਕ ਹੁਕਮ ਜਾਰੀ ਕਰਕੇ 30,000 ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਫੜਕੇ ਬਦਨਾਮ ਗਵਾਂਤਾਨਾਮੋ ਬੇ ਜੇਲ੍ਹ (ਕਿਊਬਾ) ਵਿੱਚ ਡੱਕਣ ਲਈ ਤਿਆਰੀਆਂ ਕਰਨ ਦਾ ਹੁਕਮ ਕੀਤਾ ਹੈ। ਇਸ ਜੇਲ੍ਹ ਵਿੱਚ 30,000 ਕੈਦੀਆਂ ਨੂੰ ਡੱਕਣ ਲਈ ਤੁਰੰਤ ਮੰਜੇ-ਬਿਸਤਰੇ ਤਿਆਰ ਕਰ ਦਿੱਤੇ ਗਏ ਹਨ। ਇਸ ਜੇਲ੍ਹ ਵਿੱਚ ਆਮ ਤੌਰ 'ਤੇ ਅਤਿ ਖ਼ਤਰਨਾਕ ਅਤਿਵਾਦੀਆਂ, ਅਪਰਾਧੀਆਂ ਨੂੰ ਅਤਿਅੰਤ ਸੁਰੱਖਿਆ ਪ੍ਰਬੰਧਾਂ ਹੇਠ ਰੱਖਿਆ ਜਾਂਦਾ ਹੈ। ਇਥੇ ਕੈਦੀਆਂ ਨੂੰ ਬਹੁਤ ਤਸੀਹੇ ਦਿੱਤੇ ਜਾਂਦੇ ਹਨ। ਕੈਦੀਆਂ ਨੂੰ ਬਿਨ੍ਹਾਂ ਮੁਕੱਦਮੇ ਅਣਮਿੱਥੇ ਸਮੇਂ ਲਈ ਰੱਖਿਆ ਜਾਂਦਾ ਹੈ। ਪਿਛਲੇ 20 ਸਾਲਾਂ 'ਚ ਇਥੇ ਘੱਟੋ-ਘੱਟ 9 ਕੈਦੀਆਂ ਦੀ ਮੌਤ ਹੋਈ ਅਤੇ 7 ਨੇ ਆਤਮ ਹੱਤਿਆ ਕੀਤੀ। ਕੈਦੀਆਂ ਨੂੰ ਕਠਿਨ ਤਸੀਹੇ ਦੇਣ ਦੀ ਵਜਾਹ ਕਾਰਨ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਇਸ ਜੇਲ੍ਹ ਨੂੰ ਵਿਰੋਧ ਝੱਲਣਾ ਪਿਆ। ਇਸ ਸਮੇਂ ਇਸ ਜੇਲ੍ਹ 'ਚ ਸਿਰਫ਼ 15 ਕੈਦੀ ਹਨ। ਸਾਲ 2020 ਤੋਂ 2023 ਤੱਕ ਇਥੇ ਸਿਰਫ਼ 37 ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਰੱਖਿਆ ਗਿਆ। ਰਾਸ਼ਟਰਪਤੀ ਬਰਾਕ ਬਾਮਾ ਅਤੇ ਜੋਅ ਬਾਇਡਨ ਇਸ ਜੇਲ੍ਹ ਨੂੰ ਬੰਦ ਕਰਨ ਲਈ ਯਤਨ ਕਰ ਚੁੱਕੇ ਹਨ, ਪਰ ਅਮਰੀਕੀ ਕਾਂਗਰਸ ਦੇ ਵਿਰੋਧ ਕਾਰਨ ਬੰਦ ਨਹੀਂ ਕੀਤੀ ਜਾ ਸਕੀ।



ਅਮਰੀਕਾ 'ਚ ਇੱਕ ਸੂਚਨਾ ਅਨੁਸਾਰ ਦੁਨੀਆਂ ਭਰ ਦੇ 1 ਕਰੋੜ ਦੇ ਕਰੀਬ ਨਜਾਇਜ਼ ਤੌਰ 'ਤੇ ਅਮਰੀਕਾ ਵਸੇ ਪਰਵਾਸੀ (ਟਰੰਪ ਅਨੁਸਾਰ 2 ਕਰੋੜ) ਜਿਹਨਾਂ ਵਿੱਚ 6 ਲੱਖ ਪਰਵਾਸੀ ਭਾਰਤੀ ਵੀ ਸ਼ਾਮਲ ਹਨ, ਜੋ ਮੋਟੀਆਂ ਰਕਮਾਂ ਦੇ ਕੇ ਕੈਨੇਡਾ ਤੋਂ ਜਾਂ ਮੈਕਸੀਕੋ ਰਾਹੀਂ ਅਮਰੀਕਾ ਪੁੱਜੇ ਹਨ। ਜੋ ਟਰੰਪ ਦੇ ਡਰ ਤੋਂ ਸੁਰੱਖਿਅਤ ਟਿਕਾਣਿਆਂ ਤੇ ਕੈਲੀਫੋਰਨੀਆ ਬੋਸਟਨ ਆਦਿ ਰਾਜਾਂ 'ਚ ਜਾ ਦੁਬਕੇ ਹਨ,ਜਿੱਥੇ ਬਾਇਡਨ ਤੇ ਕਮਲਾ ਹੈਰਿਸ ਦੀ ਪਾਰਟੀ ਡੈਮੋਕਰੇਟਿਕ ਦਾ ਰਾਜ ਹੈ। ਟਰੰਪ ਨੇ ਮੈਕਸੀਕੋ ਬਾਰਡਰ ਬੰਦ ਕਰ ਦਿੱਤਾ ਹੈ ਅਤੇ ਨਜਾਇਜ਼ ਪਰਵਾਸੀਆਂ ਦੇ ਲਾਂਘੇ ਨੂੰ ਸਖ਼ਤੀ ਨਾਲ ਰੋਕ ਦਿੱਤਾ ਹੈ। ਅਮਰੀਕੀ ਬਾਰਡਰ ਇਮੀਗ੍ਰੇਸ਼ਨ ਅਨੁਸਾਰ ਕੈਨੇਡਾ ਬਾਰਡਰ ਤੋਂ 2.75 ਲੱਖ, ਮੈਕਸੀਕੋ ਬਾਰਡਰ ਤੋਂ 2.25 ਲੱਖ ਅਤੇ ਹੋਰ ਬਾਰਡਰਾਂ ਰਾਹੀਂ ਦੋ 2.25 ਲੱਖ ਭਾਰਤੀ ਅਮਰੀਕਾ ਪੁੱਜੇ ਹੋਏ ਹਨ। ਟਰੰਪ ਪ੍ਰਸ਼ਾਸਨ ਨੇ ਤੁਰੰਤ 18000 ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਭਾਰਤ ਭੇਜਣ ਦਾ ਫ਼ੈਸਲਾ ਲੈ ਲਿਆ ਹੈ। ਰਾਸ਼ਟਰਪਤੀ ਟਰੰਪ ਨੇ ਲੇਕਨ ਰਿਲੇਅ ਐਕਟ ਉੱਪਰ ਦਸਤਖ਼ਤ ਕੀਤੇ ਹਨ, ਜਿਹੜਾ ਗ਼ੈਰ-ਕਾਨੂੰਨੀ ਪਰਵਾਸੀਆਂ ਵਿਰੁੱਧ ਕਾਰਵਾਈ ਲਈ ਇਮੀਗ੍ਰੇਸ਼ਨ ਅਫ਼ਸਰਾਂ ਨੂੰ ਬਹੁਤ ਜ਼ਿਆਦਾ ਅਧਿਕਾਰ ਦਿੰਦਾ ਹੈ। ਹੁਣ ਇਸ ਕਾਨੂੰਨ ਤਹਿਤ ਇਮੀਗ੍ਰੇਸ਼ਨ ਅਫ਼ਸਰ ਗ਼ੈਰ-ਕਾਨੂੰਨੀ ਪਰਵਾਸੀ ਨੂੰ ਉਸੇ ਵੇਲੇ ਆਪਣੀ ਹਿਰਾਸਤ ਵਿੱਚ ਲੈ ਸਕਣਗੇ, ਜਦੋਂ ਕਿਸੇ ਅਪਰਾਧ ਤਹਿਤ ਪੁਲਿਸ ਅਫ਼ਸਰਾਂ ਵੱਲੋਂ ਉਸ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ। ਉਸ ਵਿਰੁੱਧ ਮੁਕੱਦਮੇ ਦੀ ਬਜਾਏ ਉਸ ਨੂੰ ਸਿੱਧਾ ਦੇਸ਼-ਨਿਕਾਲਾ ਦੇ ਦਿੱਤਾ ਜਾਵੇਗਾ।

ਟਰੰਪ ਤਾਕਤ ਦੇ ਗ਼ਰੂਰ ਵਿੱਚ ਇਤਨਾ ਨਸ਼ਿਆ ਚੁੱਕਾ ਹੈ ਕਿ ਨਿੱਤ-ਦਿਹਾੜੇ ਉਸ ਵੱਲੋਂ ਗ਼ੈਰ ਕਾਨੂੰਨੀ ਆਦੇਸ਼ ਜਾਰੀ ਹੋ ਰਹੇ ਹਨ, ਜਿਹਨਾਂ ਨੂੰ ਅਮਰੀਕੀ ਅਦਾਲਤਾਂ ਵਿੱਚ ਚੁਣੌਤੀ ਦਿੱਤੀ ਗਈ ਹੈ। ਸੀਐਟਲ (ਕੈਲੇਫੋਰਨੀਆਂ) ਦੀ ਅਮਰੀਕੀ ਸੰਘੀ ਅਦਾਲਤ ਵੱਲੋਂ ਜਨਮ ਦੇ ਆਧਾਰ 'ਤੇ ਨਾਗਰਿਕਤਾ ਖ਼ਤਮ ਕਰਨ ਦੇ ਟਰੰਪ ਦੇ ਹੁਕਮਾਂ 'ਤੇ ਰੋਕ ਲਗਾ ਦਿੱਤੀ ਗਈ ਹੈ। ਅਦਾਲਤ ਨੇ ਕਿਹਾ ਹੈ ਕਿ ਜਨਮ ਦੇ ਆਧਾਰ 'ਤੇ ਨਾਗਰਿਕਤਾ ਦੇਣ ਤੋਂ ਇਨਕਾਰ ਕਰਨਾ ਗ਼ੈਰ ਕਾਨੂੰਨੀ ਤੇ ਜ਼ਾਲਮਾਨਾ ਹੈ ਤੇ ਅਮਰੀਕੀ ਕਦਰਾਂ-ਕੀਮਤਾਂ ਦੇ ਉਲਟ ਹੈ। ਇਥੇ ਇਹ ਵਰਣਨ ਕਰਨਾ ਜ਼ਰੂਰੀ ਹੈ ਕਿ ਅਮਰੀਕੀ ਸੰਵਿਧਾਨ ਦੀ ਚੌਦਵੀਂ ਸੋਧ ਜਨਮ ਨਾਗਰਿਕਤਾ ਗਰੰਟੀ ਨੂੰ 1868 'ਚ ਸਿਵਲ ਯੁੱਧ ਦੇ ਮੱਦੇ ਨਜ਼ਰ ਪ੍ਰਵਾਨਗੀ ਦਿੱਤੀ ਗਈ ਸੀ, ਤਾਂ ਜੋ ਗੁਲਾਮ ਕਾਲੇ ਲੋਕ ਵੀ ਨਾਗਰਿਕ ਬਣ ਸਕਣ। ਅਮਰੀਕੀ ਸੈਨਟ 'ਚ ਇੱਕ ਬਿੱਲ ਪੇਸ਼ ਕਰਦੇ ਹੋਏ ਅਮਰੀਕਾ 'ਚ ਜਨਮ ਤੋਂ ਹੀ ਨਾਗਰਿਕਤਾ ਦੇ ਅਧਿਕਾਰ ਨੂੰ ਖ਼ਤਮ ਕਰਨ ਦੀ ਮੰਗ ਕੀਤੀ ਗਈ ਹੈ। ਇਹ ਬਿੱਲ ਸੱਤਾਧਾਰੀ ਰੀਪਬਲਿਕਨ ਪਾਰਟੀ ਦੇ ਤਿੰਨ ਮੈਂਬਰਾਂ ਵੱਲੋਂ ਲਿਆਂਦਾ ਹੈ। ਇਥੇ ਇਹ ਵਰਨਣ ਯੋਗ ਹੈ ਕਿ ਸਾਲ 2023 'ਚ 2-2.5 ਲੱਖ ਬੱਚਿਆਂ ਨੂੰ ਜਨਮ ਅਧਿਕਾਰ ਨਾਗਰਿਕਤਾ ਮਿਲੀ ਸੀ। ਟਰੰਪ ਦਾ ਬਿਆਨ ਵੀ ਚਰਚਾ 'ਚ ਹੈ ਕਿ ਜਨਮ ਜਾਤ ਨਾਗਰਿਕਤਾ ਮੁੱਖ ਤੌਰ 'ਤੇ ਗੁਲਾਮਾਂ ਦੇ ਬੱਚਿਆਂ ਲਈ ਸੀ। ਇਹ ਪੂਰੀ ਦੁਨੀਆਂ ਦੇ ਲੋਕਾਂ ਦੇ ਅਮਰੀਕਾ ਆਉਣ ਤੇ ਭੀੜ ਲਗਾਉਣ ਲਈ ਨਹੀਂ ਹੈ।

ਡੋਨਾਲਡ ਟਰੰਪ ਅਤੇ ਉਸਦੇ ਪ੍ਰਸ਼ਾਸਨਿਕ ਅਧਿਕਾਰੀ ਆਪਣੇ ਵੱਲੋਂ ਕੀਤੇ ਸੱਚੇ ਝੂਠੇ ਵਾਅਦਿਆਂ ਦੀ ਪੂਰਤੀ ਲਈ ਇੰਨੇ ਕਾਹਲੇ ਹਨ ਕਿ ਉਹਨਾਂ ਵੱਲੋਂ ਇਮੀਗਰੇਸ਼ਨ ਕਸਟਮ ਫੋਰਸਮੈਂਟ ਅਤੇ ਸਰਹੱਦੀ ਸੁਰੱਖਿਆ ਲਾਗੂ ਕਰਨ ਲਈ ਬਾਇਡਨ ਪ੍ਰਸ਼ਾਸਨ ਦੇ ਵੱਲੋਂ ਦਿੱਤੇ ਦਿਸ਼ਾ-ਨਿਰਦੇਸ਼ਾਂ ਨੂੰ ਰੱਦ ਕਰ ਦਿੱਤਾ, ਜੋ ਅਖੌਤੀ ਸੰਵੇਦਨਸ਼ੀਲ ਖੇਤਰਾਂ ਜਾਂ ਉਹਨਾਂ ਨੇੜੇ ਕਾਨੂੰਨ ਲਾਗੂ ਕਰਨ ਸੰਬੰਧੀ ਕਾਰਵਾਈਆਂ ਨੂੰ ਰੋਕਦੀਆਂ ਹਨ।

ਇਹਨਾਂ ਸੰਵੇਦਨਸ਼ੀਲ ਖੇਤਰਾਂ 'ਚ ਗੁਰਦੁਆਰਾ ਅਤੇ ਚਰਚ ਵਰਗੇ ਪੂਜਾ ਸਥਾਨ ਵੀ ਸ਼ਾਮਲ ਹਨ। ਇਹਨਾਂ ਕਾਰਵਾਈਆਂ ਦੇ ਚਲਦਿਆਂ ਅਮਰੀਕੀ ਏਜੰਸੀਆਂ ਵੱਲੋਂ ਗੁਰਦੁਆਰਿਆਂ ਦੇ ਗੇੜੇ ਮਾਰਨੇ ਸ਼ੁਰੂ ਕਰ ਦਿੱਤੇ ਗਏ ਹਨ।

ਇੱਥੇ ਹੀ ਬੱਸ ਨਹੀਂ ਤਾਕਤ ਦਾ ਗ਼ੁਬਾਰ ਟਰੰਪ ਦੇ ਸਿਰ ਵਿੱਚੋਂ ਇਥੋਂ ਤੱਕ ਚੜ੍ਹ ਕੇ ਬੋਲ ਰਿਹਾ ਹੈ ਕਿ ਟਰੰਪ ਦੇ ਇੱਕ ਫ਼ਰਮਾਨ ਨਾ਼ਲ 180 ਦੇਸ਼ਾਂ ਨੂੰ 5 ਲੱਖ ਡਾਲਰ ਦੀ ਮਦਦ ਬੰਦ ਕਰ ਦਿੱਤੀ ਗਈ ਹੈ, ਜਿਸ ਵਿੱਚ ਭਾਰਤ ਦੀ 1300 ਕਰੋੜ ਦੀ ਮਦਦ ਥੰਮ੍ਹ ਗਈ ਹੈ। ਇਸ ਨਾ਼ਲ ਐੱਚ.ਆਈ.ਵੀ./ਏਡਜ਼ ਦੇ ਖਿਲਾਫ਼ ਜਾਰੀ ਲੜਾਈ ਲਈ ਅਫ਼ਰੀਕੀ ਦੇਸ਼ਾਂ ਨੂੰ ਮਦਦ ਵੀ ਪ੍ਰਭਾਵਿਤ ਹੋਵੇਗੀ। ਇਸ ਯੋਜਨਾ ਤਹਿਤ ਹੁਣ ਤੱਕ 2.6 ਕਰੋੜ ਲੋਕਾਂ ਦੀ ਜਾਨ ਬਚਾਈ ਗਈ।

ਟਰੰਪ ਵੱਲੋਂ ਨਿੱਤ-ਦਿਹਾੜੇ ਕੀਤੇ ਜਾ ਰਹੇ ਐਲਾਨ ਅਤੇ ਵਾਅਦੇ ਦੇਸ਼ ਨੂੰ ਅਰਾਜਕਤਾ ਵੱਲ ਧੱਕਣ ਦਾ ਕਾਰਨ ਬਣਨਗੇ। ਅਮਰੀਕਾ ਵੱਲੋਂ ਵੱਖੋ-ਵੱਖਰੇ ਦੇਸ਼ਾਂ ਨੂੰ ਉਹਨਾਂ ਵੱਲੋਂ ਦਿੱਤੇ ਆਦੇਸ਼ਾਂ ਨੂੰ ਨਾ ਮੰਨਣ 'ਤੇ ਦਿੱਤੀਆਂ ਵੱਡੀਆਂ ਧਮਕੀਆਂ, ਅਮਰੀਕਾ ਦੇ ਦੋਸਤ ਦੇਸ਼ਾਂ ਨਾ਼ਲ ਸੰਬੰਧ ਵਿਗਾੜਨਗੀਆਂ ਅਤੇ ਇਹ ਦੇਸ਼ ਕਿਸੇ ਹੋਰ ਦੇਸ਼ ਨਾ਼ਲ ਆਪਣੀ ਸਾਂਝ ਵਧਾਉਣ ਲਈ ਅੱਗੇ ਆਉਣਗੇ। ਭਾਰਤ ਤੇ ਅਮਰੀਕਾ ਦੇ ਸੰਬੰਧ ਸੁਖਾਵੇਂ ਹਨ, ਪਰ ਟਰੰਪ ਵੱਲੋਂ ਮੌਜੂਦਾ ਸਮੇਂ ਭਾਰਤ ਨਾ਼ਲ ਭੈੜਾ ਵਿਵਹਾਰ ਦੋਹਾਂ ਦੇਸ਼ਾਂ ਦੇ ਆਪਸੀ ਵਪਾਰ ਅਤੇ ਸੰਬੰਧਾਂ 'ਤੇ ਅਸਰ ਪਾਏਗਾ। ਭਾਰਤ, ਚੀਨ ਅਤੇ ਬ੍ਰਾਜ਼ੀਲ ਉੱਤੇ 100 ਫ਼ੀਸਦੀ ਟੈਕਸ ਲਗਾਉਣ ਦੀਆਂ ਖ਼ਬਰਾਂ ਵੀ ਹਨ। ਟਰੰਪ ਦੇ ਨਿਸ਼ਾਨੇ ਉਤੇ ਚੀਨ ਅਤੇ ਰੂਸ ਤੋਂ ਵੀ ਪਹਿਲਾਂ ਗੁਆਂਢੀ ਮੁਲਕ ਕੈਨੇਡਾ ਅਤੇ ਮੈਕਸੀਕੋ ਹਨ। ਇਹਨਾਂ ਦੋਨਾਂ ਦੇਸ਼ਾਂ ਨਾਲ ਅਮਰੀਕਾ ਦਾ ਵਪਾਰ ਇੱਕ ਟ੍ਰਿਲੀਅਨ ਡਾਲਰ ਹੈ। ਟਰੰਪ ਦਾ ਕਹਿਣਾ ਹੈ ਕਿ ਇਹ ਦੋਵੇਂ ਮੁਲਕ ਉਸਦੀ ਉਦਾਰਤਾ ਦਾ ਲਾਭ ਲੈ ਰਹੇ ਹਨ। ਉਸਨੇ ਇਹਨਾਂ ਮੁਲਕਾਂ ਨੂੰ ਧਮਕੀ ਦਿੱਤੀ ਹੈ ਕਿ ਜੇਕਰ ਉਹ ਬਾਜ ਨਾ ਆਏ ਤਾਂ ਅਮਰੀਕਾ ਟੈਕਸ ਟੈਰਿਫ ਵਧਾ ਦੇਵੇਗਾ।

ਡੋਨਾਲਡ ਟਰੰਪ ਸਹੁੰ ਚੁੱਕਣ ਤੋਂ ਬਾਅਦ ਸੈਨਾ ਦੇ ਕਮਾਂਡਰ-ਇਨ-ਚੀਫ਼ ਸਵਾਗਤ ਸਮਾਰੋਹ 'ਚ ਤਲਵਾਰ ਲੈ ਕੇ ਨੱਚਦੇ ਨਜ਼ਰ ਆਏ। ਉਹਨਾਂ ਤਲਵਾਰ ਨਾਲ ਕੇਕ ਕੱਟਿਆ। ਉਹਨਾਂ ਦਾ ਇਹ ਰੂਪ-ਸਰੂਪ ਨਾਜ਼ੀ ਸਰੂਪ ਦਾ ਪ੍ਰਤੀਕ ਜਾਪ ਰਿਹਾ ਹੈ। ਇਹ ਉਹਨਾਂ ਦਾ ਸਵਾਰਥੀ ਸਰੂਪ ਵੀ ਹੈ। ਟਰੰਪ ਅਮਰੀਕਾ ਨੂੰ ਗ੍ਰੇਟ ਬਣਾਉਣ ਦੇ ਚੱਕਰ 'ਚ ਆਪਣਾ ਅਕਸ ਵੱਡਾ ਕਰਨ ਦੀ ਤਾਕ 'ਚ ਹੈ।

ਜਿਵੇਂ ਭਾਰਤੀ ਲੋਕਤੰਤਰ 'ਚ ਨਰੇਂਦਰ ਮੋਦੀ ਭਾਜਪਾ ਆਰ.ਐੱਸ.ਐੱਸ. ਦੀ ਛਤਰ-ਛਾਇਆ 'ਚ ਦੇਸ਼ ਵਿੱਚ ਰਾਜਾਸ਼ਾਹੀ ਲਿਆਉਣ ਦੀ ਤਾਕ ਵਿੱਚ ਹੈ ਅਤੇ ਜਿਵੇਂ ਲੋਕਤੰਤਰ ਦੇ ਪਰਦੇ ਹੇਠ ਵਲਾਦੀਮੀਰ ਪੁਤਿਨ ਨੇ ਰੂਸ 'ਚ ਤਾਨਾਸ਼ਾਹੀ ਹਕੂਮਤ ਕਾਇਮ ਕਰ ਦਿੱਤੀ ਹੈ, ਉਵੇਂ ਹੀ ਰਾਸ਼ਟਰਪਤੀ ਡੋਨਾਲਡ ਟਰੰਪ ਜੋ ਰਾਸ਼ਟਰਵਾਦ ਦਾ ਅਮਰੀਕਾ ਵਿੱਚ ਨਵਾਂ ਅਧਿਆਏ ਲਿਖ ਰਿਹਾ ਹੈ, ਆਪਣੇ ਕੌਤਕੀ ਸੁਭਾਅ ਨਾ਼ਲ ਆਪਣਾ ਸਖਸ਼ੀ ਉਭਾਰ ਕਰਕੇ ਦੁਨੀਆ 'ਚ ਇੱਕ ਡਿਕਟੇਟਰ ਵਜੋਂ ਆਪਣਾ ਨਾਂ ਪੈਦਾ ਕਰਨ ਦੇ ਯਤਨ 'ਚ ਹੈ। ਇਹ ਲੋਕਤੰਤਰ ਅਮਰੀਕਾ ਲਈ ਹੀ ਘਾਤਕ ਨਹੀਂ ਹੈ, ਸਗੋਂ ਸਮੁੱਚੀ ਦੁਨੀਆਂ ਲਈ ਖ਼ਤਰੇ ਦੀ ਘੰਟੀ ਹੈ।

## ਕਿੰਨੇ ਹੀ ਰੰਗ

ਲਾਲ ਨੀਲੇ ਹਰੇ ਅਤੇ ਪੀਲੇ ਕਿੰਨੇ ਹੀ ਹਨ ਰੰਗ
ਅਸਮਾਨ 'ਤੇ ਉੱਡਦੇ ਦੇਖੋ ਕਿੰਨੇ ਸੋਹਣੇ ਪਤੰਗ

ਚਾਈਨਾ ਡੋਰ ਦੀਆਂ ਖ਼ਬਰਾਂ ਸੁਣ ਕੇ ਰਹਿ ਜਾਈਦਾ ਦੰਗ
ਮਨੁੱਖੀ ਸਰੀਰ ਦਾ ਕੱਟ ਸਕਦੀ ਇਹ ਡੋਰ ਕੋਈ ਵੀ ਅੰਗ

ਬਸੰਤ ਪੰਚਮੀ 'ਤੇ ਹੋ ਰਹੀ ਹੈ ਪਤੰਗਾਂ ਨਾਲ ਹੀ ਜੰਗ
ਪੰਛੀ ਵੀ ਇਸ ਡੋਰ ਵਿੱਚ ਫਸ ਕੇ ਹੋ ਜਾਂਦੇ ਹਨ ਟੰਗ

ਪੈਰ ਫਸ ਜਾਣ ਜਿਸ ਜਾਨਵਰ ਦੇ ਉਹ ਤੁਰਦਾ ਮਾਰ ਕੇ ਲੰਗ
ਸੱਚ ਤਾਂ ਇਹ ਹੈ ਕਿ ਇਸ ਡੋਰ ਤੋਂ ਸਾਰੇ ਹੀ ਹਨ ਤੰਗ

ਚਾਈਨਾ ਤੋਂ ਇਹ ਡੋਰ ਮੰਗਾਉਣ ਦੀ ਕੌਣ ਹੈ ਕਰਦਾ ਮੰਗ
ਟੇਰਕਿਆਨਾ ਵਪਾਰੀਆਂ ਨੂੰ ਵੀ ਆਉਂਦੀ ਕਿਉਂ ਨਹੀਂ ਸੰਗ

**ਰਘਵੀਰ ਸਿੰਘ ਟੇਰਕਿਆਨਾ**
**91-98141-73402**

# ਸਾਹਿਤਕਾਰ/ਇਤਿਹਾਸਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਪੁਸਤਕ 'ਤੇ ਹੋਈ ਗੋਸ਼ਟੀ



**ਯੂਨੀਅਨ ਸਿਟੀ–** ਗਿੰਨੀ ਯਾਦਗਾਰੀ ਸਾਹਿਤਕ ਮੰਚ ਅਮਰੀਕਾ ਵੱਲੋਂ ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਇਤਿਹਾਸ ਦੀ ਪੁਸਤਕ ''ਚਾਨਣ ਇਤਿਹਾਸ ਦਾ'' ਤੇ ਭਰਪੂਰ ਗੋਸ਼ਟੀ ਹੋਈ। ਪ੍ਰਧਾਨਗੀ ਮੰਡਲ ਵਿਚ ਸ਼ਾਮਲ ਸਨ ਡਾ. ਯਗਿਆਵਲਦ ਕਪਿਲਾ, ਗੁਰਚਰਨ ਸਿੰਘ ਮਾਨ ਅਤੇ ਮਾਈਕ ਵਾਲਡਮੈਨ। ਪ੍ਰਵਾਨਾ ਵੱਲੋਂ ਪੁਸਤਕ ਤੇ ਰੋਸ਼ਨੀ ਪਾਈ ਗਈ ਕਿ ਇਹ ਕਿਤਾਬ ਜਾਣਕਾਰੀ ਭਰਪੂਰ ਹੈ। ਪ੍ਰਧਾਨਗੀ ਮੰਡਲ ਵੱਲੋਂ ਪੁਸਤਕ ਲੋਕ ਅਰਪਣ ਕੀਤੀ ਗਈ। ਪੁਸਤਕ ਤੇ ਵਿਚਾਰ ਰੱਖਣ ਵਾਲਿਆਂ ਵਿਚ ਡਾ. ਕਪਿਲਾ, ਗੁਰਚਰਨ ਸਿੰਘ ਮਾਨ, ਇਕਬਾਲ ਸਿੰਘ, ਮਾਈਕ ਵਾਲਡਮੈਨ, ਐਸਿਲ ਵੋ ਜੋਨਸ, ਹਰਜੀਤ ਸਿੰਘ ਰੰਧਾਵਾ, ਪ੍ਰੀਤਮ ਸਿੰਘ, ਅਵਤਾਰ ਸਿੰਘ, ਮਿਸ਼ਨਰੀ ਬੀਬੀ ਹਰਸਿਮਰ ਕੌਰ ਆਦਿ। ਸਰੋਤਿਆਂ ਵਿਚ ਬੀਬ ਤ੍ਰਿਪਤ ਕੌਰ, ਬੀਬੀ ਪ੍ਰਮਿੰਦਰ ਕੌਰ, ਡਾ. ਕਿਰਨ ਕਪਿਲਾ, ਕਮਲਜੀਤ ਸਿੰਘ ਅਟਵਾਲ, ਕੇਵਲ ਸਿੰਘ ਲਾਂਬਾ, ਬੀਬੀ ਇੰਦਰਜੀਤ ਕੌਰ, ਬੀਬੀ ਜਗਦੀਸ਼ ਕੌਰ ਰੰਧਾਵਾ ਅਤੇ ਰਾਜਿੰਦਰ ਸਿੰਘ ਆਦਿ ਸ਼ਾਮਲ ਸਨ।

# ਵੱਡਾ ਘੱਲੂਘਾਰਾ ਕੁੱਪ ਰੋਹੀੜਾ ਦਿਵਸ 'ਤੇ ਵਿਸ਼ੇਸ਼



ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060

ਪ੍ਰਿਸੀਪਲ ਸਤਿਬੀਰ ਸਿੰਘ ਨੇ ਆਪਣੀ ਪੁਸਤਕ ਸਿੱਖ ਇਤਿਹਾਸ ਭਾਗ ਪਹਿਲਾ ਦੇ ਪੰਨਾ 239 ਤੋਂ 246 ਤੀਕ ਵੱਡੇ ਘੱਲੂਘਾਰੇ 'ਤੇ ਬੜੇ ਵਿਸਥਾਰ 'ਤੇ ਚਾਨਣਾ ਪਾਇਆ ਹੈ। ਅਹਿਮਦ ਸ਼ਾਹ ਅਬਦਾਲੀ ਨੇ 1748 ਤੋਂ ਲੈ ਕੇ 1761 ਤੱਕ ਪੰਜ ਹਮਲੇ ਹਿੰਦੁਸਤਾਨ 'ਤੇ ਕੀਤੇ ਸਨ। ਪੰਜਵਾਂ ਹਮਲਾ ਨਿਰੋਲ ਮਰਹੱਟਿਆਂ ਦੇ ਵਿਰੁੱਧ ਸੀ। ਅਬਦਾਲੀ ਨੇ ਪਾਨੀਪਤ ਦੀ ਤੀਜੀ ਜੰਗ ਵਿੱਚ ਮਰਹੱਟਿਆਂ ਨੂੰ ਤਕੜੀ ਹਾਰ ਦਿੱਤੀ। 13 ਜਨਵਰੀ 1761 ਨੂੰ ਮਰਹੱਟਿਆਂ ਨੂੰ ਹਰਾਉਣ ਉਪਰੰਤ ਅਬਦਾਲੀ ਮਾਰਚ ਦੇ ਮਹੀਨੇ ਵਾਪਸ ਮੁੜ ਪਿਆ। ਜਦ ਉਹ ਵਾਪਸ ਮੁੜ ਰਿਹਾ ਸੀ ਤਾਂ ਸਿੱਖਾਂ ਨੇ ਅਬਦਾਲੀ ਕੋਲੋਂ ਖੂਬ ਹਿੱਸਾ ਵੰਡਾਇਆ। ਇੱਕ ਕਥਨ ਅਨੁਸਾਰ ਅਟਕ ਤਕ ਉਸ ਦਾ ਪਿੱਛਾ ਕੀਤਾ। ਉਸ ਨੇ ਐਲਾਨੀਆਂ ਕਿਹਾ ਕਿ ਹੁਣ ਸਿੱਖਾਂ ਨੂੰ ਦਬਾ ਕੇ ਹੀ ਆਰਾਮ ਕਰਾਂਗਾ। ਉਹ ਨਹੀਂ ਸੀ ਜਾਣਦਾ ਕਿ ਸਿੱਖ ਕੌਮ ਨੂੰ ਕੋਈ ਹਰਾ ਨਹੀਂ ਸਕਦਾ।

ਪੰਜਾਬ ਦੇ ਕਬਜ਼ੇ ਲਈ ਹੁਣ ਦੋ ਤਾਕਤਾਂ-ਸਿੱਖ ਅਤੇ ਅਫ਼ਗਾਨ ਲੜ ਰਹੀਆਂ ਸਨ। ਬਾਕੀ ਸਭ ਤਾਕਤਾਂ ਜਾਂ ਮੁੱਕ ਗਈਆਂ ਸਨ ਜਾਂ ਬਲਹੀਨ ਹੋ ਗਈਆਂ ਸਨ। ਸਿੱਖ 1762 ਵਿੱਚ ਪੰਜਾਬ ਦੇ ਅਮਲੀ ਤੌਰ ਉੱਤੇ ਮਾਲਕ ਸਨ। ਅਬਦਾਲੀ ਦੇ ਨਿਯਤ ਕੀਤੇ ਗਵਰਨਰ ਖ਼ਵਾਜ਼ਾ ਮਿਰਜ਼ਾ ਖ਼ਾਨ ਚਹਾਰ ਮਹੱਲ ਵਾਲਾ, ਆਬਿਦ ਖ਼ਾਨ (ਲਾਹੌਰ), ਸਾਦਤ ਖ਼ਾਨ ਤੇ ਸਾਦਕ ਖ਼ਾਨ ਅਫ਼ਰੀਦੀ, ਸਿੱਖਾਂ ਦੀ ਵਧਦੀ ਤਾਕਤ ਨੂੰ ਰੋਕ ਨਾ ਪਾ ਸਕੇ। ਅਹਿਮਦ ਸ਼ਾਹ ਅਬਦਾਲੀ ਨੇ ਨੂਰ-ਉਦ-ਦੀਨ ਨੂੰ ਮਾਰ ਕੇ ਨਸਾ ਦਿੱਤਾ। ਲਾਹੌਰ ਦਾ ਗਵਰਨਰ ਆਬਿਦ ਖ਼ਾਨ ਵੀ ਛੱਡ ਕੇ ਨੱਸ ਗਿਆ। ਸਿੱਖਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਹੇਠਾਂ ਲਾਹੌਰ 'ਤੇ ਕਬਜ਼ਾ ਕੀਤਾ ਤੇ ਆਕਲਦਾਸ ਨੇ ਅਬਦਾਲੀ ਨੂੰ ਹਮਲਾ ਕਰਨ ਲਈ ਪ੍ਰੇਰਿਆ। ਸਿੱਖਾਂ ਨੂੰ ਸੂਹ ਮਿਲ ਗਈ। ਸਿੱਖਾਂ ਨੇ ਸਾਰਾ ਧਿਆਨ ਆਪਣੇ ਟੱਬਰਾਂ ਨੂੰ ਸੁਰੱਖਿਅਤ ਥਾਂ ਉੱਤੇ ਪਹੁੰਚਾਣ ਵੱਲ ਲਗਾ ਦਿੱਤਾ ਅਤੇ ਸਾਰੇ ਮਲੇਰ ਕੋਟਲੇ ਵਿੱਚ ਇਕੱਠੇ ਹੋਣੇ ਸ਼ੁਰੂ ਹੋਏ।

ਅਹਿਮਦ ਸ਼ਾਹ 3 ਫਰਵਰੀ ਨੂੰ ਅੰਦਾਜ਼ਿਆਂ ਦੇ ਉਲਟ ਲਾਹੌਰ ਪੁੱਜ ਗਿਆ। ਸਿੱਖਾਂ ਦੇ ਅੰਦਾਜ਼ੇ ਮੁਤਾਬਿਕ ਘੱਟ ਤੋਂ ਘੱਟ ਉਸ ਨੂੰ ਲਾਹੌਰ ਪੁੱਜਦਿਆਂ ਦਸ ਦਿਨ ਲੱਗ ਜਾਣੇ ਸਨ। ਸਿੱਖਾਂ ਦਾ ਯਕੀਨ ਸੀ ਕਿ ਟੱਬਰਾਂ ਨੂੰ ਸੁਰੱਖਿਅਤ ਥਾਂ ਉੱਤੇ ਪਹੁੰਚਾ ਕੇ ਉਹ ਵਾਪਸ ਮੁੜ ਕੇ ਲੜਨ ਲਈ ਤਿਆਰ ਹੋ ਸਕਣਗੇ, ਪਰ ਸਿੱਖਾਂ ਦੀ ਹੈਰਾਨੀ ਦੀ ਹੱਦ ਹੀ ਨਾ ਰਹੀ ਜਦ 5 ਫਰਵਰੀ ਨੂੰ ਕਾਸਮ ਖ਼ਾਨ ਨੂੰ ਹਮਲਾ ਕਰਦੇ ਡਿੱਠਾ। ਅਬਦਾਲੀ ਨੂੰ ਜਿੱਤ ਦਾ ਏਨਾ ਯਕੀਨ ਸੀ ਕਿ ਸ਼ਾਹ ਵਲੀ ਖ਼ਾਨ ਨੂੰ ਜਦ ਰਾਜਾ ਹਰਿ ਸਹਾਇ ਨੇ ਇਮਦਾਦ ਲਈ ਲਿਖਿਆ ਤਾਂ ਉਸ ਨੇ ਉੱਤਰ ਦਿੱਤਾ ਸੀ ਕਿ ਸਿੱਖਾਂ ਦੀ ਜੜ੍ਹ ਮੁਕਾ ਕੇ ਕੁਝ ਚਿਰ ਸਰਹੰਦ ਸ਼ਿਕਾਰ ਖੇਡੇਗਾ। ਜਿਥੇ ਸਿੰਘਾਂ ਦੇ ਟੱਬਰ ਟਿਕਦੇ ਨੇਜ਼ਿਆਂ 'ਤੇ ਵਸਤਰ ਟੰਗ ਬੈਰਕਾਂ ਬਣਾ ਲੈਂਦੇ। ਰਾਹ ਭਾਈ ਸੰਗੂ ਸਿੰਘ ਜੀ, ਬਾਬਾ ਆਲਾ ਸਿੰਘ ਦੇ ਭੇਜੇ ਕੋਤਵਾਲ ਬਾਈ ਸਖੂ ਸਿੰਘ ਜੀ ਹੰਭਲਵਾਲ ਤੇ ਭਾਈਕੇ ਦੇ ਭਾਈ ਬੁੱਢਾ ਸਿੰਘ (ਕੈਥਲ) ਦੱਸ ਰਹੇ ਸਨ। ਗੁਰੂ ਗ੍ਰੰਥ ਸਾਹਿਬ ਦੀਆਂ ਦੋਵੇਂ ਬੀੜਾਂ ਦਮਦਮੀ ਤੇ ਅੰਮ੍ਰਿਤਸਰੀ ਨਾਲ ਸਨ।

ਗਿਆਨੀ ਗਿਆਨ ਸਿਘ ਦੇ ਕਥਨ ਅਨੁਸਾਰ ਸਵੇਰ ਦਾ ਸਮਾਂ ਸੀ। ਸਿੰਘ ਅਜੇ ਤਿਆਰ ਵੀ ਨਹੀਂ ਸਨ ਹੋਏ। ਅਬਦਾਲੀ ਨੇ ਘੇਰਾ ਘੱਤ ਲਿਆ। ਅਬਦਾਲੀ ਦੀਆਂ ਫੌਜਾਂ ਨੇ ਪੁਜਦੇ ਸਾਰ ਹੀ ਕਤਲਿ-ਆਮ ਅਰੰਭ ਦਿੱਤਾ। ਸਿੰਘਾਂ ਨੇ ਝਟਪਟ ਤਿਆਰੇ ਕਰ ਲਏ। ਭਾਵੇਂ ਹਮਲਾ ਅਚਨਚੇਤ ਸੀ, ਪਰ ਸਿੱਖਾਂ ਨੇ ਡਟ ਕੇ ਮੁਕਾਬਲਾ ਕਰਨ ਦੀ ਠਾਣੀ। ਪਹਿਲੇ ਹੱਲੇ ਵਿੱਚ ਹਜ਼ਾਰਾਂ ਸਿੰਘ ਸ਼ਹੀਦ ਹੋ ਗਏ। ਟੱਬਰਾਂ ਨੂੰ ਬਚਾਉਣ ਲਈ ਸਿੱਖਾਂ ਨੇ ਵਿਚਾਰ ਬਣਾਈ ਅਤੇ ਨਾਲ ਹੀ ਉਸੇ ਪਲ ਟੱਬਰਾਂ ਦਾ ਖ਼ਿਆਲ ਆਇਆ। ਉਹ ਸਾਰੇ ਬੇਦੋਸ਼ੇ ਸ਼ਹੀਦ ਕਰ ਦਿੱਤੇ ਜਾਣਗੇ। ਸੋ ਜਲਦੀ ਵਿੱਚ ਹੀ ਇਹ ਫ਼ੈਸਲਾ ਹੋਇਆ ਕਿ ਵਹੀਰਾਂ ਦੇ ਇਰਦ ਗਿਰਦ ਚੌਖਟਾ (ਗੋਲ ਕਿਲ੍ਹਾ) ਬਣਾ ਕੇ ਦੁਸ਼ਮਣਾਂ ਦਾ ਮੁਕਾਬਲਾ ਕੀਤਾ ਜਾਏ। ਸਰਦਾਰ ਜੱਸਾ ਸਿੰਘ ਨੇ ਕਮਾਨ ਆਪਣੇ ਹੱਥ ਸੰਭਾਲ ਲਈ। ਸਰਦਾਰ ਸ਼ਾਮ ਸਿੰਘ ਦਾ ਜੱਥਾ ਵੀ ਨਾਲ ਸੀ। ਅਜੇ ਤਿੰਨ ਮੀਲ ਹੀ ਪੈਂਡਾ ਕੀਤਾ ਸੀ ਕਿ ਭੀਖਨ ਖ਼ਾਨ, ਜ਼ੈਨ ਖ਼ਾਨ ਅਤੇ ਸ਼ਾਹ ਵਲੀ ਖ਼ਾਨ ਆ ਪਏ। ਉਹ ਗੋਲ ਕਿਲ੍ਹਾ ਤੋੜਨ ਵਿੱਚ ਕਾਮਯਾਬ ਨਾ ਹੋ ਸਕੇ। ਸਿੱਖ ਫੌਜੀਆਂ ਨੇ ਇੱਕ ਜ਼ਿੰਦਾ ਮਨੁੱਖਾਂ ਦੀ ਦੀਵਾਰ ਖੜੀ ਕਰ ਦਿੱਤੀ। ਦਸਤੇ ਅਬਦਾਲੀ ਦੀ ਫ਼ੌਜ ਦਾ ਟਾਕਰਾ ਕਰਦੇ ਰਹੇ ਤੇ ਵਹੀਰ ਬਰਨਾਲਾ ਵੱਲ ਵੱਧਦਾ ਗਿਆ। ਜ਼ੈਨ ਖ਼ਾਨ ਤੋਂ ਵਹੀਰ ਬਹੁਤ ਦੂਰ ਚਲਾ ਗਿਆ। ਇਸ ਤਰ੍ਹਾਂ ਤੁਰਦੇ ਮੁਕਾਬਲਾ ਕਰਦੇ ਸਿੱਖਾਂ ਦਾ ਜਾਨੀ ਨੁਕਸਾਨ ਬਹੁਤ ਜ਼ਿਆਦਾ ਹੋ ਰਿਹਾ ਸੀ, ਪਰ ਸਿੰਘ ਡਟਕੇ ਹਮਲੇ ਕਰ ਰਹੇ ਸਨ।

ਜਦ ਸਿੰਘ ਡਟ ਕੇ ਲੜੇ ਤਾਂ ਅਬਦਾਲੀ ਦੀਆਂ ਫੌਜਾਂ ਵੀ ਘਾਬਰ ਕੇ 'ਤੋਬਾ ਤੇ ਅੱਲਾ' ਕਰਨ ਲੱਗ ਪਈਆਂ। ਸਿੰਘ ਵਹੀਰ ਦੀ ਰਾਖੀ ਇਸ ਤਰ੍ਹਾਂ ਕਰ ਰਹੇ ਸਨ ਜਿਵੇਂ ਕੁਕੜੀ ਆਪਣੇ ਬੱਚਿਆਂ ਦੀ, ਖੰਭ ਖਿਲਾਰ ਕੇ ਰਾਖੀ ਕਰਦੀ ਹੈ। ਅਹਿਮਦ ਸ਼ਾਹ ਤੇ ਉਸ ਦੇ ਜਰਨੈਲ ਇਸ ਪ੍ਰਕਾਰ ਦੀ ਲੜਾਈ ਨੂੰ ਦਖ ਹੈਰਾਨ ਹੋ ਰਹੇ ਸਨ।

ਅਹਿਮਦ ਸ਼ਾਹ ਨੇ ਵਲੀ ਖ਼ਾਨ, ਭੀਖਨ ਖ਼ਾਨ ਮਲੇਰ ਕੋਟਲੇ ਵਾਲੇ ਅਤੇ ਜ਼ੈਨ ਖ਼ਾਨ ਨੂੰ ਤਕੜੇ ਹੋ ਕੇ ਹਮਲਾ ਕਰਨ ਲਈ ਪ੍ਰੇਰਿਆ। 48 ਹਜ਼ਾਰ ਫੌਜ ਵਿੱਚੋਂ ਅੱਠ ਹਜ਼ਾਰ ਫੌਜੀ ਵੱਖ ਕਰ ਲਏ ਤੇ ਜਮ ਕੇ ਹਮਲਾ ਕੀਤਾ। ਵਹੀਰ ਤੇ 'ਦਲ ਖ਼ਾਲਸਾ' ਵੱਖ ਕਰਨ ਵਿੱਚ ਅਬਦਾਲੀ ਸਫ਼ਲ ਹੋ ਗਿਆ। ਇਸ ਹਮਲੇ ਵਿੱਚ ਸਿੰਘਾਂ ਦੇ ਪੈਰ ਉੱਖੜੇ ਤੇ ਕਿਤਨੇ ਹੀ ਸਿੰਘ ਸ਼ਹੀਦ ਹੋ ਗਏ। ਸਿੱਖ ਸਰਦਾਰਾਂ ਤੇ ਜੱਥਿਆਂ ਦੀ ਵਾੜ ਇਸ ਹਮਲੇ ਨੇ ਤੋੜ ਦਿੱਤੀ। ਟੱਬਰਾਂ ਦੇ ਟੱਬਰ ਮਾਰੇ ਗਏ। ਵਹੀਰ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ। ਹੁਣ ਅਬਦਾਲੀ ਦੀ ਇਹ ਖ਼ਾਹਿਸ਼ ਲੱਗਦੀ ਸੀ ਕਿ ਵਹੀਰ ਦੇ ਐਨ ਵਿਚਕਾਰ ਪੁੱਜ ਕੇ ਇਤਨਾ ਵੱਡਾ ਕਤਲਿਆਮ ਕੀਤਾ ਜਾਏ ਕਿ ਫੇਰ ਸਿੱਖ ਉਠਣ ਜੋਗੇ ਨਾ ਰਹਿਣ। ਅਬਦਾਲੀ ਦੀ ਚਾਲ ਸਮਝ ਕੇ ਸਿੱਖਾਂ ਦੀ ਜਥੇਬੰਦੀ ਪੱਕੀ ਕਰ ਲਈ। ਸਾਰੇ ਜਥੇ, ਭੰਗੀ, ਘਨੱਈਏ, ਸ਼ੁਕਰਚਕੀਏ, ਡਲੇਵਾਲੀਏ, ਸ਼ਹੀਦ, ਕਰੋੜੀਏ, ਰਾਮਗੜ੍ਹੀਏ, ਨਿਸ਼ਾਨਵਾਲੀਏ ਸਰਦਾਰ ਇਕੱਠੇ ਹੋ ਗਏ ਅਤੇ ਨਵੀਂ ਵਿਉਂਤ ਨਾਲ ਲੜਨ ਲੱਗੇ। ਅਚਾਨਕ ਹਮਲੇ 'ਤੇ ਫਿਰ ਲਗਾਤਾਰ ਹਮਲਿਆਂ ਵਿਚਕਾਰ ਜਿਸ ਤਰ੍ਹਾਂ ਸਿੱਖ ਸਰਦਾਰਾਂ ਨੇ ਆਪਣੇ ਆਪ ਨੂੰ ਬਚਾਇਆ, ਉਹ ਜੰਗੀ ਇਤਿਹਾਸ ਵਿੱਚ ਇੱਕ ਅਮਿੱਟ ਯਾਦਗਾਰ ਹੈ। ਜਿਸ ਪਾਸੇ ਸਿੰਘ ਦੌੜ ਕੇ ਪੈਂਦੇ ਸਨ ਉਸ ਪਾਸਿਉਂ ਦੁਸ਼ਮਣਾਂ ਦਾ ਤਕਰੀਬਨ ਖ਼ਾਤਮਾ ਹੀ ਹੋ ਜਾਂਦਾ ਸੀ।

ਸਰਦਾਰ ਜੱਸਾ ਸਿੰਘ ਆਹਲੂਵਾਲੀਏ, ਸਰਦਾਰ ਸਿਆਮ ਸਿੰਘ ਅਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਏ ਨੇ ਤਗੜੇ ਹੱਥ ਦਿਖਾਏ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤਾਂ ਕਈ ਵਾਰ ਮੌਤ ਦੇ ਮੂੰਹ ਤੋਂ ਮਸਾਂ ਬਚੇ। ਆਪ ਨੂੰ ਲਹੂ-ਲੁਹਾਨ ਦੇਖ ਕੇ ਅੰਗ-ਪਾਲਕ ਭਾਈ ਗੁਰਮੁਖ ਸਿੰਘ ਨੇ ਘੋੜੇ ਨੂੰ ਅੱਡੀ ਲਗਾ ਕੇ ਪਾਸੇ ਕਰਾਉਣ ਲਈ ਚਾਬਕ ਚੁੱਕਿਆ ਹੀ ਸੀ ਕਿ ਜੁਰਅੱਤ ਦੀ ਮੂਰਤ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਉੱਚੀ ਆਵਾਜ਼ ਦੇ ਕੇ ਕਿਹਾ "ਐਸੇ ਜੀਵਨ ਨਾਲੋਂ ਮਰਨਾ ਚੰਗਾ ਹੈ"। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਸਰੀਰ 'ਤੇ 22 ਜ਼ਖ਼ਮਾਂ ਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਏ ਨੂੰ 19 ਜ਼ਖ਼ਮ ਆਏ। ਸਰਦਾਰ ਜੱਸਾ ਸਿੰਘ ਲਹੂ ਲੁਹਾਨ ਹੋਏ ਲੜ ਰਹੇ ਸਨ। ਕਹਿੰਦੇ ਹਨ ਕਿਸੇ ਸਰਦਾਰ ਚੜ੍ਹਤ ਸਿੰਘ ਨੂੰ ਕਿਹਾ ਕਿ ਤੂੰ ਤਾਂ ਕਹਿੰਦਾ ਸੈਂ ਕਿ ਅਬਦਾਲੀ ਦਾ ਸਿੱਧਾ ਟਾਕਰਾ ਕਰਾਂਗਾ। ਹੁਣ ਇੱਥੇ ਕੀ ਕਰਦਾ ਹੈਂ! ਇਤਨਾ ਸੁਣਦੇ ਹੀ ਉਨ੍ਹਾਂ ਘੋੜਾ ਅਬਦਾਲੀ ਵੱਧ ਵਧਾ ਦਿੱਤਾ। ਸਰਦਾਰ ਚੜ੍ਹਤ ਸਿੰਘ ਨੇ ਜਿਸ ਬਹਾਦਰੀ ਨਾਲ ਵਹੀਰ ਦੇ ਅਨੇਕ ਸਿੱਖਾਂ ਨੂੰ ਬਚਾਇਆ, ਉਸ ਦੀ ਸਾਰੇ ਪੰਥ ਨੇ ਉਪਮਾ ਤੇ ਵਡਿਆਈ ਕੀਤੀ। ਜਦ ਘੋੜਾ ਥੱਕ ਜਾਂਦਾ, ਸਰਦਾਰ ਚੜ੍ਹਤ ਸਿੰਘ ਜੀ ਨਵਾਂ ਬਦਲ ਲੈਂਦੇ। ਪੰਜ ਘੋੜੇ ਸਦਾ ਨਾਲ ਰੱਖਦੇ। ਜਿੱਥੇ ਵੀ ਲਲਕਾਰ ਪੈਂਦੀ, ਸੁਣ ਕੇ ਫੱਟ ਘੋੜਾ ਦੁੜਾ ਉੱਥੇ ਪੁੱਜਦੇ। ਕਿਸੇ ਜ਼ਖ਼ਮੀ ਨੂੰ ਬੇਲੇ 'ਤੇ ਪਾ ਆਉਂਦੇ, ਕਿਸੇ ਫੱਟੜ ਸਿੰਘ ਨੂੰ ਪਿੱਠ 'ਤੇ ਚੁੱਕ ਕੇ ਸੁਰੱਖਿਅਤ ਥਾਂ ਪਹੁੰਚਾ ਫਿਰ ਆ ਜੂਝਦੇ। ਕਿਸੇ ਸਿੰਘ ਨੂੰ ਚੰਗਾ ਹੱਥ ਦਿਖਾਂਦੇ ਦੇਖ ਹੱਲਾ-ਸ਼ੇਰੀ ਦੇ ਕੇ ਹੋਰ ਅੱਗੇ ਨਿਕਲ ਜਾਂਦੇ। ਬਸਤਰ ਸਾਰੇ ਲਹੂ ਨਾਲ ਭਰ ਗਏ ਸਨ। ਜਿਵੇਂ ਹੁਣੇ ਹੀ ਹੋਲੀ ਖੇਡ ਕੇ ਆਏ ਹੋਣ।




ਸਾਰੇ ਪੰਥ ਨੇ ਸਰਦਾਰ ਚੜ੍ਹਤ ਸਿੰਘ ਜੀ ਦੀ ਇਤਨੀ ਉਪਮਾ ਕੀਤੀ ਕਿ ਅਸੀਸਾਂ ਦੇਣ ਕਿ "ਪਾਤਸ਼ਾਹੀ ਕਰੈਂ, ਲਾਹੌਰ ਮਾਰੈਂ, ਮੁਲਤਾਨ ਕਬਜ਼ਾ ਆਵੈ। ਕਸ਼ਮੀਰ ਕਾਬਲ ਤੱਕ ਹੁਕਮ ਚਲੇ"।

ਦੁਰਾਨੀ ਵੀ ਪੂਰੇ ਜ਼ੋਰਾਂ ਨਾਲ ਹਮਲਾ ਕਰ ਰਹੇ ਸਨ। ਅਬਦਾਲੀ ਦੀਆਂ ਫੌਜਾਂ ਦਾ ਇੱਕੋ ਹੀ ਨਿਸ਼ਾਨਾ ਸੀ ਕਿ ਸਿੰਘਾਂ ਦੀ ਫੌਜ ਨੂੰ ਚੀਰ ਕੇ ਸਾਰੇ ਵਹੀਰ ਨੂੰ ਸ਼ਹੀਦ ਕਰ ਦਿੱਤਾ ਜਾਵੇ। ਇਸ ਦੌਰਾਨ ਵਿੱਚ ਵਹੀਰ ਪੰਜ ਕੁ ਮੀਲ ਚਲ ਚੁੱਕਿਆ ਸੀ।ਇਸ ਘੱਲੂਘਾਰੇ ਵਿੱਚ ਹੁਸੈਨ ਸ਼ਾਹੀ, ਤਾਰੀਖ਼ੇ ਅਹਿਮਦ, ਸੋਹਣ ਲਾਲ, ਅਲੀ-ਉਦ-ਦੀਨ ਤੇ ਭਾਈ ਰਤਨ ਸਿੰਘ ਦੇ ਕਥਨ ਅਨੁਸਾਰ ਤੀਹ ਹਜ਼ਾਰ ਸਿੰਘ ਸ਼ਹੀਦ ਹੋਏ।

ਇਸ ਸਾਰੀ ਘਟਨਾ ਨੂੰ ਸਿੱਖ ਇਤਿਹਾਸ ਵਿੱਚ ਵੱਡਾ ਘੱਲੂਘਾਰਾ ਆਖ ਕੇ ਯਾਦ ਕੀਤਾ ਜਾਂਦਾ ਹੈ। ਛੋਟਾ ਘੱਲੂਘਾਰਾ ਜੂਨ, 1746 ਨੂੰ ਯਾਹੀਆ ਖ਼ਾਨ ਤੇ ਲਖਪਤ ਰਾਇ ਨੇ ਕੀਤਾ ਸੀ। ਛੋਟੇ ਘੱਲੂਘਾਰੇ ਵਿੱਚ 10 ਹਜ਼ਾਰ ਦੇ ਕਰੀਬ ਸਿੰਘ ਸ਼ਹੀਦ ਹੋਏ ਸਨ। ਇਸ ਘੱਲੂਘਾਰੇ ਵਿੱਚ, ਇਤਿਹਾਸਕਾਰ ਹੁਸੈਨ ਸ਼ਾਹੀ, ਤਾਰੀਖ਼ੇ ਅਹਿਮਦ, ਸੋਹਣ ਲਾਲ, ਅਲੀ-ਉਦ-ਦੀਨ ਤੇ ਭਾਈ ਰਤਨ ਸਿੰਘ ਦੇ ਕਥਨ ਅਨੁਸਾਰ ਤੀਹ ਹਜ਼ਾਰ ਸਿੰਘ ਸ਼ਹੀਦ ਹੋਏ। ਸਿੱਖ ਕੌਮ ਉੱਤੇ ਇਹ ਇੱਕ ਨਾ ਮਿਟਣ ਵਾਲੀ ਸੱਟ ਸੀ। ਅੱਧੀ ਕੌਮ ਇੱਕ ਦਿਨ 'ਚ ਸ਼ਹੀਦ ਹੋ ਗਈ ਪਰ ਸੰਸਾਰ ਨੇ ਹੈਰਾਨੀ ਨਾਲ ਪੜ੍ਹਿਆ ਅਤੇ ਇਤਿਹਾਸਕਾਰਾਂ ਲਿਖਿਆ ਕਿ ਸਿੱਖ ਨਾ ਸਿਰਫ਼ ਚੜ੍ਹਦੀ ਕਲਾ ਵਿੱਚ ਰਹੇ ਸਗੋਂ ਸ਼ੁਕਰ ਕੀਤਾ।

# 62 ਵਾਂ ਆਲ ਇੰਡੀਆ ਪ੍ਰਿੰ.ਹਰਭਜਨ ਫੁੱਟਬਾਲ 14 ਫਰਵਰੀ ਤੋਂ 21 ਫਰਵਰੀ ਤਕ

## ਫੁੱਟਬਾਲ ਸੰਸਾਰ ਨੂੰ ਸਮਰਪਿਤ ਹੈ ਮਾਹਿਲਪੁਰ ਦਾ ਪ੍ਰਿੰ. ਹਰਭਜਨ ਸਿੰਘ ਸਪੋਰਟਿੰਗ ਕਲੱਬ

ਪ੍ਰਿੰ. ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਪਿਛਲੇ ਛੇ ਦਹਾਕਿਆਂ ਤੋਂ ਫੁੱਟਬਾਲ ਨੂੰ ਅਰਪਿਤ ਹੋ ਕੇ ਕਾਰਜ ਕਰ ਰਿਹਾ ਹੈ। ਸ਼ਾਇਦ ਇਹ ਪੰਜਾਬ ਦਾ ਸਭ ਤੋਂ ਪੁਰਾਣਾ ਫੁੱਟਬਾਲ ਕਲੱਬ ਹੈ ਜੋ ਹਰ ਸਾਲ ਸਲਾਨਾ ਟੂਰਨਾਮੈਂਟ ਤੋਂ ਇਲਾਵਾ ਲਗਭਗ ਸਾਰਾ ਸਾਲ ਫੁੱਟਬਾਲ ਗਤੀਵਿਧੀਆਂ ਵਿਚ ਜੁਟਿਆ ਰਹਿੰਦਾ ਹੈ। ਇਸ ਕਲੱਬ ਦੇ ਪ੍ਰਧਾਨ ਸ.ਕੁਲਵੰਤ ਸਿੰਘ ਸੰਘਾ ਅਤੇ ਬਾਕੀ ਮੈਂਬਰ ਵਧਾਈ ਦੇ ਪਾਤਰ ਹਨ ਜੋ ਦਿਨ ਰਾਤ ਇਹਨਾਂ ਕਾਰਜਾਂ ਨੂੰ ਸਫ਼ਲ ਬਨਾਉਣ ਵਿਚ ਜੁਟੇ ਹੋਏ ਹਨ। ਫੁੱਟਬਾਲ ਅਤੇ ਮਾਹਿਲਪੁਰ ਨੂੰ ਅਲੱਗ ਕਰਕੇ ਪੜ੍ਹਨਾ ਅਸੰਭਵ ਹੈ। ਪੂਰੀ ਦੁਨੀਆਂ ਵਿਚ ਮਾਹਿਲਪੁਰ ਨੂੰ ਫੁੱਟਬਾਲ ਦੀ ਧਰਤੀ ਵਜੋਂ ਹੀ ਜਾਣਿਆ ਜਾਂਦਾ ਹੈ। 20ਵੀਂ ਸਦੀ ਦੇ ਆਖਰੀ ਦਹਾਕੇ ਵਿਚ ਇਸਦੀ ਚਰਚਾ ਸ਼ੌਂਕੀਂ ਮੇਲੇ ਕਰਕੇ ਪੂਰੀ ਦੁਨੀਆਂ ਵਿਚ ਹੋਣ ਲੱਗ ਪਈ ਸੀ। ਅਜਕਲ ਇੰਡੀਆ ਬੁਕ ਆਫ ਰਿਕਾਰਡਜ਼ ਵਿਚ ਦਰਜ ਇਥੋਂ ਛਪਦੇ ਬਾਲ ਰਸਾਲੇ 'ਨਿੱਕੀਆਂ ਕਰੂੰਬਲਾਂ' ਕਰਕੇ ਵੀ ਮਾਹਿਲਪੁਰ ਦਾ ਨਾਂ ਬੜੇ ਅਦਬ ਨਾਲ ਲਿਆ ਜਾਂਦਾ ਹੈ ਕਿਉਂਕਿ ਪੂਰੇ ਪੰਜਾਬ ਵਿਚੋਂ ਬਾਲਾਂ ਲਈ ਛਪਣ ਵਾਲਾ ਨਿਜੀ ਖੇਤਰ ਦਾ ਇਹ ਇਕੋ ਇਕ ਪੰਜਾਬੀ ਰਸਾਲਾ ਹੈ। ਖਾਲਸਾ ਕਾਲਜ ਮਾਹਿਲਪੁਰ ਦੀਆਂ ਤਾਂ ਬਾਤਾਂ ਹੀ ਕਿਆ ਨੇ। ਇੱਥੋਂ ਦੀ ਪੈਦਾਇਸ਼ ਨੇ ਕੁੱਲ ਦੁਨੀਆਂ ਵਿਚ ਸ਼ਾਨਦਾਰ ਰੁਤਬੇ ਹਾਸਿਲ ਕਰਕੇ ਇਸ ਸੰਸਥਾ ਦੇ ਮਾਣ ਵਿਚ ਵਾਧਾ ਕੀਤਾ ਹੈ।

ਪ੍ਰਿੰਸੀਪਲ ਹਰਭਜਨ ਸਿੰਘ ਜੀ ਆਪਣੇ ਸਾਥੀ ਲਾਭ ਸਿੰਘ ਨਾਲ ਲਾਹੌਰ ਕਾਲਜ ਵਿਚ ਫੁੱਟਬਾਲ ਖੇਡਿਆ ਕਰਦੇ ਸਨ।ਇਸੇ ਪਿਆਰ ਅਤੇ ਲਗਨ ਨਾਲ ਉਹਨਾਂ ਨੇ ਇਹ ਬੂਟਾ ਮਾਹਿਲਪੁਰ ਵਿਚ ਲਾ ਦਿੱਤਾ। ਸੰਤ ਬਾਬਾ ਹਰੀ ਸਿੰਘ ਕਹਾਰਪੁਰੀ ਦੀ ਅਗਵਾਈ ਹੇਠ 1946 ਵਿਚ ਖਾਲਸਾ ਕਾਲਜ ਮਾਹਿਲਪੁਰ ਦੀ ਸਥਾਪਨਾ ਨਾਲ ਕਰਮਯੋਗੀ ਪ੍ਰਿ.ਹਰਭਜਨ ਸਿੰਘ ਜੀ ਵਾਸਤੇ ਸਿੱਖਿਆ ਅਤੇ ਖੇਡਾਂ ਲਈ ਕਾਰਜ ਕਰਨ ਲਈ ਖੇਤਰ ਬਹੁਤ ਵਿਸ਼ਾਲ ਹੋ ਗਿਆ। ਉਹਨਾਂ ਆਪਣਾ ਸਾਰਾ ਜੀਵਨ ਇਸ ਕਾਲਜ ਦੀ ਬਿਹਤਰੀ ਦੇ ਲੇਖੇ ਲਾ ਕੇ ਲੋਕਾਂ ਦੇ ਦਿਲਾਂ ਵਿਚ ਸਨਮਾਨਯੋਗ ਥਾਂ ਬਣਾ ਲਿਆ।ਉਹ ਸੱਚ-ਮੁੱਚ ਹੀ ਇਕ ਕਰਮਯੋਗੀ ਸਨ। 16 ਅਗਸਤ 1962 ਨੂੰ ਉਹਨਾਂ ਦੇ ਸਵਰਗ ਸਿਧਾਰ ਜਾਣ ਤੋਂ ਬਾਅਦ ਉਹਨਾਂ ਦੇ ਸ਼ਗਿਰਦਾਂ ਅਤੇ ਉਪਾਸ਼ਕਾਂ ਨੇ ਉਹਨਾਂ ਦੀ ਯਾਦ ਨੂੰ ਸਦੀਵੀ ਬਨਾਉਣ ਲਈ ਪ੍ਰਿੰ. ਹਰਭਜਨ ਸਿੰਘ ਯਾਦਗਾਰੀ ਸਪੋਰਟਿੰਗ ਕਲੱਬ ਦੀ ਸਥਾਪਨਾ ਕੀਤੀ। ਜਿਸ ਵਲੋਂ ਪ੍ਰਿੰਸ਼ੀਪਲ ਸਾਹਿਬ ਦੀ ਯਾਦ ਵਿਚ ਹਰ ਸਾਲ ਫੁੱਟਬਾਲ ਟੂਰਨਾਮੈਂਟ ਅਯੋਜਿਤ ਕੀਤਾ ਜਾਣ ਲੱਗਾ। ਅਜਕਲ ਇਹ ਟੂਰਨਾਮੈਂਟ ਕੌਮੀ ਪੱਧਰ ਤੇ ਹਰ ਸਾਲ ਕਰਵਾਇਆ ਜਾਂਦਾ ਹੈ। ਜਿਸ ਵਿਚ ਅਕੈਡਮੀਆਂ, ਕਾਲਜ ਅਤੇ ਪੂਰੇ ਭਾਰਤ ਚੋਂ ਕਲੱਬ ਅਤੇ ਲੈਂਦੇ ਹਨ।



ਬਜਵਾੜੇ ਲਾਗਲੀ ਫੌਜੀ ਛਾਉਣੀ ਨੇ ਇਸ ਖੇਡ ਨੂੰ ਮਾਹਿਲਪੁਰ ਵਿਚ ਪੁੱਜਦੀ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਇਲਾਕੇ ਦੇ ਫੌਜੀ ਵੀਰਾਂ ਰਾਹੀਂ ਇਹ ਇਲਾਕੇ ਦੇ ਪਿੰਡਾਂ ਵਿਚ ਮਸ਼ਹੂਰ ਹੋ ਗਈ। ਉੱਧਰ ਪ੍ਰਿੰ. ਹਰਭਜਨ ਸਿੰਘ ਜੀ ਦੀ ਸਰਪ੍ਰਸਤੀ ਨੇ ਇਸਦੀ ਪ੍ਰਫੁੱਲਤਾ ਵਿਚ ਵਾਧਾ ਕੀਤਾ। 1934 ਵਿਚ ਇਥੋਂ ਦਾ ਖਾਲਸਾ ਕਲੱਬ ਬੜਾ ਮਸ਼ਹੂਰ ਸੀ। ਇਸ ਤੋਂ ਬਾਅਦ ਇੱਥੋਂ ਦਾ ਈਗਲ ਕਲੱਬ ਫੁੱਟਬਾਲ ਦੇ ਪੰਜਾਬ ਪੱਧਰੀ ਮੁਕਾਬਲਿਆਂ ਵਿਚ ਹਮੇਸ਼ਾ ਅੱਗੇ ਰਿਹਾ। ਜਿਸ ਵਿਚ ਸ. ਉਮਰਾਉ ਸਿੰਘ, ਸ. ਬਾਬੂ ਸਿੰਘ ਅਤੇ ਸ. ਚੈਂਚਲ ਸਿੰਘ ਵਰਗੇ ਖਿਡਾਰੀ ਸ਼ਾਮਿਲ ਸਨ। 1948 ਵਿਚ ਇੱਥੇ ਇਕ ਮੈਂਗੋ ਸੀਜਨ ਫੁੱਟਬਾਲ ਟੂਰਨਾਮੈਂਟ ਸ. ਗੁਲਬਰਗ ਸਿੰਘ ਬੈਂਸ ਦੇ ਯਤਨਾ ਨਾਲ ਆਰੰਭ ਹੋਇਆ ਸੀ। ਇੰਜ ਇਹਨਾਂ ਕਲੱਬਾਂ ਨੇ ਫੁੱਟਬਾਲ ਨੂੰ ਅੱਗੇ ਤੋਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਆਪਣੀ ਅਮੀਰ ਖੇਡ ਵਿਰਾਸਤ ਨੂੰ ਸੰਭਾਲਣ ਦੇ ਮੰਤਵ ਨਾਲ ਇਹਨਾਂ ਸਤ੍ਰਰਾਂ ਦੇ ਲੇਖਕ ਦੁਆਰਾ ਰਚੀਆਂ ਵੱਡ ਅਕਾਰੀ ਪੁਸਤਕਾਂ 'ਫੁੱਟਬਾਲ ਜਗਤ ਮਾਹਿਲਪੁਰ' ਅਤੇ 'ਮਾਹਿਲਪੁਰ ਦਾ ਫੁੱਟਬਾਲ ਸੰਸਾਰ' ਪ੍ਰਕਾਸ਼ਿਤ ਕੀਤੀਆਂ ਗਈਆਂ ਹਨ।

ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਦੀ ਸਥਾਪਨਾ ਵਿਚ ਡਾ. ਨਰਿੰਦਰ ਪਾਲ ਸਿੰਘ ਤੇ ਸਹਿਯੋਗੀ ਜਗਜੀਤ ਸਿੰਘ ਮਾਨ ਵਰਗਿਆਂ ਨੇ ਅਹਿਮ ਭੂਮਿਕਾ ਅਦਾ ਕੀਤੀ। ਡਾਕਟਰ ਤੇਲੂ ਰਾਮ (ਡਾ. ਨਰਿੰਦਰਪਾਲ ਸਿੰਘ) ਇਸਦੇ ਫਾਉਂਡਰ ਪ੍ਰਧਾਨ ਬਣੇ। 1972 ਵਿਚ ਸ.ਅਮਰ ਸਿੰਘ ਭਾਰਟਾ, 1981 ਵਿਚ ਸ. ਹਰਕ੍ਰਿਸ਼ਨ ਦਿਆਲ ਸਿੰਘ। ਫਿਰ 1981 ਵਿਚ ਅਰਜਨ ਅਵਾਰਡੀ ਸ. ਜਰਨੈਲ ਸਿੰਘ ਤੋਂ ਬਾਅਦ ਇਹ ਜ਼ਿੰਮਾ 1994 ਵਿਚ ਸ.ਹਰਬੰਸ ਸਿੰਘ ਬੈਂਸ ਦੇ ਸਪੁਰਦ ਕੀਤਾ ਗਿਆ। 2012 ਤੋਂ ਸ.ਕੁਲਵੰਤ ਸਿੰਘ ਸੰਘਾ ਇਸਦੀਆਂ ਸਰਗਰਮੀਆ ਨੂੰ ਨਰੋਈਆਂ ਲੀਹਾਂ ਪ੍ਰਦਾਨ ਕਰ ਰਹੇ ਹਨ। ਕੋਚ ਅਲੀ ਹਸਨ ਦੇ 2021 ਵਿਚ ਚਲਾਣੇ ਤੋਂ ਬਾਅਦ ਡਾ. ਪਰਮਪ੍ਰੀਤ ਕੈਂਡਵਾਲ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਪ੍ਰਧਾਨ ਨਾਲ ਮੋਢਾ ਜੋੜ ਕੇ ਨਿਭਾ ਰਹੇ ਹਨ ਆਪ ਸਭ ਦੇ ਯਤਨਾਂ ਸਦਕਾ ਮਾਹਿਲਪੁਰ ਵਿਚ ਪਹਿਲੀ ਵਾਰ 2024-25 ਆਈ ਲੀਗ ਦਾ ਪ੍ਰਬੰਧ ਮਿਨਰਵਾ ਕਲੱਬ ਦੇ ਸੀ ਈ ਓ ਰਣਜੀਤ ਬਜਾਜ ਵਲੋਂ ਕੀਤਾ ਜਾ ਰਿਹਾ ਹੈ। ਦਿੱਲੀ ਐਫ ਸੀ ਵਲੋਂ ਕੋਚ ਅਲੀ ਹਸਨ ਫੁਟਬਾਲ ਸਟੇਡੀਅਮ ਨੂੰ ਆਪਣੀ ਹੋਮ ਗਰਾਉਂਡ ਬਣਾਇਆ ਹੈ। ਅਜ ਇੱਥੇ ਉਹਨਾਂ ਦੀ ਅਗਵਾਈ ਹੇਠ ਸਾਰਾ ਸਾਲ ਹੀ ਫੁੱਟਬਾਲ ਦੀ ਚਰਚਾ ਹੁੰਦੀ ਰਹਿੰਦੀ। ਕਦੀ ਫੁੱਟਬਾਲ ਲੀਗ ਤੇ ਕਦੀ ਕੋਚਿੰਗ ਕੈਂਪ। ਕਲੱਬ ਵਲੋਂ ਕਾਲਜ ਅਤੇ ਸਕੂਲਾਂ ਦੇ ਹੋਣਹਾਰ ਖਿਡਾਰੀਆਂ ਨੂੰ ਸਲਾਨਾ ਸਕਾਲਰਸ਼ਿਪ ਵੀ ਦਿੱਤਾ ਜਾਂਦਾ ਹੈ। ਫੁੱਟਬਾਲ ਅਕਾਡਮੀ ਦੇ ਭਵਨ ਦੀ ਉਸਾਰੀ ਤੋਂ ਇਲਾਵਾ ਪ੍ਰਿੰ.ਹਰਭਜਨ ਸਿੰਘ ਸਟੇਡੀਅਮ ਨੂੰ ਨਵ ਉਸਾਰੀ ਨਾਲ ਅਧੁਨਿਕ ਲੀਹਾਂ ਤੇ ਲਿਆਂਦਾ ਹੈ। ਇਥੋਂ ਦਾ ਅੰਤਰ ਰਾਸ਼ਟਰੀ ਸਟੇਡੀਅਮ ਵੀ ਕਲੱਬ ਦੇ ਉਪਰਾਲਿਆ ਨਾਲ ਸਿਰੇ ਚੜ੍ਹਿਆ ਹੈ। ਪਿੰਡ ਬਾੜੀਆਂ ਕਲਾਂ ਵਿਚ ਬਾਲ ਫੁੱਟਬਾਲ ਅਕੈਡਮੀ ਰਾਹੀਂ ਫੁੱਟਬਾਲ ਦੀ ਨਵੀਂ ਪਨੀਰੀ ਦੀ ਤਿਆਰੀ ਕੀਤੀ ਜਾ ਰਹੀ ਹੈ।ਖਾਲਸਾ ਕਾਲਜ ਵਿਚ ਸਥਾਪਿਤ ਕੀਤੀ ਫੁੱਟਬਾਲ ਅਕੈਡਮੀ ਆਪਣੀਆਂ ਸ਼ਾਨਦਾਰ ਜਿੱਤਾਂ ਨਾਲ ਚਰਚਿਤ ਹੋ ਰਹੀ ਹੈ। ਇਸੇ ਤਰ੍ਹਾਂ ਇਲਾਕੇ ਦੇ ਕੁੱਝ ਹੋਰ ਪਿੰਡਾਂ ਵਿਚ ਵੀ ਬੱਚਿਆਂ ਵਾਸਤੇ ਅਕੈਡਮੀਆਂ ਖੋਲ੍ਹਣ ਦੀ ਯੋਜਨਾ ਉਲੀਕੀ ਗਈ ਹੈ।


ਸਲਾਨਾ ਟੂਰਨਾਮੈਂਟ ਦੇ ਜੇਤੂ ਕਲੱਬ ਨੂੰ ਦੋ ਲੱਖ, ਰਨਰਜ਼ ਅੱਪ ਨੂੰ ਡੇਢ ਲੱਖ, ਕਾਲਜ ਵਰਗ ਦੇ ਜੇਤੂ ਨੂੰ 75 ਹਜ਼ਾਰ ਅਤੇ 50 ਹਜ਼ਾਰ ਦੇ ਨਗਦ ਇਨਾਮਾਂ ਨਾਲ ਟਰਾਫੀਆਂ ਵੀ ਦਿੱਤੀਆਂ ਜਾਂਦੀਆਂ ਹਨ। ਅਕੈਡਮੀਆਂ ਵਿਚ 41 ਅਤੇ 31 ਹਜ਼ਾਰ ਦੇ ਨਗਦ ਇਨਾਮ ਮਿਲਣਗੇ। ਕੈਨੇਡਾ, ਇੰਗਲੈਂਡ ਤੇ ਅਮਰੀਕਾ ਵਰਗੇ ਦੇਸ਼ਾਂ ਵਿਚ ਵਸਦੇ ਪ੍ਰਿੰਸੀਪਲ ਸਾਹਿਬ ਦੇ ਸ਼ਾਗਿਰਦਾਂ ਅਤੇ ਪ੍ਰੇਮੀਆਂ ਵਲੋਂ ਟਰੱਸਟ ਬਣਾ ਕੇ ਮਾਲੀ ਸਹਿਯੋਗ ਦਿੱਤਾ ਜਾ ਰਿਹਾ ਹੈ। ਹਰ ਸਾਲ ਇਹ ਟੂਰਨਾਮੈਂਟ 14 ਫਰਵਰੀ ਤੋਂ 21 ਫਰਵਰੀ ਤਕ ਕਰਵਾਇਆ ਜਾਂਦਾ ਹੈ। ਇਹ ਟੂਰਨਾਮੈਂਟ ਲੀਗ ਕੰਮ ਨਾਕ ਆਉਟ ਦੇ ਅਧਾਰ ਤੇ ਕਰਵਾਇਆ ਜਾਂਦਾ। ਇਸ ਮੌਕੇ ਵਿਦੇਸ਼ਾਂ ਵਿਚ ਵਸਦੇ ਖਿਡਾਰੀ ਅਤੇ ਫੁੱਟਬਾਲ ਪਰੇਮੀ ਬੜੀ ਉਚੇਚ ਨਾਲ ਪੁੱਜਦੇ ਹਨ।

-ਬਲਜਿੰਦਰ ਮਾਨ 98150-18947

# ਖੁਰਾਲਗੜ੍ਹ : ਜਿੱਥੇ ਸ੍ਰੀ ਗੁਰੂ ਰਵਿਦਾਸ ਜੀ ਨੇ ਸਵਾ ਚਾਰ ਸਾਲ ਗੁਜ਼ਾਰੇ

ਸੰਤ ਮਹਾਂ ਪੁਰਸ਼ ਭੁੱਲੀ ਹੋਈ ਜਨਤਾ ਦਾ ਸਹੀ ਮਾਰਗ ਦਰਸ਼ਨ ਕਰਨ ਲਈ ਇੱਧਰ ਉਧਰ ਜਾਂਦੇ ਰਹਿੰਦੇ ਹਨ। ਉਹ ਸਦਾ ਇਕ ਥਾਂ ਡੇਰਾ ਜਮਾਕੇ ਜੀਵਨ ਨਹੀਂ ਗੁਜ਼ਾਰਦੇ। ਜਿਵੇਂ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਦੌਰਾਨ ਭੁੱਲੀ ਹੋਈ ਲੋਕਾਈ ਨੂੰ ਗਿਆਨ ਦੇ ਚਾਨਣ ਨਾਲ ਅਧਿਆਤਮਿਕਤਾ ਦੇ ਰਾਹੇ ਪਾਇਆ। ਕਿਹਾ ਤਾਂ ਉਥੇ ਪਵਿਤਰ ਜਲ ਦਾ ਚਸ਼ਮਾ ਵਗ ਪਿਆ ਜੋ ਅਜ ਵੀ ਨਿਰੰਤਰ ਵਗ ਰਿਹਾ ਹੈ। ਇਸ ਤਰਾਂ ਸਾਧ ਸੰਗਤ ਦੀਆਂ ਮੁਸ਼ਕਿਲਾਂ ਦਾ ਹਲ ਕਰਦੇ ਰਹੇ। ਖੁਰਾਲੀ ਵਿਚ ਗੁਰੂ ਜੀ ਦੀ ਸੇਵਾ ਵਿਚ ਧੰਨਾ ਜੀ ਤੇ ਦੇਵਿਆ ਜੀ ਸਾਰਾ ਸਮਾਂ ਜੁਟੇ ਰਹੇ। ਜਿਸ ਅਸਥਾਨ ਤੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਨੇ ਗੁਰੂ ਜੀ ਦੀ ਜੈ ਜੈ ਕਾਰ ਕੀਤੀ। ਅਜ ਵੀ ਇਸ ਪਵਿੱਤਰ ਜਲ ਦੇ ਸੇਵਨ ਅਤੇ ਇਸ਼ਨਾਨ ਨਾਲ ਸੰਗਤਾਂ ਨੂੰ ਅਨੇਕਾਂ ਰੋਗਾਂ ਤੋਂ ਰਾਹਤ ਮਿਲਦੀ ਹੈ।ਇਹ ਜਲ 200 ਮੀਟਰ ਥਾਂ ਵਿਚ ਹੀ ਮੁੜ ਸਮਾ ਜਾਂਦਾ ਹੈ।





ਇਸੇ ਤਰ੍ਹਾਂ ਗੁਰੂ ਰਵੀਦਾਸ ਜੀ ਨੇ ਭਾਵੇਂ ਬਹੁਤਾ ਸਮਾਂ ਕਾਸ਼ੀਂ ਵਿਚ ਹੀ ਗੁਜ਼ਾਰਿਆ ਦੱਸਿਆ ਜਾਂਦਾ ਹੈ ਪਰ ਖੋਜੀਆਂ ਨੇ ਗੁਰੂ ਰਵਿਦਾਸ ਜੀ ਦੀ ਇਕ ਪੰਜਾਬ ਫੇਰੀ ਦੀਆਂ ਪੈੜਾਂ ਦੀ ਖੋਜ ਕੱਢੀ ਹੈ। ਖੋਜੀਆਂ ਦਾ ਕਹਿਣਾ ਹੈ ਕਿ ਗੁਰੂ ਰਵਿਦਾਸ ਜੀ 1515 ਈਸਵੀ ਵਿਚ ਜ਼ਿਲ੍ਹਾ ਹੁਸ਼ਿਆਰਪੁਰ ਦੀਆਂ ਸ਼ਿਵਾਲਿਕ ਪਹਾੜੀਆਂ ਵਿਚ ਵਸਦੇ ਪਿੰਡ ਖੁਰਾਲਗੜ੍ਹ ਖੁਰਾਲੀ ਵਿਚ ਆਏ। ਜਿੱਥੇ ਉਹਨਾਂ ਨੇ ਚਾਰ ਸਾਲ ਦੋ ਮਹੀਨੇ ਅਤੇ ਗਿਆਰਾ ਦਿਨ ਗੁਜ਼ਾਰੇ।

ਇਸ ਸਮੇਂ ਦੌਰਾਨ ਉਹਨਾਂ ਦੀਨ ਦੁਖੀਆਂ ਦੀ ਸੇਵਾ ਕੀਤੀ ਅਤੇ ਪ੍ਰਭੂ ਭਗਤੀ ਦਾ ਗੁਰ ਮੰਤਰ ਸਮਝਾਇਆ। ਕਿਰਤ ਦੀ ਮਹਾਨਤਾ ਅਤੇ ਕਿਰਤੀ ਦਾ ਆਦਰ ਕਰਨ ਵਾਲੇ ਨੂੰ ਗਲੇ ਲਾਇਆ।ਇਸ ਸਮੇਂ ਗੁਰੂ ਜੀ ਨਾਲ ਉਹਨਾਂ ਦੀ ਚੇਲੀ ਮੀਰਾ ਬਾਈ, ਝਾਲਾ ਬਾਈ ਅਤੇ ਭਾਨਵਤੀ ਜੀ ਵੀ ਸਨ।ਗੁਰੂ ਸਾਹਿਬ ਦੀ ਮਹਿਮਾ ਸੁਣਕੇ ਇਸ ਇਲਾਕੇ ਦਾ ਰਾਜਾ ਬੈਨ ਗੁਰੂ ਨਾਲ ਨਰਾਜ਼ ਹੋ ਗਿਆ। ਉਸਨੇ ਅਹਿਲਕਾਰਾਂ ਨੂੰ ਹੁਕਮ ਦਿੱਤਾ ਕਿ ਗੁਰੂ ਰਵਿਦਾਸ ਨੂੰ ਖਰਾਸ (ਆਟਾ ਪੀਸਣ ਦੀ ਮਸ਼ੀਨ) ਗੇੜਨ ਦੀ ਸਜਾ ਦਿੱਤੀ ਜਾਵੇ। ਗੂਰੂ ਸਾਹਿਬ ਖਰਾਸ ਕੋਲ ਜਾ ਕੇ ਅੰਤਰ ਧਿਆਨ ਹੋਏ ਤਾਂ ਖਰਾਸ ਖੁਦ- ਬ ਖੁਦ ਚੱਲਣ ਲੱਗ ਪਿਆ। ਇਸ ਘਟਨਾ ਨਾਲ ਰਾਜੇ ਦੀਆਂ ਅੱਖਾਂ ਖੁੱਲ੍ਹ ਗਈਆਂ। ਉਸਨੂੰ ਗਿਆਨ ਹੋ ਗਿਆ ਕਿ ਗੁਰੂ ਰਵਿਦਾਸ ਪ੍ਰਮਾਤਮਾ ਦਾ ਸੱਚਾ ਭਗਤ ਹੈ।ਉਹ ਜੋ ਚਾਹੇ ਕਰ ਸਕਦਾ ਹੈ। ਰਾਜੇ ਨੇ ਗੁਰੂ ਜੀ ਦੇ ਚਰਨੀ ਪੈ ਕੇ ਮੁਆਫੀ ਮੰਗੀ ।

ਇਲਾਕੇ ਵਿਚ ਪਾਣੀ ਦਾ ਬਹੁਤ ਸੰਕਟ ਸੀ ਇਸਦੇ ਹੱਲ ਵਾਸਤੇ ਸਾਰੀ ਸੰਗਤ ਨਾਲ ਰਾਜਾ ਬੈਨ ਵੀ ਗੁਰੂ ਚਰਨਾ ਵਿਚ ਹਾਜ਼ਰ ਹੋਇਆ। ਸੰਗਤ ਦੀ ਬੇਨਤੀ ਤੇ ਗੁਰੂ ਜੀ ਨੇ ਇਸ ਅਸਥਾਨ ਤੋਂ ਥੋੜੀ ਦੂਰ ਜਾ ਕੇ ਇਕ ਪੱਥਰ ਹਟਾਓਣ ਲਈ ਉਸਾਰਿਆ ਗਿਆ ਹੈ। ਉਸ ਅਸਥਾਨ ਤੇ ਗੁਰੂ ਜੀ ਨੇ ਖਰਾਸ ਚਲਾਇਆ ਸੀ। ਅਜ ਵੀ ਉਸ ਖਰਾਸ ਦਾ ਇਕ ਪੁੜ (ਪੱਥਰ) ਇਸ ਥਾਂ ਤੇ ਸੁਰੱਖਿਅਤ ਪਿਆ ਹੈ। ਜਿਹਨਾਂ ਪੱਥਰਾਂ ਨਾਲ ਤੋਲ ਕੇ ਸੰਗਤਾਂ ਨੂੰ ਭੰਡਾਰਾ ਵੰਡਿਆ ਜਾਂਦਾ ਸੀ ਉਹ ਵੀ ਇਥੇ ਸੰਭਾਲੇ ਪਏ ਹਨ। ਗੁਰੂ ਰਵਿਦਾਸ ਜੀ ਦੇ ਇਸ ਤਪ ਅਸਥਾਨ ਤਕ ਪੁੱਜਣ ਲਈ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੋਂ ਰੋਪੜ ਨੂਰਪੁਰ ਬੇਦੀ ਰਾਹੀਂ ਲਗਭਗ 100 ਕਿਲੋ ਮੀਟਰ ਦਾ ਪੈਂਡਾ ਤੈਅ ਕਰਨਾ ਪੈਂਦਾ ਹੈ। ਨੂਰਪੁਰ ਬੇਦੀ ਤੋਂ 21 ਕਿਲੋਮੀਟਰ ਗੜ੍ਹਸ਼ੰਕਰ ਤੋਂ 25 ਕਿਲੋ ਮੀਟਰ ਅਤੇ ਹਿਮਾਚਲ ਪ੍ਰਦੇਸ਼ ਦੇ ਊਨਾ ਜ਼ਿਲੇ ਦੇ ਬਾਥੜੀ ਪਿੰਡ ਤੋਂ 7 ਕਿਲੋ ਮੀਟਰ ਦੇ ਕਰੀਬ ਸਫਰ ਕਰਨਾ ਪੈਂਦਾ ਹੈ।



ਬਲਜਿੰਦਰ ਮਾਨ
91-98150-18947

ਸ਼੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਖੁਰਾਲਗੜ੍ਹ ਹੁਸ਼ਿਆਰਪੁਰ ਵੱਲੋਂ ਗੁਰੂ ਰਵਿਦਾਸ ਜੀ ਦੇ ਇਸ ਇਤਿਹਾਸਕ ਅਸਥਾਨ ਦੀ ਸਾਂਭ ਸੰਭਾਲ ਕੀਤੀ ਜਾ ਰਹੀ ਹੈ।ਆਉਣ ਵਾਲੀ ਸੰਗਤ ਲਈ ਚਾਹ ਅਤੇ ਲੰਗਰ 24 ਘੰਟੇ ਚੱਲਦਾ ਰਹਿੰਦਾ ਹੈ। ਸੰਗਤ ਲਈ ਰਿਹਾਇਸ਼ ਦੀ ਉਸਾਰੀ ਵੀ ਕੀਤੀ ਜਾ ਚੁੱਕੀ ਹੈ। ਗੁਰੂ ਜੀ ਦੇ ਸਮੇਂ ਇਸ ਇਲਾਕੇ ਵਿਚ ਪੀਣ ਵਾਲੇ ਪਾਣੀ ਦੀ ਬੜੀ ਸਮੱਸਿਆ ਸੀ। ਸੰਗਤਾਂ ਦੇ ਇਸ ਦੁੱਖ ਦਾ ਅੰਤ ਕਰਨ ਲਈ ਉਹਨਾਂ ਤਿੰਨ ਕਿਲੋਮੀਟਰ ਦੀ ਦੂਰੀ ਤੇ ਜਾ ਕੇ ਖੱਡ ਵਿਚੋਂ ਇਕ ਪੱਥਰ ਆਪਣੇ ਸੱਜੇ ਪੈਰ ਦੇ ਅੰਗੂਠੇ ਨਾਲ ਪਰ੍ਹਾਂ ਹਟਾਇਆ ਤਾਂ ਪਵਿੱਤਰ ਜਲ ਦਾ ਝਰਨਾ ਵਗ ਤੁਰਿਆ। ਜਿਸਨੂੰ ਚਰਨ ਗੰਗਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸੰਗਤਾਂ

ਚਰਨ ਗੰਗਾ ਦੀ ਪ੍ਰਬੰਧਕ ਕਮੇਟੀ ਖੁਰਾਲਗੜ੍ਹ ਨਾਲੋਂ ਵੱਖਰੀ ਹੈ।ਦੋਨਾਂ ਅਸਥਾਨਾ ਤੇ ਸੰਗਤ ਦੀ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਹੈ।ਦੋ ਕਰੋੜ ਰੁਪੈ ਦੀ ਲਾਗਤ ਨਾਲ ਕੇਂਦਰ ਸਰਕਾਰ ਦੁਆਰਾ ਗੁਰੂ ਜੀ ਦੀ ਯਾਦ ਵਿਚ ਟੂਰੈਸਟ ਕੰਪਲੈਕਸ ਵੀ ਉਸਾਰਿਆ ਗਿਆ ਹੈ। ਦੋਨਾਂ ਕਮੇਟੀਆਂ ਦੀ ਇਕਸੁਰਤਾ ਨਾਲ ਇਸ ਇਤਿਹਾਸਕ ਅਸਥਾਨ ਦੇ ਵਿਕਾਸ ਦੀ ਗਤੀ ਤੇਜ ਹੋ ਸਕਦੀ ਹੈ। ਸੰਗਤਾਂ ਦੀ ਵੀ ਇਹੀ ਇੱਛਾ ਹੈ ਕਿਉਂਕਿ ਉਹਨਾਂ ਲਈ ਦੋਨੋਂ ਅਸਥਾਨ ਪਵਿੱਤਰ ਹਨ। ਰਾਜਨੀਤਿਕ ਆਗੂਆਂ ਅਤੇ ਸਮੇਂ ਦੀਆਂ ਸਰਕਾਰਾਂ ਵਲੋਂ ਜਿੰਨੇ ਐਲਾਨ ਇੱਥੇ ਕੀਤੇ ਜਾ ਚੁੱਕੇ ਹਨ ਉਹਨਾਂ ਵਿਚੋਂ ਸਿਰਫ ਗਿਣੇ ਚੁਣੇ ਐਲਾਨਾਂ ਨੂੰ ਹੀ ਬੂਰ ਪਿਆ ਹੈ। ਚਾਹੀਦਾ ਤਾਂ ਇਹ ਹੈ ਕੇ ਇਸ ਅਸਥਾਨ ਦੀ ਰੂਪ ਰੇਖਾ ਉਲੀਕਣ ਵੇਲੇ ਜਾਤਾਂ ਧਰਮਾਂ ਅਤੇ ਪਾਰਟੀਆਂ ਦੇ ਲਿਬਾਸ ਅਸਥਾਨ ਤੋਂ ਬਾਹਰ ਹੀ ਉਤਾਰ ਦਿੱਤੇ ਜਾਣ। ਬਹੁਤ ਸਮਾਂ ਪਹਿਲਾਂ ਸਰਕਾਰ ਨੇ ਇੱਥੇ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਦਕਰ ਜੀ ਦੇ ਨਾਂ ਤੇ ਇਕ ਆਹਲਾ ਦਰਜੇ ਦੀ ਲਾਇਬ੍ਰੇਰੀ ਉਸਾਰਨ ਦਾ ਵਾਇਦਾ ਵੀ ਕੀਤਾ।


ਖੁਰਾਲਗੜ੍ਹ ਕੁਦਰਤੀ ਨਜ਼ਾਰੇ ਵਾਲਾ ਇਕ ਰਮਣੀਕ ਥਾਂ ਹੈ।ਇਸ ਇਲਾਕੇ ਦੇ ਆਦਿ ਧਰਮੀ ਬਰਾਦਰੀ ਦੇ ਸੂਦ ਗੋਤ ਨਾਲ ਸਬੰਧ ਰੱਖਦੇ ਹਨ। ਇਥੇ ਸਿਰਫ ਆਦਿ ਧਰਮੀ ਲੋਕ ਹੀ ਨਹੀਂ ਪੁੱਜਦੇ ਸਗੋਂ ਇਲਾਕੇ ਦੇ ਉਚੀਆਂ ਜਾਤਾਂ ਵਾਲੇ ਲੋਕ ਵੀ ਪੁੱਜ ਕੇ ਗੁਰੂ ਜੀ ਦੀ ਬਖਸ਼ਿਸ਼ ਹਾਸਿਲ ਕਰਦੇ ਹਨ। ਗੁਰੂ ਜੀ ਦੇ ਇਸ ਇਤਿਹਾਸਕ ਅਸਥਾਨ ਦੀ ਕਾਰ ਸੇਵਾ ਦਾ ਸਭ ਤੋਂ ਪਹਿਲਾ ਅਰੰਭ ਸੈਲਾ ਖੁਰਦ ਲਾਗਲੇ ਪਿੰਡ ਪੋਸੀ ਦੇ ਬਾਬਾ ਸੁੰਦਰ ਦਾਸ ਰਮਤਾ ਜੀ ਨੇ ਕਰਵਾਇਆ ਸੀ। ਉਹ 105 ਸਾਲ ਦੀ ਉਮਰ ਭੋਗ ਕੇ ਮਾਰਚ 2002 ਵਿਚ ਇਸ ਦੁਨੀਆਂ ਤੋਂ ਕੂਚ ਕਰ ਗਏ।

ਉਹਨਾਂ ਨੇ 14 ਸਾਲ ਦੇ ਕਰੀਬ ਇਸ ਪਵਿੱਤਰ ਅਸਥਾਨ ਦੀ ਸੇਵਾ ਵਿਚ ਗੁਜ਼ਾਰੇ। ਆਮ ਦਿਨਾਂ ਤੋਂ ਇਲਾਵਾ ਵਿਸਾਖੀ ਵਾਲੇ ਦਿਨ ਅਤੇ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਤੋਂ ਅਗਲੇ ਐਤਵਾਰ ਨੂੰ ਦੇਸ਼ ਵਿਦੇਸ਼ ਦੀਆਂ ਸੰਗਤਾਂ ਦਾ ਭਾਰੀ ਮੇਲਾ ਜੁੜਦਾ ਹੈ। ਡਾ. ਕੇਵਲ ਕੁਮਾਰ ਸੂਦ ਦੁਆਰਾ ਰਚੀ ਖੋਜ ਭਰਪੂਰ ਪੁਸਤਕ 'ਖੁਰਾਲਗੜ੍ਹ ਦਰਸ਼ਨ' ਵਿਚ ਵੀ ਇਸ ਅਸਥਾਨ ਬਾਰੇ ਵਡਮੁੱਲੀ ਜਾਣਕਾਰੀ ਮਿਲਦੀ ਹੈ। ਅਜੇ ਇਸ ਅਸਥਾਨ ਦੀ ਸੁੰਦਰਤਾ ਅਤੇ ਵਿਕਾਸ ਲਈ ਬਹੁਤ ਕੁੱਝ ਕਰਨ ਲਈ ਬਾਕੀ ਹੈ। ਮਿਨਾਰ ਏ ਬੇਗਮਪੁਰਾ ਅਜੇ ਤਕ ਮੁਕੰਮਲ ਨਹੀਂ ਕੀਤਾ ਜਾ ਸਕਿਆ।

ਇਸ ਅਸਥਾਨ ਨੂੰ ਆਉਣ ਵਾਲੀਆਂ ਲਿੰਕ ਸੜਕਾਂ ਦਾ ਹਾਲ ਐਨਾ ਮਾੜਾ ਹੈ ਕਿ ਅਕਸਰ ਹਾਦਸੇ ਵਾਪਰਦੇ ਰਹਿੰਦੇ ਹਨ। ਬੀਤ ਦੇ ਇਸ ਇਲਾਕੇ ਨੂੰ ਵਿਸ਼ੇਸ਼ ਸਹੂਲਤਾਂ ਪ੍ਰਦਾਨ ਕਰਨ ਦੀ ਜ਼ਰੂਰਤ ਹੈ। ਅਜਿਹੇ ਧਾਰਮਿਕ ਅਤੇ ਪਵਿੱਤਰ ਅਸਥਾਨ ਲਈ ਸੈਰ ਸਪਾਟਾ ਵਿਭਾਗ ਨੂੰ ਵਿਸ਼ੇਸ਼ ਯਤਨ ਕਰਨੇ ਚਾਹੀਦੇ ਹਨ ਤਾਂ ਕਿ ਪੂਰੇ ਵਿਸ਼ਵ ਵਿਚ ਵਸਦੇ ਸ਼ਰਧਾਲੂਆਂ ਅਤੇ ਸੈਲਾਨੀਆਂ ਨੂੰ ਇਸ ਅਸਥਾਨ ਤੇ ਪੁੱਜਣ ਵਿਚ ਕੋਈ ਮੁਸ਼ਕਿਲ ਨਾ ਆਵੇ।

# ਸਮਾਜ ਦੀ ਤ੍ਰਾਸਦੀ ਦੇ ਵੱਖ ਵੱਖ ਪਹਿਲੂਆਂ ਕਵੀ ਦੀਆਂ ਮਨੋਭਾਵਨਾਵਾਂ ਨੂੰ ਉਜਾਗਰ ਕਰਦੀ ਪੁਸਤਕ-ਅੱਕ ਦੀਆਂ ਅੰਬੀਆਂ

**ਲੇਖਕ -ਹਰੀਸ਼ ਪਟਿਆਲਵੀ**
**ਪੁਸਤਕ: ਅੱਕ ਦੀਆਂ ਅੰਬੀਆਂ (ਕਾਵਿ-ਸੰਗ੍ਰਹਿ)**
**ਪੰਨੇ: 220, ਮੁੱਲ: 189/-ਰੁਪਏ**
**ਪ੍ਰਕਾਸ਼ਕ: ਦੇ ਪੀ ਪਬਲੀਕੇਸ਼ਨ, ਪਟਿਆਲਾ**




ਹਰੀਸ਼ ਪਟਿਆਲਵੀ ਪੰਜਾਬੀ ਸ਼ਾਇਰੀ ਵਿੱਚ ਉੱਘਾ ਨਾਮ ਹੈ। ਉਸਦੇ ਲਿਖੇ ਅਤੇ ਰਿਕਾਰਡ ਹੋਏ ਗੀਤਾਂ ਗੀਤਕਾਰੀ ਦੇ ਖੇਤਰ ਵਿੱਚ ਚੰਗਾ ਨਾਮਣਾ ਖੱਟਿਆ ਹੈ। ਵਖ-ਵਖ ਵਾਲੇ ਵਿਸ਼ਿਆਂ ਤੇ ਆਧਾਰਿਤ ਪੌਣੇ ਸੈਂਕੜੇ ਤੋਂ ਵੱਧ ਵੱਖ ਵੱਖ ਗਾਇਕਾਂ ਦੀ ਆਵਾਜ਼ ਵਿੱਚ ਰਿਕਾਰਡ ਹੋਏ ਗੀਤਾਂ ਨਾਲ ਉਸਦੀ ਸਾਹਿਤਿਕ ਦੇ ਇਸ ਖੇਤਰ ਵਿੱਚ ਚੰਗੀ ਪੈਂਠ ਹੈ। ਪੰਜ ਭੈਣ ਭਰਾਵਾਂ ਵਿਚੋਂ ਸਭ ਤੋਂ ਛੋਟੇ ਪੰਜਾਬੀ ਮਾਂ ਬੋਲੀ ਦੇ ਲਾਡਲੇ ਇਸ ਸ਼ਾਇਰ ਨੂੰ ਗੀਤਕਾਰੀ ਦੀਆਂ ਖੂਬੀਆਂ ਅਤੇ ਸਿਧਾਂਤਾਂ ਦੀ ਪੂਰੀ ਜਾਣਕਾਰੀ ਹੈ। ਹੱਥਲੀ ਪੁਸਤਕ "ਅੱਕ ਦੀਆਂ ਅੰਬੀਆਂ" ਕਾਵਿ ਸੰਗ੍ਰਹਿ ਉਸਦੀ ਪਹਿਲੀ ਪੁਸਤਕ ਹੈ, ਜਿਸਨੂੰ ਨਾਮਵਰ ਪ੍ਰਕਾਸ਼ਕ ਜੇ ਪੀ ਪਬਲੀਕੇਸ਼ਨ ਪਟਿਆਲਾ ਨੇ ਛਾਪਿਆ ਹੈ ਅਤੇ ਇਹ ਪੁਸਤਕ ਸਰੋਤਿਆਂ ਦੇ ਮਨਾਂ ਅੰਦਰਲੇ ਅਹਿਸਾਸਾਂ ਦਾ ਸੰਪੂਰਨ ਪ੍ਰਭਾਵ ਕਬੂਲੇਗੀ।

ਇਹ ਪੁਸਤਕ ਉਹਦੀਆਂ 67 ਖੂਬਸੂਰਤ ਗੀਤ ਅਤੇ ਗ਼ਜ਼ਲਾਂ ਦੇ ਸਮੂਹ ਦਾ ਗੁਲਦਸਤਾ ਹੈ। ਪੁਸਤਕ ਸੰਬੰਧੀ ਸ਼ੁਰੂ ਵਿੱਚ ਹੀ ਜਨਕ ਸੰਗਤ ਨੇ ਆਪਣੇ ਮੁੱਖ ਬੰਦ ਵਿੱਚ ਹਰੀਸ਼ ਪਟਿਆਲਵੀ ਨੂੰ ਇਸ਼ਕ ਨੂੰ ਅੰਬੀਆਂ ਕਹਿਣ ਵਾਲਾ ਸ਼ਾਇਰ ਕਿਹਾ ਹੈ। ਇਸੇ ਤਰ੍ਹਾਂ ਇਸ ਪੁਸਤਕ ਸੰਬੰਧੀ ਲਿਖਦਿਆਂ ਸ਼ਾਇਰਾ ਸੁਖਵਿੰਦਰ ਆਹੀ ਨੇ ਲੇਖਕ ਨੂੰ ਕਾਇਨਾਤ ਦੀ ਬਾਤ ਪਾਉਂਦੀ ਕਲਮ ਲਿਖਿਆ ਹੈ।

ਲੇਖਕ ਦੀਆਂ ਰਚਨਾਵਾਂ ਬਹਿਰ, ਰਿਦਮ, ਵਜ਼ਨ, ਰਵਾਨਗੀ, ਕਾਫੀਏ ਅਤੇ ਤਸਬੀਹਾਂ ਆਦਿ ਦੇ ਪੱਖੋਂ ਤਰਾਜੂ ਦੀ ਸੂਈ ਉੱਤੇ ਖਰੀਆਂ ਉਤਰਦੀਆਂ ਹਨ। ਉਹ ਇਸ ਪੁਸਤਕ ਦੀ ਪਲੇਠੀ ਰਚਨਾ 'ਪ੍ਰਣਾਮ ਸ਼ਹੀਦਾਂ ਨੂੰ' ਵਿੱਚ ਦੇਸ਼ ਲਈ ਆਪਾ ਵਾਰਨ ਵਾਲੇ ਸ਼ਹੀਦਾਂ ਦੀ ਸ਼ਹਾਦਤ ਨੂੰ ਨਤਮਸਤਕ ਹੁੰਦਾ ਹੈ ਅਤੇ ਸ਼ਰਧਾਂਜਲੀ ਵਜੋਂ ਲਿਖਦਾ ਹੈ:

ਆਜ਼ਾਦੀ ਮੁੱਲ ਮਿਲਦੀ ਦੇ ਕੇ ਸਿਰ ਨਜ਼ਰਾਨਿਆਂ ਦੇ
ਲਟ ਲਟ ਬਲਦੇ ਸ਼ਮ੍ਹਾ ਦਿਸੇ ਤਾਂ ਖੰਭ ਪ੍ਰਵਾਨਿਆਂ ਦੇ
ਬਾਗੀ, ਗ਼ਦਰੀ ਲਾਲਚ, ਡਰੋਂ ਗੁਲਾਮ ਨਹੀਂ ਹੁੰਦੇ
ਰੱਸੇ ਚੁੰਮਣ ਵਾਲੇ ਬੰਦੇ ਆਮ ਨਹੀਂ ਹੁੰਦੇ

ਉਸਦੀਆਂ ਰਚਨਾਵਾਂ ਵਿਚ ਦੇਸ਼ ਪਿਆਰ, ਸੱਭਿਆਚਾਰਕ ਕਦਰਾਂ ਕੀਮਤਾਂ, ਵਿਰਾਸਤੀ ਧਰੋਹਰਾਂ, ਤਿਉਹਾਰਾਂ, ਮਿਹਨਤਕਸ਼ਾਂ ਦੀ ਤ੍ਰਾਸਦੀ, ਕਿੱਸਿਆਂ, ਮਾਪਿਆਂ ਦੀ ਕਿਰਤ ਦੇ ਮੁੜਕੇ ਦਾ ਮੁਲ, ਪੰਜਾਬ ਦੀ ਸਿਫਤ, ਪੰਜਾਬੀਅਤ, ਸਾਕਾ ਨੀਲਾ ਤਾਰਾ, ਮਜ਼ਦੂਰਾਂ ਦੀ ਮੰਦਹਾਲੀ ਹਾਲਤ ਆਦਿ ਸਮੇਤ ਸਮਾਜਿਕ ਅਨਿਆਂ, ਨਾਬਰਾਬਰੀ ਆਦਿ ਵਿਸ਼ਿਆਂ ਨੂੰ ਲੇਖਕ ਨੇ ਬਹੁਤ ਹੀ ਗੰਭੀਰਤਾ ਨਾਲ ਲਿਆ ਹੈ। ਉਸਦੀਆਂ ਰਚਨਾਵਾਂ 'ਚੋਂ ਆਰਥਿਕ ਮੰਦਹਾਲੀ ਅਤੇ ਕਿਰਤੀਆਂ ਨਾਲ ਬੇਇਨਸਾਫ਼ੀ ਦੀ ਸਥਿਤੀ ਝਲਕਦੀ ਹੈ। ਉਹਨੇ ਅੱਕ ਦੀਆਂ ਅੰਬੀਆਂ ਰਚਨਾ ਵਿੱਚ ਬਹੁਤ ਖੂਬ ਲਿਖਿਆ ਹੈ:

ਇਸ਼ਕ ਤੇਰਾ ਅੱਕ ਦੀਆਂ ਅੰਬੀਆਂ
ਜਿਉਂ ਚੰਮ ਨੂੰ ਛਿੱਲ ਦੀਆਂ ਰੰਬੀਆਂ
ਇਸ਼ਕ ਤੇਰਾ ਤੈਨੂੰ ਹੀ ਮੰਗਦਾ
ਇਹ ਸੋਚਾਂ ਤਾਂ ਰੂਹਾਂ ਕੰਬੀਆ

ਕਲਮਕਾਰਾਂ ਨੂੰ ਸੰਬੋਧਨ ਹੁੰਦਿਆਂ ਲਿਖਦਾ ਹੈ ਕਿ ਜਦੋਂ ਕਲਮਾਂ ਜ਼ਮੀਰ ਮਾਰ ਕੇ ਹਕੂਮਤ ਦੀ ਜੀ ਹਜ਼ੂਰੀ ਕਰਨ ਲੱਗ ਪੈਣ ਤਾਂ ਹਕੂਮਤੀ ਨਸ਼ਾ ਉਹਨਾਂ ਨੂੰ ਫਰਜ਼ ਭੁਲਾ ਦਿੰਦਾ ਹੈ, ਸਰਕਾਰਾਂ ਮਨਮਾਨੀਆਂ ਤੇ ਉੱਤਰ ਆਉਂਦੀਆਂ ਹਨ ਅਤੇ ਸ਼ਾਇਰ ਲਿਖਦਾ ਹੈ;

ਜਿਹੜੇ ਮੁਲਕ 'ਚ ਕਲਮਾਂ ਵਾਲੇ ਵਿਕ ਜਾਂਦੇ
ਚਾਂਦੀ ਹੋ ਜਾਂਦੀ ਬੁਰੀਆਂ ਸਰਕਾਰਾਂ ਦੀ

ਪਰਿਵਾਰ ਦੇ ਮੋਢੀ ਬਾਪੂ ਦੀ ਮਿਹਨਤ,ਕਿਰਤ ਦਾ ਮੁੱਲ, ਪਰਿਵਾਰ ਲਈ ਵਹਾਏ ਪਸੀਨੇ ਦੀ ਕਦਰ ਕਰਨ ਦੀ ਪ੍ਰੇਰਨਾਂ ਦਿੰਦਿਆਂ ਲੇਖਕ ਲਿਖਦਾ ਹੈ;

ਆਪ ਪੁਰਾਣੇ ਲੀੜੇ ਨਵੇਂ ਸਿਵਾਉਂਦਾ ਬੱਚਿਆਂ ਦੇ
ਭੁੱਖਾ ਰਹਿ ਸਾਰੇ ਸ਼ੌਕ ਪੁਗਾਉਂਦਾ ਬੱਚਿਆਂ ਦੇ
ਆਪਣੇ ਹਿੱਸੇ ਦੀ ਰੋਟੀ ਵੀ ਬੱਚਿਆਂ ਵੱਲ੍ਹ ਧਰ ਜਾਂਦਾ
ਸੂਰਜ ਵਰਗਾ ਬਾਪੂ ਥੋੜਾ ਗਰਮ ਜ਼ਰੂਰ ਲੱਗੇ
ਸੱਚ ਮੰਨੀਏ ਜ਼ਿੰਦਗੀ ਨੂੰ ਚਾਨਣ ਨਾਲ ਭਰ ਜਾਂਦਾ

ਇਸੇ ਤਰ੍ਹਾਂ ਧੀ ਕਦਰ ਗੀਤ ਵਿਚ ਸਹੁਰਿਆਂ ਵੱਲੋਂ ਸਤਾਈ ਧੀ ਦੀ ਬਾਪੂ ਨੂੰ ਦੁੱਖੜੇ ਦੀ ਹੂਕ ਸੁਣਾਉਂਦੀ ਧੀ ਦੀ ਸਥਿਤੀ ਨੂੰ ਬਹੁਤ ਹੀ ਖੂਬਸੂਰਤ ਸ਼ਬਦਾਂ ਵਿੱਚ ਬਿਆਨਿਆ ਹੈ।ਇਹ ਕਲਮ ਭਵਿੱਖ ਵਿੱਚ ਬੁਲੰਦੀਆਂ ਦੀਆਂ ਬਰੂਹਾਂ ਸਰ ਕਰੇਗੀ ,ਇਹ ਮੇਰੀ ਪੇਸ਼ੀਨਗੋਈ ਹੈ।

**ਇੰਜੀ ਸਤਨਾਮ ਸਿੰਘ ਮੱਟੂ**
**9779708257**

# ਸੰਗਤਾਂ ਲਈ ਆਇਆ ਗੀਤ 'ਧੀ ਹਾਂ ਗੁਰੂ ਮਹਾਨ ਦੀ'

ਰਾਮ ਭੋਗਪੁਰ ਨੇ ਕਿਹਾ ਕਿ ਸੰਗੀਤਕ ਰੰਗਤ ਬਹੁਤ ਦੇਖੀ ਹੈ ਪਰ ਬੇਬੀ ਸਰਗਮ ਨੇ ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਤੇ ਐਸਾ ਧਾਰਮਿਕ ਗੀਤ ਗਾ ਦਿੱਤਾ ਕਿ ਉਹਨਾਂ ਨੇ ਦਿਨ ਰਾਤ ਇੱਕ ਕਰ ਕਿ ਬੰਨੀ ਸ਼ਰਮਾ ਤੇ ਮਨੀਸ਼ ਸ਼ਰਮਾ ਨੂੰ ਆਖਿਆ ਕਿ ਸ਼ਿੰਗਾਰ ਕਿ ਸਦੀਆਂ ਤੱਕ ਯਾਦ ਰਹਿਣ ਵਾਲੇ ਤਕਨੀਕੀ ਕੰਮ ਕਰਵਾ ਕਿ ਬੇਬੀ ਸਰਗਮ ਦੀ ਆਵਾਜ਼ ਵਿੱਚ ਗੁਰੂ ਰਵਿਦਾਸ ਜੀ ਮਹਾਰਾਜ ਤੇ ਧਾਰਮਿਕ ਟਰੈਕ "ਧੀ ਹਾਂ ਗੁਰੂ ਮਹਾਨ ਦੀ" ਰਲੀਜ਼ ਕੀਤਾ ਜਾਏ। ਆਰ ਜੇ ਭਗਤੀ ਤੇ ਆਰ ਜੇ ਬੀਟਸ ਵੱਲੋਂ ਬੇਬੀ ਸਰਗਮ ਦਾ ਇਹ ਗੁਰੂ ਰਵਿਦਾਸ ਜੀ ਤੇ ਨਗਮੇ ਨੂੰ ਸੰਗਤਾਂ ਭਰਵਾਂ ਪਿਆਰ ਦੇਣ ਅਰਜ਼ ਹੈ ਸਾਡੀ ਤੇ ਬੇਬੀ ਸਰਗਮ ਦੇ ਪ੍ਰਸੰਸ਼ਾ ਕਰਨ ਵਾਲੇ ਸੰਗੀਤ ਪ੍ਰੇਮੀਆਂ ਦੀ ਕਿਉਂਕਿ ਦਰਬਾਰਾ ਸੁਮਨ ਦਿਆਲਪੁਰ ਨੇ ਬੇਬੀ ਸਰਗਮ ਲਈ ਇਹ ਗੀਤ ਲਿਖਿਆ ਵੀ ਅੱਛਾ ਹੈ ਤੇ ਵੀਡਿਉ ਬਾਬਾ ਕਮਲ ਨੇ ਐਸਾ ਬਣਾ ਦਿੱਤਾ ਹੈ ਕਿ ਮੇਹਰ ਹੈ ਸਤਿਗੁਰੂ ਦੀ ਇਸ ਲਈ ਇਹ ਟਰੈਕ ਪੱਕਾ ਕਾਮਯਾਬ। ਬੀ ਆਰ ਦਿਮਣਾ ਦੇ ਸੰਗੀਤ ਤੇ ਬੇਬੀ ਸਰਗਮ ਦੇ ਗੀਤ "ਧੀ ਹਾਂ ਗੁਰੂ ਮਹਾਨ ਦੀ" ਨੂੰ ਸੰਗਤਾਂ ਸਨਮੁੱਖ ਕਰ ਸੁੱਖ ਵਾਲੀਆ ਵੀ ਖੁਸ਼ ਨੇ ਕਿ ਭਗਤੀ ਭਾਵ ਵਾਲਾ ਕੰਮ ਉਹਨਾਂ ਕੀਤਾ ਹੈ।



# ਜਾਨ ਦਾ ਖੌਅ ਬਣਦੀ ਚੀਨੀ ਡੋਰ



ਡਾ. ਪ੍ਰਿਤਪਾਲ ਸਿੰਘ ਮਹਿਰੋਕ
91-98885-10185

ਫਰਵਰੀ 2019 ਦੇ ਪਹਿਲੇ ਹਫ਼ਤੇ ਦੌਰਾਨ ਪੰਜਾਬ ਦੇ ਕਈ ਇਲਾਕਿਆਂ ਵਿੱਚ ਲਗਾਤਾਰ ਕਈ ਘੰਟਿਆਂ ਬੱਧੀ ਗਰਜ-ਚਮਕ ਨਾਲ ਪੈਂਦੇ ਰਹੇ ਭਾਰੀ ਮੀਂਹ ਨੇ ਠੰਢ ਵਿੱਚ ਤਾਂ ਵਾਧਾ ਕੀਤਾ ਹੀ ਸੀ, ਲੋਕਾਂ ਦੀਆਂ ਪਰੇਸ਼ਾਨੀਆਂ ਨੂੰ ਵੀ ਬਹੁਤ ਹੱਦ ਤੱਕ ਵਧਾ ਦਿੱਤਾ ਸੀ। ਮੀਂਹ ਤੇ ਗੜੇਮਾਰੀ ਪਿੱਛੋਂ ਟਿਕਵੀਂ ਧੁੱਪ ਨਿਕਲਦਿਆਂ ਨੂੰ ਉਸ ਦਿਨ ਤੀਜਾ ਦਿਨ ਹੋ ਗਿਆ ਸੀ। ਬਸੰਤ ਸੀ ਉਸ ਦਿਨ।ਧੁੱਪ ਦੇ ਨਿੱਘ ਵਿੱਚ ਬੈਠਣ ਦੀ ਇੱਛਾ ਹਿਤ ਮੈਂ ਛੱਤ 'ਤੇ ਜਾ ਕੇ ਬੈਠ ਗਿਆ ਤੇ ਅਖਬਾਰਾਂ ਪੜ੍ਹਨ ਲੱਗ ਪਿਆ। ਕੁਝ ਕੁ ਮਿੰਟਾਂ ਪਿੱਛੋਂ ਹੀ ਮੇਰਾ ਧਿਆਨ ਮੇਰੇ ਐਨ ਨੇੜਿਉਂ ਧੀਮੀ ਜਿਹੀ ਸੁਰ ਵਿੱਚ ਆਉਂਦੀ ਸਰ-ਸਰ ਦੀ ਆਵਾਜ਼ ਵੱਲ ਚਲਾ ਗਿਆ। ਵੇਖਿਆ ਤਾਂ ਛੱਤ ਨਾਲ ਘਿਸਰ ਘਿਸਰ ਕੇ ਤੇਜ਼ੀ ਨਾਲ ਖਿਸਕਦੀ ਜਾ ਰਹੀ ਪਤੰਗ ਉਡਾਉਣ ਵਾਲੀ ਡੋਰ ਨਜ਼ਰ ਆਈ। ਡੋਰ ਵਿੱਚ ਉਲਝਿਆ ਕਾਗਜ਼ ਦਾ ਛੋਟਾ ਜਿਹਾ ਟੁਕੜਾ ਆਵਾਜ਼ ਪੈਦਾ ਕਰ ਰਿਹਾ ਸੀ। ਵੇਖਦਿਆਂ ਵੇਖਦਿਆਂ ਡੋਰ ਟੁੱਟ ਕੇ ਰੁਕ ਗਈ ਸੀ। ਚੌਫੇਰਿ ਛੱਤਾਂ 'ਤੇ ਚੜ੍ਹ ਕੇ ਪਤੰਗਾਂ ਉਡਾ ਰਹੇ ਬੱਚਿਆਂ ਦਾ ਸ਼ੋਰ ਸੁਣਾਈ ਦੇ ਰਿਹਾ ਸੀ। ਮੈਂ ਛੱਤ 'ਤੇ ਵਿਛੀ ਤੇ ਸਿਰਕਦੀ ਜਾਂਦੀ ਡੋਰ ਨੂੰ ਹੱਥਾਂ ਵਿੱਚ ਫੜ੍ਹ ਕੇ ਵੇਖਣ ਲਈ ਉਤਸੁਕ ਹੋ ਰਿਹਾ ਸਾਂ। ਆਪਣੇ ਬਚਪਨ ਵਿੱਚ ਮੈਂ ਬੱਚਿਆਂ ਨੂੰ ਸੂਤ ਦੇ ਧਾਗੇ ਦੀ ਅੱਟੀ ਜਾਂ ਸੂਤੜੀ ਨਾਲ ਜਾਂ ਫਿਰ ਹਲਕਾ ਜਿਹਾ ਮਾਂਝਾ ਲੱਗੀ ਡੋਰ ਨਾਲ ਪਤੰਗਾਂ ਉਡਾਉਂਦਿਆਂ ਵੇਖਿਆ ਸੀ। ਐਤਵਾਰ ਹੋਣ ਕਾਰਨ ਉਸ ਦਿਨ ਮੇਰਾ ਇੰਜੀਨੀਅਰ ਬੇਟਾ ਘਰ ਸੀ। ਉਸਨੇ ਮੈਨੂੰ ਦੱਸਿਆ ਕਿ ਇਹ ਤਾਂ ਚੀਨੀ ਡੋਰ ਹੈ। ਇਸ ਨੂੰ ਮੇਰੀ ਅਗਿਆਨਤਾ ਜਾਂ ਸਮਝੋ ਕਿ ਪਲਾਸਟਿਕ ਦੀ ਬਹੁਤ ਬਾਰੀਕ ਜਿਹੀ ਤਾਰ ਵਰਗੀ ਇਸ ਚੀਨੀ ਡੋਰ ਨੂੰ ਮੈਂ ਪਹਿਲੀ ਵਾਰ ਵੇਖ ਰਿਹਾ ਸਾਂ।

ਚੀਨੀ ਡੋਰ ਬਾਰੇ, ਉਸ ਨਾਲ ਹੁੰਦੇ ਹਾਦਸਿਆਂ ਬਾਰੇ,ਉਸ ਨਾਲ ਹੁੰਦੇ ਜਾਨੀ-ਮਾਲੀ ਨੁਕਸਾਨ ਬਾਰੇ ਹੁਣ ਤੱਕ ਪੜ੍ਹਿਆ ਸੁਣਿਆ ਤਾਂ ਬਹੁਤ ਕੁਝ ਸੀ ਪਰ ਉਸਨੂੰ ਆਪਣੀ ਅੱਖੀਂ ਵੇਖਣ ਦਾ ਇਹ ਮੇਰਾ ਪਹਿਲਾ ਮੌਕਾ ਸੀ। ਚੀਨੀ ਡੋਰ ਨੂੰ ਵੇਖਣਾ ਹੀ ਮੈਨੂੰ ਚੰਗਾ ਨਹੀਂ ਸੀ ਲੱਗ ਰਿਹਾ। ਉਹ ਡੋਰ ਮੇਰੀਆਂ ਅੱਖਾਂ ਨੂੰ ਹੀ ਤਕਲੀਫ਼ ਦੇ ਰਹੀ ਸੀ।ਮੈਂ ਸੋਚ ਰਿਹਾ ਹਾਂ ਇਸ ਡੋਰ ਦੀ ਲਪੇਟ ਵਿਚ ਆਉਣ ਵਾਲੇ ਤੇ ਇਸਦੀ ਕਰੋਪੀ ਤੋਂ ਪੀੜਤ ਲੋਕਾਂ ਦਾ ਕੀ ਹਾਲ ਹੁੰਦਾ ਹੋਵੇਗਾ? ਪਿਛਲੇ ਕਈ ਸਾਲਾਂ ਤੋਂ ਇਹ ਡੋਰ ਲੋਕਾਂ ਦੀ ਜਾਨ ਦਾ ਖੌਅ ਬਣੀ ਚਲੀ ਆ ਰਹੀ ਹੈ। ਕਈ ਬੱਚੇ, ਕਈ ਰਾਹਗੀਰ, ਕਈ ਦੋਪਹੀਆ ਵਾਹਨ-ਚਾਲਕ ਅਨਭੋਲਪੁਣੇ ਵਿੱਚ ਹੀ ਇਸਦੀ ਲਪੇਟ ਵਿੱਚ ਆ ਕੇ ਆਪਣੀਆਂ ਕੀਮਤੀ ਜਾਨਾਂ ਗਵਾ ਚੁੱਕੇ ਹਨ। ਕਈ ਆਪਣੇ ਸਰੀਰ ਦਾ ਕੋਈ ਅੰਗ ਗਵਾ ਬੈਠੇ ਹਨ। ਕਈ ਹੋਰ ਲਹੂ ਲੁਹਾਨ ਹੋ ਚੁੱਕੇ ਹਨ। ਅਨੇਕ ਪਰਿੰਦੇ ਤੇ ਮਾਸੂਮ ਜਾਨਵਰ ਇਸ ਡੋਰ ਦੀ ਲਪੇਟ ਵਿੱਚ ਆ ਕੇ ਮਾਰੇ ਗਏ ਹਨ। ਅਜਿਹਾ ਕਿਉਂ ਹੋ ਰਿਹਾ ਹੈ? ਇਸ ਪਿੱਛੇ ਕੀ ਕਾਰਨ ਹੋ ਸਕਦੇ ਹਨ? ਜਾਗਰੂਕ ਮਨੁੱਖ ਇਸ ਉਪਰ ਫਿਕਰਮੰਦੀ ਪ੍ਰਗਟ ਕਰਦਾ ਚਲਿਆ ਆ ਰਿਹਾ ਹੈ। ਪਰ ਵਪਾਰੀ ਬਿਰਤੀ ਵਾਲਾ ਮੁਨਾਫ਼ਾ ਕਮਾਉਣ ਵਾਲਾ ਮਨੁੱਖ (ਕਾਰੋਬਾਰੀ) ਹੈ ਕਿ ਉਸਦਾ ਮਨ ਨਹੀਂ ਪਸੀਜਦਾ। ਪੈਸਾ ਹੀ ਉਸਦਾ ਧਰਮ ਹੈ, ਪੈਸਾ ਹੀ ਉਸਦਾ ਭਗਵਾਨ ਹੈ! ਜ਼ਹਿਰ ਵੇਚਣ ਵਾਲਾ ਵੀ ਤਾਂ ਮਨੁੱਖੀ ਲਿਬਾਸ ਵਿਚ ਹੀ ਹੰਦਾ ਹੈ।

ਚੀਨੀ ਡੋਰ ਨੂੰ ਹੱਥਾਂ ਨਾਲ ਛੂਹਣ ਤੇ ਨੇੜਿਓਂ ਵੇਖਣ ਉਪਰੰਤ ਉਸਦਾ ਹੋਰ ਵਧੇਰੇ ਵਿਕਰਾਲ ਰੂਪ ਮੇਰੇ ਜ਼ਿਹਨ ਵਿੱਚ ਉੱਘੜ ਆਉਂਦਾ ਹੈ। ਉਹ ਡੋਰ ਜਦੋਂ ਕਿ ਇਕ ਕੋਹਝੇ, ਘਟੀਆ ਤੇ ਮਾਰੂ ਹਥਿਆਰ ਵਜੋਂ ਆਪਣਾ ਘਿਣਾਉਣਾ ਪ੍ਰਭਾਵ ਬਣਾ ਕਰ ਚੁੱਕੀ ਹੈ ਤਾਂ ਵਪਾਰੀ ਲੋਕ ਪਤੰਗ ਉਡਾਉਣ ਵਾਲੇ ਇਕ ਉਤਪਾਦ ਵਜੋਂ ਉਸਦੀ ਵਿਕਰੀ ਕਿਉਂ ਕਰ ਰਹੇ ਹਨ? ਉਸਦੀ ਉਪਯੋਗਤਾ ਤੇ ਭਰੋਸੇਯੋਗਤਾ ਜਦੋਂ ਮਨੁੱਖੀ ਮਨ ਵਿੱਚੋਂ ਮਨਫ਼ੀ ਹੋ ਚੁੱਕੀ ਹੈ ਤੇ ਉਸਦੀ ਵਰਤੋਂ ਨਾਲ ਜਾਨ ਦਾ ਖਉ ਬਣਿਆ ਰਹਿੰਦਾ ਹੈ ਤਾਂ ਉਸਨੂੰ ਵੇਚਣ, ਖਰੀਦਣ ਤੇ ਉਸਦੀ ਵਰਤੋਂ ਕਰਨ ਉਪਰ ਮੁਕੰਮਲ ਪਾਬੰਦੀ ਕਿਉਂ ਨਹੀਂ ਲਗਾਈ ਜਾਂਦੀ?

ਇਸ ਚੰਦਰੀ ਡੋਰ ਨਾਲ ਹੁੰਦੇ ਹਾਦਸਿਆਂ ਬਾਰੇ ਪੜ੍ਹ ਸੁਣ ਕੇ ਮੇਰਾ ਮਨ ਹਿਰਖ ਤੇ ਸੋਗ ਨਾਲ ਵਲੂੰਦਰਿਆ ਜਾਂਦਾ ਹੈ। ਇਸ ਡੋਰ ਨੂੰ ਵੇਖ /ਛੂਹ ਕੇ ਹੀ ਦਹਿਲ ਜਾਣ ਦੀ ਭਾਵੁਕਤਾ ਤੇ ਸੰਵੇਦਨਾ ਤੋਂ ਮੈਂ ਅਜੇ ਤੱਕ ਖਹਿੜਾ ਨਹੀਂ ਛੁਡਾ ਸਕਿਆ। ਮੈਂ ਪਤੰਗ ਉਡਾਉਣ ਵਾਲੀ ਸਾਧਾਰਨ ਡੋਰ, ਸਾਹਾਂ ਦੀ ਡੋਰ (ਤੰਦ), ਕਠਪੁਤਲੀ ਦੀ ਡੋਰ, ਅਧਿਆਤਮ ਦੇ ਖੇਤਰ ਵਿੱਚ ਚਰਚਾ ਵਿੱਚ ਆਉਂਦੀ ਡੋਰ (ਤੇ ਪਤੰਗ) ਆਦਿ ਬਾਰੇ ਸੋਚਣ ਲੱਗ ਜਾਂਦਾ ਹਾਂ। ਸਾਹਮਣੇ ਛੱਤਾਂ 'ਤੇ ਨਜ਼ਰ ਆਉਂਦੇ ਪਤੰਗਾਂ ਉਡਾ ਰਹੇ ਬੱਚਿਆਂ ਨੂੰ ਮੈਂ ਚੀਨੀ ਡੋਰ ਦੀ ਵਰਤੋਂ ਨਾ ਕਰਨ ਦੀ ਸਲਾਹ ਦੇਣੀ ਚਾਹੁੰਦਾ ਹਾਂ ਪਰ ਉਹ ਪਤੰਗਾਂ ਉਡਾਉਣ ਦੀ ਮਸਤੀ ਤੇ ਲੁਤਫ਼ ਉਠਾਉਣ ਵਿੱਚ ਇਸ ਹੱਦ ਤੱਕ 'ਉਡਾਣ' 'ਤੇ ਹਨ ਕਿ ਉਨ੍ਹਾਂ ਕੋਲ ਕਿਸੇ ਨੂੰ ਸੁਣਨ ਦੀ ਵਿਹਲ ਵੀ ਨਹੀਂ ਤੇ ਸਮਾਂ ਵੀ ਨਹੀਂ।

ਹੁਣ ਤਾਂ ਚੀਨ ਦੀਆਂ ਕਈ ਵੱਡੀਆਂ ਕੰਪਨੀਆਂ ਨੇ ਭਾਰਤ ਦੇ ਵਿਭਿੰਨ ਵੱਡੇ ਸ਼ਹਿਰਾਂ ਵਿੱਚ ਆਪਣੇ ਪਲਾਂਟ ਲਗਾ ਲਏ ਹਨ ਤੇ ਚੀਨੀ ਉਤਪਾਦਾਂ ਦਾ ਵੱਡੀ ਪੱਧਰ 'ਤੇ ਉਤਪਾਦਨ ਵੀ ਹੋ ਰਿਹਾ ਹੈ। ਚੀਨੀ ਉਤਪਾਦ ਧੜਾ ਧੜ ਵਿਕ ਵੀ ਰਹੇ ਹਨ। ਹਾਲਾਂਕਿ ਗਾਹਕਾਂ ਦੇ ਇਕ ਹਿੱਸੇ ਵੱਲੋਂ ਇਨ੍ਹਾਂ ਉਤਪਾਦਾਂ ਦੀ ਖਰੀਦ ਨੂੰ ਨਕਾਰਨ ਦੇ ਫੈਸਲੇ ਬਾਰੇ ਪੜ੍ਹਨ-ਸੁਣਨ ਨੂੰ ਮਿਲਦਾ ਰਹਿੰਦਾ ਹੈ। ਪਰ ਅਸਲ ਵਿੱਚ ਸਾਰਾ ਕੁਝ ਅੰਤਰ-ਰਾਸ਼ਟਰੀ ਵਪਾਰ ਨਾਲ ਸਬੰਧਤ ਸਰਕਾਰੀ ਨੀਤੀਆਂ ਉਪਰ ਨਿਰਭਰ ਕਰਦਾ ਹੈ। ਸਰਕਾਰ ਜੇ ਚੀਨੀ ਉਤਪਾਦਾਂ ਦੇ ਆਯਾਤ ਉਪਰ ਪਾਬੰਦੀਆਂ ਲਗਾਉਂਦੀ ਹੈ ਤਾਂ ਲੋਕ ਕਿਸੇ ਹੱਦ ਤੱਕ ਅਜਿਹਾ ਨੁਕਸਾਨ ਕਰਵਾਉਣ ਤੋਂ ਬਚ ਸਕਣ ਦੀ ਸਥਿਤੀ ਵਿੱਚ ਹੋ ਸਕਦੇ ਹਨ। ਮਨੁੱਖ ਦੀ ਜਾਨ ਬਹੁਤ ਕੀਮਤੀ ਹੈ। ਉਸਦੀ ਤਾਂ ਕੋਈ ਕੀਮਤ ਨਹੀਂ। ਬਹੁਤ ਅਹਿਮ ਪ੍ਰਸ਼ਨ ਉੱਠਣਾ ਸੁਭਾਵਿਕ ਹੈ ਕਿ ਮਨੁੱਖੀ ਜਾਨਾਂ ਨੂੰ ਦਾਅ 'ਤੇ ਲਗਾ ਕੇ ਵਪਾਰਕ ਸਮਝੌਤੇ ਕਿਉਂ ਕੀਤੇ ਜਾਂਦੇ ਹਨ?


ਬਹੁਤ ਅਹਿਮ ਪ੍ਰਸ਼ਨ ਹੈ ਕਿ ਸਰਕਾਰਾਂ ਚੀਨੀ ਡੋਰ ਦੀ ਬਰਾਮਦ, ਦਰਾਮਦ ਕਰਨ, ਇਸਦਾ ਭੰਡਾਰ ਇਕੱਠਾ ਕਰਨ, ਵੇਚਣ, ਖਰੀਦਣ ਤੇ ਵਰਤਣ 'ਤੇ ਮੁਕੰਮਲ ਪਾਬੰਦੀ ਕਿਉਂ ਨਹੀਂ ਲਗਾਉਂਦੀਆਂ? ਚੀਨੀ ਡੋਰ ਦੀ ਵਰਤੋਂ ਨੂੰ ਠੱਲ੍ਹ ਪਾਉਣ ਲਈ ਪਿੱਛੇ ਜਿਹੇ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਉੱਕਾ-ਦੁੱਕਾ ਯਤਨ ਧਿਆਨ ਦੀ ਮੰਗ ਕਰਦੇ ਹਨ। ਚੀਨੀ ਡੋਰ ਨੂੰ ਸਟੋਰ ਕਰਨ ਵਾਲਿਆਂ ਅਤੇ ਉਸਦੇ ਵਿਕਰੇਤਾਵਾਂ 'ਤੇ ਨਿਗਾਹ ਰੱਖੀ ਜਾ ਰਹੀ ਹੈ। ਛਾਪੇ ਮਾਰੇ ਜਾ ਰਹੇ ਹਨ। ਚੀਨੀ ਡੋਰ ਦੇ ਵਿਕਰੇਤਾਵਾਂ ਵੱਲੋਂ ਸਟੋਰ ਕਰਕੇ ਰੱਖੇ ਡੋਰ ਦੇ ਸੈਂਕੜੇ ਗੱਟੂ ਫੜ੍ਹੇ ਜਾ ਰਹੇ ਹਨ।

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੀ ਇਸ ਵਾਰ ਹਰਕਤ ਵਿੱਚ ਆਇਆ ਜਾਪਦਾ ਹੈ। ਇਸ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਮੀਡੀਏ ਰਾਹੀਂ ਸੂਚਿਤ ਕੀਤਾ ਜਾ ਰਿਹਾ ਹੈ। ਇਸ ਤਹਿਤ ਦੋਸ਼ੀ ਪਾਏ ਜਾਣ ਵਾਲਿਆਂ ਨੂੰ ਭਾਰੀ ਜੁਰਮਾਨੇ ਕੀਤੇ ਜਾਣ ਦੀ ਵਿਵਸਥਾ ਵੀ ਦੱਸੀ ਜਾ ਰਹੀ ਹੈ। ਵੇਖਣ ਵਾਲੀ ਗੱਲ ਇਹ ਹੈ ਕਿ ਇਸ ਮੁਹਿੰਮ ਦੇ ਸਿੱਟੇ ਕੀ ਨਿਕਲਦੇ ਹਨ। ਕਾਰੋਬਾਰੀ ਲੋਕ ਆਪਣਾ ਕਾਰੋਬਾਰ ਬਣਾਈ ਰੱਖਣ ਲਈ ਤੇ ਉਸਨੂੰ ਵਧਾਉਣ ਲਈ ਸੌ ਹੀਲੇ-ਉਪਰਾਲੇ ਕਰ ਲੈਂਦੇ ਹਨ। ਉਹ ਕਈ ਚੋਰ ਮੋਰੀਆਂ ਲੱਭ ਲੈਂਦੇ ਹਨ।

ਸਰਕਾਰ ਨੂੰ ਚਾਹੀਦਾ ਹੈ ਕਿ ਉਹ ਵੱਡੇ ਕਾਰੋਬਾਰੀਆਂ ਉਪਰ ਸਖਤੀ ਕਰੇ ਤਾਂ ਜੋ ਉਹ ਚੀਨੀ ਡੋਰ ਨੂੰ ਇਸ ਦੇਸ਼ ਵਿੱਚ ਆਯਾਤ ਨਾ ਕਰ ਸਕਣ। ਅਜਿਹਾ ਕਰਨ ਉਪਰ ਮੁਕੰਮਲ ਪਾਬੰਦੀ ਲਗਾਉਣੀ ਚਾਹੀਦੀ ਹੈ ਤੇ ਇਸ ਦਿਸ਼ਾ ਵਿੱਚ ਤੁਰੰਤ ਅਸਰਦਾਇਕ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਅਜਿਹੇ ਸੰਜੀਦਾ ਮਸਲਿਆਂ ਉਪਰ ਸਰਕਾਰਾਂ ਕਦੋਂ ਗੌਰ ਕਰਨਗੀਆਂ? ਸਰਕਾਰ ਵਾਸਤੇ ਇਹ ਕਿੰਨਾ ਕੁ ਵੱਡਾ ਕੰਮ ਹੈ? ਮੁੜ ਮੁੜ ਮੇਰੇ ਅੰਦਰੋਂ ਇਕ ਸਵਾਲ ਉੱਠ ਰਿਹਾ ਹੈ ਕਿ ਸਰਕਾਰਾਂ ਲੋਕਾਂ ਪ੍ਰਤੀ ਆਪਣੀ ਜੁਆਬਦੇਹੀ ਤੋਂ ਕਦੋਂ ਕੁ ਤੱਕ ਟਾ਼ਲਾ ਵੱਟਦੀਆਂ ਰਹਿਣਗੀਆਂ?

# ਪੁਸਤਕ ਸਮੀਖਿਆ

**ਕਕੜੀਆ ਅੰਬ**
**ਰੀਵਿਊਕਾਰ: ਬਲਜਿੰਦਰ ਮਾਨ 98150 18947**
**ਕਹਾਣੀਕਾਰ: ਪ੍ਰਿੰ।ਬਹਾਦਰ ਸਿੰਘ ਗੋਸਲ ਪ੍ਰਕਾਸ਼ਕ: ਤਰਲੋਚਨ ਪਬਲਿਸ਼ਰਜ ਚੰਡੀਗੜ੍ਹ, ਪੰਨੇ: 52, ਮੁੱਲ: 150/-**




ਪ੍ਰਿੰਸੀਪਲ ਬਹਾਦਰ ਸਿੰਘ ਗੋਸਲ ਸਾਹਿਤ ਦੇ ਖੇਤਰ ਵਿੱਚ ਨਿਰੰਤਰ ਕਾਰਜ ਕਰਨ ਵਾਲੇ ਸਾਹਿਤਕਾਰ ਹਨ। ਉਹਨਾਂ ਦਹਾਕਿਆਂ ਦੀ ਮਿਹਨਤ ਨਾਲ ਬਾਲ ਸਾਹਿਤ ਦੇ ਖੇਤਰ ਵਿੱਚ ਅੱਜ ਤੱਕ 70 ਪੁਸਤਕਾਂ ਦਾ ਸ਼ਾਨਦਾਰ ਯੋਗਦਾਨ ਪਾਇਆ ਹੈ। ਉਹਨਾਂ ਦੁਆਰਾ ਰਚੀਆਂ ਕੁੱਲ ਪੁਸਤਕਾਂ ਦੀ ਗਿਣਤੀ 106 ਹੋ ਚੁੱਕੀ ਹੈ। ਉਹ ਜਿੱਥੇ ਸਾਹਿਤ ਸਿਰਜਣਾ ਦੇ ਖੇਤਰ ਵਿੱਚ ਸਰਗਰਮ ਹਨ ਉੱਥੇ ਸੰਪਾਦਨਾ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਵੀ ਕਾਰ-ਜਸ਼ੀਲ ਹਨ। ਸਾਹਿਤ, ਸਿੱਖਿਆ, ਸੱਭਿਆਚਾਰਕ ਅਤੇ ਸਮਾਜਿਕ ਗਤੀਵਿਧੀਆਂ ਵਿੱਚ ਉਹਨਾਂ ਦਾ ਯੋਗਦਾਨ ਸ਼ਲਾਘਾਯੋਗ ਹੈ। ਵਿਸ਼ਵ ਪੰਜਾਬੀ ਪ੍ਰਚਾਰ ਸਭਾ ਰਾਹੀਂ ਉਹ ਪੂਰੇ ਵਿਸ਼ਵ ਵਿੱਚ ਮਾਤ ਭਾਸ਼ਾ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਜੁਟੇ ਹੋਏ ਹਨ। ਖਾਸ ਕਰਕੇ ਬੱਚਿਆਂ ਨੂੰ ਮਾਤ ਭਾਸ਼ਾ ਨਾਲ ਜੋੜਨ ਲਈ ਉਹਨਾਂ ਦੇ ਉਪਰਾਲੇ ਅੱਵਲ ਦਰਜੇ ਦੇ ਹਨ। ਇੱਕ ਅਧਿਆਪਕ ਹੁੰਦਿਆਂ ਉਨ੍ਹਾਂ ਬੱਚਿਆਂ ਦੇ ਨਾਲ ਅਨੇਕਾਂ ਤਜਰਬੇ ਕੀਤੇ। ਬਾਲ ਮਾਨਸਿਕਤਾ ਨੂੰ ਪੜ੍ਹਿਆ ਅਤੇ ਉਨ੍ਹਾਂ ਦੀ ਮਾਨਸਿਕਤਾ ਦੀ ਤ੍ਰਿਪਤੀ ਵਾਸਤੇ ਸਾਹਿਤ ਦੀ ਸਿਰਜਣਾ ਕੀਤੀ। ਆਪ ਦੁਆਰਾ ਰਚੇ ਕਹਾਣੀ ਸੰਗ੍ਰਹਿ ਸਕੂਲਾਂ ਦੀਆਂ ਲਾਇਬ੍ਰੇਰੀਆਂ ਦਾ ਸ਼ਿੰਗਾਰ ਬਣ ਚੁੱਕੇ ਹਨ। ਪਾਠਕਾਂ ਵੱਲੋਂ ਹਰ ਪੁਸਤਕ ਨੂੰ ਭਰਪੂਰ ਹੁੰਗਾਰਾ ਦਿੱਤਾ ਜਾਂਦਾ ਹੈ। ਉਹ ਆਪਣੇ ਜੀਵਨ ਦੇ ਡੂੰਘੇ ਤਜਰਬਿਆਂ ਨੂੰ ਇਹਨਾਂ ਕਹਾਣੀਆਂ ਵਿੱਚ ਸ਼ਾਮਿਲ ਕਰਕੇ ਬੱਚਿਆਂ ਨੂੰ ਪ੍ਰੇਰਿਤ ਕਰਦੇ ਹਨ। ਬਾਲ ਮਾਨਸਿਕਤਾ ਨੂੰ ਨਿਖਾਰਨਾ ,ਵਿਚਾਰਨਾ ਅਤੇ ਸ਼ਿੰਗਾਰਨਾ ਉਹਨਾਂ ਦੀ ਰਚਨਾ ਦਾ ਮੁੱਖ ਮਨੋਰਥ ਹੈ।

ਹੱਥਲੀ ਪੁਸਤਕ 'ਕਕੜੀਆਂ ਅੰਬ' ਦਾ ਜਦੋਂ ਅਸੀਂ ਪਾਠ ਕਰਦੇ ਹਾਂ ਤਾਂ ਸਾਨੂੰ ਪੁਰਾਤਨ ਸਮੇਂ ਦੇ ਰਾਜੇ ਮਹਾਰਾਜੇ ਅਤੇ ਉਸ ਜ਼ਮਾਨੇ ਦੇ ਆਮ ਲੋਕਾਂ ਦੇ ਜੀਵਨ ਦੀਆਂ ਝਲਕਾਂ ਦਿਖਾਈ ਦਿੰਦੀਆਂ ਹਨ। ਪੁਰਾਣੇ ਸਮਿਆਂ ਤੋਂ ਚੱਲ ਰਹੀਆਂ ਲੋਕ ਕਥਾਵਾਂ ਅਤੇ ਮੁਹਾਵਰੇ ਇਹਨਾਂ ਕਹਾਣੀਆਂ ਵਿੱਚੋਂ ਸਹਿਜੇ ਹੀ ਦੇਖੇ ਜਾ ਸਕਦੇ ਹਨ। ਬਜ਼ੁਰਗਾਂ ਦੁਆਰਾ ਸੁਣਾਈਆਂ ਇਹ ਕਥਾਵਾਂ ਕਹਾਣੀਕਾਰ ਦੁਆਰਾ ਮੁੜ ਤੋਂ ਆਧੁਨਿਕ ਸਮੇਂ ਅਨੁਸਾਰ ਸਿਰਜੀਆਂ ਗਈਆਂ ਹਨ। ਕਹਾਣੀਕਾਰ ਇਹਨਾਂ ਕਹਾਣੀਆਂ ਰਾਹੀਂ ਬੱਚਿਆਂ ਨੂੰ ਆਧੁਨਿਕ ਸਮੇਂ ਦੇ ਹਾਣੀ ਬਣਾਉਣ ਦੇ ਆਹਰ ਵਿੱਚ ਹੈ। ਸਰਬੱਤ ਦਾ ਭਲਾ, ਉਸਾਰੂ ਸੋਚ, ਲੋਕਾਂ ਦੀ ਮਦਦ, ਮਿੱਠੀ ਬੋਲ ਬਾਣੀ, ਨਿਸ਼ਚੇ ਨਾਲ ਮੰਜ਼ਿਲ ਵੱਲ ਵਧਣਾ ਹੰਕਾਰ ਤੋਂ ਬਚਣਾ, ਨਿਮਰਤਾ, ਸਹਿਣਸ਼ੀਲਤਾ, ਅਣਖੀਲੀ ਜ਼ਿੰਦਗੀ ਜਿਹੇ ਗੁਣ ਇਹਨਾਂ ਕਹਾਣੀਆਂ ਰਾਹੀਂ ਬੱਚਿਆਂ ਅੰਦਰ ਭਰੇ ਜਾ ਰਹੇ ਹਨ। ਕਿਸੇ ਦੀ ਦੁੱਖ ਤਕਲੀਫ ਨੂੰ ਘੱਟ ਕਰਨਾ, ਕਿਸੇ ਦੀ ਮਦਦ ਕਰਨਾ, ਲੋੜ ਵੇਲੇ ਸਹਾਈ ਹੋਣਾ, ਆਦਿ ਖੂਬੀਆਂ ਨਾਲ ਇਹ ਕਹਾਣੀਆਂ ਭਰੀਆਂ ਪਈਆਂ ਹਨ। 14 ਕਹਾਣੀਆਂ ਦਾ ਇਹ ਸੰਗ੍ਰਹਿ ਸੰਧੂਰੀ ਅਤੇ ਰਸੀਲੇ ਅੰਬਾਂ ਦੀ ਮਹਿਕ ਪ੍ਰਦਾਨ ਕਰਦਾ ਹੈ। ਪਹਿਲੀ ਕਹਾਣੀ ਪੜ੍ਹ ਕੇ ਹੀ ਹੋਰ ਅੱਗੇ ਪੜ੍ਹਨ ਦੀ ਪ੍ਰੇਰਨਾ ਮਿਲਦੀ ਹੈ। ਇਹਨਾਂ ਕਹਾਣੀਆਂ ਵਿੱਚ ਸਾਨੂੰ ਆਪਣੇ ਅਸੂਲਾਂ ਤੇ ਪਹਿਰਾ ਦੇਣ ਦੀ ਨਸੀਹਤ ਵੀ ਦਿੱਤੀ ਗਈ ਹੈ। 14 ਬਾਲ ਕਹਾਣੀਆਂ ਵਿੱਚ ਸ਼ੁਕਰਾਨਾ, ਗਰੀਬ ਦੀ ਸੋਚ, ਸਰਬੱਤ ਦਾ ਭਲਾ, ਮਾਂ ਦੀ ਸਿੱਖਿਆ, ਲਾਲਚ ਦੀ ਗਾਗਰ, ਲਾਲਚ ਕਰੇ ਲਾਚਾਰ, ਕਕੜੀਆਂ ਅੰਬ ,ਅਣਖ ਦੀ ਜ਼ਿੰਦਗੀ, ਗੰਡੇਰੇ ਦੀ ਚੋਰੀ, ਬੁਰੇ ਦਾ ਭਲਾ, ਮਾਂ ਦੀ ਮਮਤਾ ਦੀ ਕਹਾਣੀ, ਮਾਂ ਸ਼ਬਦ ਦਾ ਮਹੱਤਵ, ਮਹਾਤਮਾ ਬੁੱਧ ਜੀ ਦੀ ਸਿੱਖਿਆ ਅਤੇ ਦੂਜੇ ਟੋਏ ਦੀ ਤਿਆਰੀ ਕਹਾਣੀਆਂ ਕੰਪਿਊਟਰ ਚਿੱਤਰਾਂ ਸਮੇਤ ਦਰਜ ਹਨ। ਬਾਲ ਪਾਠਕ ਇਸ ਪੁਸਤਕ ਤੋਂ ਪ੍ਰੇਰਨਾ ਲੈ ਕੇ ਆਪਣੀ ਸ਼ਖਸ਼ੀਅਤ ਨੂੰ ਉੱਚਾ ਤੇ ਸੁੱਚਾ ਬਣਾ ਸਕਦੇ ਹਨ।

# ਅਧਿਆਤਮਿਕ ਤੰਦਰੁਸਤੀ ਅਤੇ ਨੈਤਿਕ ਸ਼ਾਸਨ ਭਵਿੱਖ ਦੇ ਵਿਕਾਸ ਲਈ ਮਹੱਤਵਪੂਰਨ: ਚਾਂਸਲਰ ਡਾ. ਜ਼ੋਰਾ ਸਿੰਘ

## ਦੇਸ਼ ਭਗਤ ਯੂਨੀਵਰਸਿਟੀ ਵਿਖੇ ਰਾਸ਼ਟਰੀ ਸੈਮੀਨਾਰ ਨੈਤਿਕ ਅਤੇ ਸਮਾਵੇਸ਼ੀ ਵਿਕਾਸ ਦੇ ਦ੍ਰਿਸ਼ਟੀਕੋਣ ਨਾਲ ਹੋਇਆ ਸਮਾਪਤ

ਮੰਡੀ ਗੋਬਿੰਦਗੜ੍ਹ- ਦੇਸ਼ ਭਗਤ ਯੂਨੀਵਰਸਿਟੀ ਵਿਖੇ ਸਮਾਜਿਕ ਵਿਗਿਆਨ ਅਤੇ ਭਾਸ਼ਾਵਾਂ ਦੀ ਫੈਕਲਟੀ ਵੱਲੋਂ ਇੰਡੀਅਨ ਕੌਂਸਲ ਆਫ਼ ਸੋਸ਼ਲ ਸਾਇੰਸ ਰਿਸਰਚ (ਆਈ.ਸੀ.ਐਸ.ਐਸ.ਆਰ.) ਦੇ ਸਹਿਯੋਗ ਨਾਲ "ਵਸੁਧੈਵ ਕੁਟੁੰਬਕਮ: ਸੰਪੂਰਨ ਮਨੁੱਖੀ ਵਿਕਾਸ ਲਈ ਇੱਕ ਭਾਰਤ ਕੇਂਦਰਿਤ ਦ੍ਰਿਸ਼ਟੀਕੋਣ" ਸਿਰਲੇਖ ’ਤੇ ਦੋ-ਰੋਜ਼ਾ ਰਾਸ਼ਟਰੀ ਸੈਮੀਨਾਰ ਦਾ ਸਫਲਤਾਪੂਰਵਕ ਸਮਾਪਨ ਹੋਇਆ।

ਸੈਮੀਨਾਰ ਦੇ ਦੂਜੇ ਦਿਨ ਦੀ ਸ਼ੁਰੂਆਤ ਸਰੋਤ ਵਿਅਕਤੀਆਂ ਅਤੇ ਪਤਵੰਤਿਆਂ ਦੇ ਜਾਣ-ਪਛਾਣ ਅਤੇ ਰਸਮੀ ਸਵਾਗਤ ਨਾਲ ਹੋਈ। ਜੀਜੀਐਨ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ, ਲੁਧਿਆਣਾ ਦੇ ਪ੍ਰਿੰਸੀਪਲ ਡਾ: ਹਰਪ੍ਰੀਤ ਸਿੰਘ ਨੇ ਨੌਜਵਾਨ ਪੀੜ੍ਹੀ ਵਿੱਚ ਕੁਰਬਾਨੀ ਅਤੇ ਸ਼ਰਧਾ ਦੀਆਂ ਕਦਰਾਂ-ਕੀਮਤਾਂ ਪੈਦਾ ਕਰਨ ਦੀ ਮਹੱਤਤਾ ’ਤੇ ਜ਼ੋਰ ਦਿੱਤਾ। ਉਨ੍ਹਾਂ ਉਜਾਗਰ ਕੀਤਾ ਕਿ ਜਦੋਂ ਕਿ ਮੌਜੂਦਾ ਸਿੱਖਿਆ ਪ੍ਰਣਾਲੀ ਹੁਨਰ ਵਿਕਾਸ ’ਤੇ ਢੁਕਵਾਂ ਧਿਆਨ ਕੇਂਦਰਤ ਕਰਦੀ ਹੈ, ਇਹ ਅਕਸਰ ਜ਼ਰੂਰੀ ਜੀਵਨ ਮੁੱਲਾਂ ਨੂੰ ਨਜ਼ਰਅੰਦਾਜ਼ ਕਰਦੀ ਹੈ, ਖਾਸ ਕਰਕੇ ਅਧਿਆਤਮਿਕਤਾ, ਜੋ ਇਹਨਾਂ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਦੀ ਹੈ।





ਇਸ ਸਮਾਗਮ ਵਿੱਚ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ: ਜ਼ੋਰਾ ਸਿੰਘ ਨੇ ਮੁੱਖ ਮਹਿਮਾਨ ਵਜੋਂ ਅਤੇ ਡਾ: ਤਜਿੰਦਰ ਕੌਰ, ਪ੍ਰੋ-ਚਾਂਸਲਰ, ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਇਸ ਮੌਕੇ ਚਾਂਸਲਰ ਦੇ ਸਲਾਹਕਾਰ ਡਾ: ਵਰਿੰਦਰ ਸਿੰਘ, ਡੀਬੀਯੂ ਦੇ ਵਾਈਸ ਪ੍ਰੈਜ਼ੀਡੈਂਟ ਡਾ: ਹਰਸ਼ ਸਦਾਵਰਤੀ, ਡਾ ਸੁਰਜੀਤ ਕੌਰ ਪਥੇਜਾ, ਰਜਿਸਟਰਾਰ ਸੁਰਿੰਦਰ ਪਾਲ ਕਪੂਰ ਵੀ ਹਾਜ਼ਰ ਸਨ।

ਨਵੀਂ ਦਿੱਲੀ ਵਿੱਚ ਫਿਨਲੈਂਡ ਦੇ ਦੂਤਾਵਾਸ ਵਿੱਚ ਉਚੇਰੀ ਸਿੱਖਿਆ ਅਤੇ ਵਿਗਿਆਨ ਨੀਤੀ ਲਈ ਕਾਉਂਸਲਰ ਡਾ. ਲੀਜਾ ਜੇ. ਟੋਇਵੋਨੇਨ ਨੇ ਵੀ ਇਸ ਮੌਕੇ ਵਿਸ਼ੇਸ਼ ਤੌਰ ’ਤੇ ਹਾਜ਼ਰੀ ਭਰੀ। ਉਨ੍ਹਾਂ ਵਿਚਾਰ ਸਾਂਝੇ ਕਰਦੀਆਂ ਕਿਹਾ ਕਿ ‘ਵਸੁਧੈਵ ਕੁਟੁੰਬਕਮ’, ਭਾਰਤੀ ਸੱਭਿਅਤਾ ਵਿੱਚ ਜੜ੍ਹਾਂ, ਇੱਕ ਸਿੰਗਲ ਪਰਿਵਾਰ ਦੇ ਰੂਪ ਵਿੱਚ ਮਨੁੱਖਤਾ ਦੀ ਏਕਤਾ ਦੀ ਕਲਪਨਾ ਕਰਦੀ ਹੈ। ਇਹ ਅੱਜ ਦੇ ਆਪਸ ਵਿੱਚ ਜੁੜੇ ਸੰਸਾਰ ਵਿੱਚ ਪਹਿਲਾਂ ਨਾਲੋਂ ਕਿਤੇ ਵੱਧ ਗੂੰਜਦਾ ਹੈ, ਸਾਂਝੀ ਮਨੁੱਖਤਾ ਦੇ ਮਹੱਤਵ, ਸਾਂਝੇ ਵਿਕਾਸ ਟੀਚਿਆਂ, ਅਤੇ ਨਿਯਮਾਂ ਦੇ ਅਧਾਰ ਤੇ ਅੰਤਰਰਾਸ਼ਟਰੀ ਸ਼ਾਂਤੀ ਦਾ ਪਿੱਛਾ ਕਰਨ ’ਤੇ ਜ਼ੋਰ ਦਿੰਦਾ ਹੈ।

ਸੈਮੀਨਾਰ ਵਿੱਚ ਕਈ ਤਕਨੀਕੀ ਅਤੇ ਸਮਾਨਾਂਤਰ ਸੈਸ਼ਨ ਵੀ ਕਰਵਾਏ ਗਏ ਅਤੇ ਹਰ ਇੱਕ ਸੰਪੂਰਨ ਮਨੁੱਖੀ ਵਿਕਾਸ ਨਾਲ ਸਬੰਧਤ ਵੱਖ-ਵੱਖ ਵਿਸ਼ਿਆਂ ’ਤੇ ਕੇਂਦ੍ਰਿਤ ਕਰਦਾ ਹੈ।

ਇਸ ਸੈਮੀਨਾਰ ਨੈਤਿਕਤਾ, ਸਾਹਿਤ, ਭਾਸ਼ਾ ਅਤੇ ਮਨੁੱਖੀ ਵਿਕਾਸ ਦੇ ਨਾਲ ਆਰਥਿਕ ਮਾਡਲ ਅਤੇ ਸਰੋਤ ਉਪਯੋਗਤਾ, ਅਤੇ ਵਿਕਾਸ ਦਾ ਦਰਸ਼ਨ ਵਰਗੇ ਵਿਸ਼ਿਆਂ ਨੂੰ ਕਵਰ ਕਰਦਾ ਹੈ।

ਇਸ ਦੌਰਾਨ ਵਿਦਵਾਨਾਂ ਨੇ ਆਪਣੇ ਖੋਜ ਪੱਤਰ ਪੇਸ਼ ਕੀਤੇ, ਇਸ ਤੋਂ ਬਾਅਦ ਇੰਟਰੈਕਟਿਵ ਸੈਸ਼ਨ ਹੋਏ ਜਿੱਥੇ ਭਾਗੀਦਾਰਾਂ ਨੇ ਸਰੋਤ ਵਿਅਕਤੀਆਂ ਅਤੇ ਪੇਸ਼ਕਾਰੀਆਂ ਨਾਲ ਵੱਖ-ਵੱਖ ਸਵਾਲਾਂ ਨੂੰ ਸੰਬੋਧਨ ਕੀਤਾ।

ਇਸ ਮੌਕੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਰਜਿਸਟਰਾਰ ਡਾ. ਐਮ. ਐਸ. ਨਿੱਝਰ, ਜਿਨ੍ਹਾਂ ਨੇ ਵਸੁਧੈਵ ਕੁਟੁੰਬਕਮ ਦੇ ਫ਼ਲਸਫ਼ੇ ਦੇ ਅੰਦਰ ਵਿਅਕਤੀਗਤ ਅਤੇ ਸਮੂਹਿਕ ਭਲਾਈ ਦੇ ਆਪਸੀ ਸਬੰਧਾਂ ’ਤੇ ਵਿਸਥਾਰ ਨਾਲ ਮੁੱਖ ਭਾਸ਼ਣ ਦਿੱਤਾ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪ੍ਰੋਫੈਸਰ ਅਤੇ ਭਾਰਤੀ ਭਾਸ਼ਾ ਸਮਿਤੀ ਦੇ ਡਾਇਰੈਕਟਰ ਡਾ. ਗੁਰਪਾਲ ਸਿੰਘ ਸੰਧੂ ਨੇ ਆਧੁਨਿਕ ਵਿਕਾਸ ਰਣਨੀਤੀਆਂ ਵਿੱਚ ਭਾਰਤ ਦੇ ਸੱਭਿਆਚਾਰਕ ਅਤੇ ਦਾਰਸ਼ਨਿਕ ਸਿਧਾਂਤਾਂ ਨੂੰ ਸ਼ਾਮਲ ਕਰਨ ’ਤੇ ਜ਼ੋਰ ਦਿੱਤਾ।

ਸੈਮੀਨਾਰ ਦੀ ਸਮਾਪਤੀ ਇੱਕ ਸ਼ਾਨਦਾਰ ਸਨਮਾਨ ਸਮਾਰੋਹ ਦੇ ਨਾਲ ਹੋਈ, ਜਿਸ ਵਿੱਚ ਵਿਸ਼ੇਸ਼ ਬੁਲਾਰਿਆਂ ਅਤੇ ਭਾਗੀਦਾਰਾਂ ਨੂੰ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ।

ਡਾ. ਜ਼ੋਰਾ ਸਿੰਘ ਨੇ ਜ਼ੋਰ ਦਿੱਤਾ ਕਿ ਭਾਰਤ ਦੇ ਪਰੰਪਰਾਗਤ ਸਿਧਾਂਤਾਂ ਜਿਵੇਂ ਕਿ ਸਥਿਰਤਾ, ਸਮੂਹਿਕ ਭਲਾਈ, ਨੈਤਿਕ ਸ਼ਾਸਨ, ਅਤੇ ਅਧਿਆਤਮਿਕ ਤੰਦਰੁਸਤੀ ਨੂੰ ਵਿਕਾਸ ਨੀਤੀਆਂ ਵਿੱਚ ਜੋੜਨਾ ਇੱਕ ਵਧੇਰੇ ਸੰਤੁਲਿਤ ਅਤੇ ਸੰਮਲਿਤ ਭਵਿੱਖ ਵੱਲ ਲੈ ਜਾ ਸਕਦਾ ਹੈ।

ਕਾਰਜਕਾਰੀ ਨਿਰਦੇਸ਼ਕ ਡਾ. ਰੇਣੂ ਸ਼ਰਮਾ ਅਤੇ ਪ੍ਰੋ. ਧਰਮਿੰਦਰ ਸਿੰਘ, ਸੀਨੀਅਰ ਪ੍ਰੋਫੈਸਰ ਮੁੱਖ ਪ੍ਰਬੰਧਕ ਸਨ ਜਿਨ੍ਹਾਂ ਨੇ ਸੀਨੀਅਰ ਵਿਦਵਾਨਾਂ ਨਾਲ ਤਾਲਮੇਲ ਕੀਤਾ। ਕਾਨਫਰੰਸ ਦੇ ਕਨਵੀਨਰ ਪ੍ਰੋ. ਕੁਲਭੂਸ਼ਣ ਕੁਮਾਰ ਨੇ ਸੈਮੀਨਾਰ ਦੀ ਰਿਪੋਰਟ ਪੇਸ਼ ਕੀਤੀ।

# ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ "ਨਿੱਜੀ ਸੁਰੱਖਿਆ" ਦੇਣ ਦਾ ਚੰਬੜਿਆ ਆਰਥਿਕ ਕਲੰਕ ਕਦੋਂ ਲਾਹੇਗੀ?



ਜੰਗ ਸਿੰਘ ਮਰਸੱਡ
+1 415 603 7380

ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਬਣਿਆਂ ਲਗ ਭਗ ਤਿੰਨ ਸਾਲ ਮੁਕੰਮਲ ਹੋਣ ਵਾਲੇ ਹਨ। ਚੋਣਾਂ ਤੋਂ ਪਹਿਲਾਂ ਪੰਜਾਬ ਵਿੱਚ ਇਸ ਪਾਰਟੀ ਦੇ ਮੁੱਖ ਬੁਲਾਰੇ ਸ੍ਰ ਭਗਵੰਤ ਸਿੰਘ ਮਾਨ ਜੋ ਕਿ ਪਿਛਲੇ ਤਿੰਨ ਸਾਲਾਂ ਤੋਂ ਪੰਜਾਬ ਦੇ ਮੁੱਖ ਮੰਤਰੀ ਚਲੇ ਆ ਰਹੇ ਹਨ ਇਹ ਚੋਣ ਰੈਲੀਆਂ ਵਿੱਚ ਬੜੀਆਂ ਬਾਹਾਂ ਉਲਾਰ ਉਲਾਰ ਕੇ ਕਹਿੰਦੇ ਹੁੰਦੇ ਸਨ ਕਿ ਪੰਜਾਬ ਦੇ ਲੋਕੋ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉ।ਅਸੀ ਪੰਜਾਬ ਵਿੱਚੋਂ ਵੀ. ਆਈ. ਪੀ. ਕਲਚਰ ਖਤਮ ਕਰਕੇ ਸਾਫ ਸੁੱਥਰਾ ਬਿਨਾ ਕਿਸੇ ਡਰ ਭਓ ਦਾ ਰਾਜ ਪ੍ਰਬੰਧ ਪੰਜਾਬ ਦੇ ਲੋਕਾਂ ਨੂੰ ਦੇਵਾਂਗੇ। ਇਸ ਤੋਂ ਬਿਨਾ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ, ਵੱਧ ਤੋਂ ਵੱਧ ਰੁਜਗਾਰ ਦੇਣ, ਪੰਜਾਬ ਦੀ ਨੌਜੁਆਨੀ ਨੂੰ ਬਾਹਰ ਰੁਜਗਾਰ ਲਈ ਨਹੀਂ ਜਾਣ ਦਿੱਤਾ ਜਾਵੇਗਾ, ਪੰਜਾਬ ਨੂੰ ਰੁਜਗਾਰ ਪੱਖੋਂ ਇਸ ਤਰਾਂ ਦਾ ਮਜਬੂਤ ਬਣਾ ਦਿੱਤਾ ਜਾਵੇਗਾ ਕਿ "ਅੰਗਰੇਜ ਤੇ ਅੰਗਰੇਜਣੀਆਂ" ਰੁਜਗਾਰ ਲਈ ਪੰਜਾਬ ਆਉਣਗੀਆਂ। ਪਤਾ ਨਹੀਂ ਹੋਰ ਕਿਤਨੇ ਲਾਰੇ ਪੰਜਾਬੀਆਂ ਨਾਲ ਕੀਤੇ ਗਏ। ਅੱਜ ਤਿੰਨ ਸਾਲ ਦੇ ਰਾਜ ਪ੍ਰਬੰਧ ਤੋਂ ਪੰਜਾਬ ਦੇ ਲੋਕਾਂ ਨੇ ਸਮਝ ਲਿਆ ਹੈ ਕਿ ਇਹ ਪਾਰਟੀ ਜਿਸ ਨੂੰ ਭਾਜਪਾ ਦੀ "ਬੀ" ਟੀਮ ਦੇ ਤੌਰਤੇ ਕਈ ਟੀ ਵੀ ਚੈਨਲਾਂ ਦੇ ਸਿਰਕੱਢ ਪੱਤਰਕਾਰ ਦੋਸ਼ ਲਗਾਉਂਦੇ ਆ ਰਹੇ ਹਨ ਉਹ ਸੱਚ ਸਾਬਤ ਹੁੰਦਾ ਨਜਰੀਂ ਪੈਣ ਲਗ ਪਿਆ ਹੈ। ਪੰਜਾਬ ਦੇ ਸਾਧਾਰਣ ਤੋਂ ਸਾਧਾਰਣ ਲੋਕ ਤਾਂ ਇਥੋਂ ਤਕ ਕਹਿਣ ਲਗ ਪਏ ਹਨ ਕਿ ਜਿਵੇਂ ਜਦੋਂ ਦੇਸ਼ ਵਿੱਚ ਹਾਲੇ ਭਾਜਪਾ ਦੀ ਸਰਕਾਰ ਨਹੀਂ ਸੀ ਬਣੀ ਉਸ ਨੇ ਵੀ ਬੜੇ ਸੱਬਜਬਾਗ ਦੇਸ਼ ਦੇ ਲੋਕਾਂ ਨੂੰ ਵਿਖਾਏ ਕਿ ਵਿਦੇਸ਼ਾਂ ਵਿੱਚ ਪਿਆ ਕਾਲਾ ਧੰਨ ਮੰਗਵਾ ਕੇ ਹਰੇਕ ਪੰਜ ਜੀਆਂ ਦੇ ਪ੍ਰੀਵਾਰ ਦੇ ਖਾਤੇ ਵਿੱਚ 15-15 ਲੱਖ ਰੁਪਏ ਪਾ ਏ ਜਾਣਗੇ, ਹਰ ਸਾਲ 2 ਕਰੋੜ ਬੇਰੁਜਗਾਰ ਨੌਜੁਆਨਾਂ ਨੂੰ ਨੌਕਰੀਆਂ ਦਿੱਤੀਆਂ ਜਾਣਗੀਆਂ, ਮਹਿੰਗਾਈ, ਭ੍ਰਿਸ਼ਟਾਚਾਰ ਖਤਮ ਕਰ ਦਿੱਤਾ ਜਾਵੇਗਾ, ਕਿਸਾਨਾਂ ਦੀ ਆਮਦਨ ਦੁੱਗਣੀ ਕਰ ਦਿੱਤੀ ਜਾਵੇਗੀ ਵਗੈਰਾ ਵਗੈਰਾ ਬੜੇ ਸਬੱਜਬਾਗ ਦੇਸ਼ ਦੇ ਲੋਕਾਂ ਨੂੰ ਦਿਖਾਏ ਗਏ। ਲੋਕ ਤਾਂ ਇਹ ਵੀ ਜਾਣਦੇ ਹਨ ਕਿ 15 ਲੱਖ ਰੁਪਏ ਦੇਣ ਦੇ ਵਾਅਦੇ ਨੂੰ ਬਾਅਦ ਵਿੱਚ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੇ ਇਸ ਨੂੰ ਇਕ 'ਚੋਣ ਜੁਮਲਾ' ਦੱਸ ਕੇ ਆਪਣੀ ਸਰਕਾਰ ਦਾ ਹਕੀਕੀ ਚਿਹਰਾ ਮੋਹਰਾ ਦਿਖਾ ਦਿੱਤਾ ਸੀ ਹੋਰ ਤਾਂ ਹੋਰ ਇਹ ਸਰਕਾਰ ਆਮ ਲੋਕਾਂ ਦੀ ਨਾ ਹੋ ਕੇ ਭਾਰਤ ਦੇ ਦੋ ਗੁਜਰਾਤੀ ਮਿੱਤਰਾਂ ਅੰਬਾਨੀ ਅੰਡਾਨੀ ਕਾਰਪੋਰੇਟਾਂ ਦੀ ਸਰਕਾਰ ਬਣ ਕੇ ਰਹਿ ਗਈ ਹੈ। ਕਿੰਨੀ ਕੁ ਮਹਿੰਗਾਈ ਘਟੀ ਜਾਂ ਭ੍ਰਿਸ਼ਟਾਚਾਰ ਘਟਿਆ ਤੇ ਕਿਨਾਂ ਕੁ ਰੁਜਗਾਰ ਦੇਸ਼ ਦੇ ਨੌਜੁਆਨਾਂ ਨੂੰ ਦਿੱਤਾ। ਉਸ ਦਾ ਚਿਹਰਾ ਵੀ ਦੇਸ਼ ਦੇ ਲੋਕ ਚੰਗੀ ਤਰਾਂ ਜਾਣ ਗਏ ਹਨ। ਇਸ ਸਰਕਾਰ ਨੇ ਹੋਰ ਰੁਜਗਾਰ ਤਾਂ ਕੀ ਦੇਣਾ ਸੀ ਪਹਿਲੋਂ ਰੁਜਗਾਰ ਤੇ ਲਗੇ ਨੌਜੁਆਨਾਂ ਦੇ ਰੁਜਗਾਰ ਵੀ ਕਾਰਪੋਰੇਟਾਂ ਦੇ ਹੱਥ ਵਿੱਚ ਸਰਕਾਰ ਸੌਂਪ ਕੇ ਵੱਡੀ ਗਿਣਤੀ ਵਿੱਚ ਨੋਜੁਆਨ ਬੇਰੁਜਗਾਰ ਕਰ ਦਿੱਤੇ ਗਏ ਹਨ। ਇਸੇ ਤਰਾਂ ਕਿਸਾਨਾਂ ਦੀਆਂ ਆਮਦਨਾਂ ਤਾਂ ਕੀ ਵਧਾਉਣੀਆਂ ਸਨ, ਉਨਾਂ ਦੀ ਖੇਤੀਬਾੜ੍ਹੀ ਨੂੰ ਕਾਰਪੋਰੇਟਾਂ ਦੇ ਹੱਥ ਦੇ ਕੇ ਉਨਾਂ ਨੂੰ ਜਮੀਨਾਂ ਦੇ ਮਾਲਕਾਂ ਤੋਂ ਮੁਜਾਰੇ ਬਣਾਇਆ ਜਾ ਰਿਹਾ ਹੈ। ਗੱਲ ਤਾਂ ਮੈਂ ਕਰ ਰਿਹਾ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਕਿ ਆਖਰ ਸਰਕਾਰੀ ਖਰਚੇ ਤੇ ਨਿੱਜੀ ਸੁਰਖਿਆ ਦੇਣੀ ਕਦੋਂ ਖਤਮ ਕਰੇਗੀ । ਜਿਸ ਨੇ ਪੰਜਾਬ ਉਤੇ ਏਡਾ ਭਾਰੀ ਵਿੱਤੀ ਬੋਝ ਪਾਇਆ ਹੋਇਆ ਜੋ ਘਟਣ ਦੀ ਥਾਂ ਤੇ ਵੱਧਦਾ ਹੀ ਜਾ ਰਿਹਾ ਜਦੋਂ ਕਿ ਪੰਜਾਬ ਦਾ ਵਾਲ ਵਾਲ ਕਰਜੇ ਦੀ ਜਕੜ੍ਹ ਵਿੱਚ ਫਸਿਆ ਹੋਇਆ ਹੈ। ਇਨਾਂ ਦੇ ਰਾਜ ਵਿੱਚ ਕੀ ਲੰਡੀ ਬੁੱਚੀ ਕੋਈ ਸ਼ਿਵ ਸੈਨਾ ਤੇ ਕੀ ਹੋਰ ਬਹੁਤ ਸਾਰਿਆ ਨੂੰ ਨਿਜੀ ਸੁਰਖਿਆ ਦਿੱਤੀਆਂ ਗਈਆਂ ਹਨ। ਪੰਜਾਬ ਦੇ ਵੱਡੀ ਗਿਣਤੀ ਵਿੱਚ ਚਿੰਤਕ ਤਾਂ ਇਹ ਵੀ ਕਹਿਣ ਲੱਗ ਪਏ ਹਨ ਕਿ ਆਮ ਆਦਮੀ ਪਾਰਟੀ ਤੇ ਭਾਜਪਾ ਵਿੱਚ ਕੋਈ ਫਰਕ ਨਹੀਂ। ਉਹ ਉਦਾਰਣਾਂ ਦੇਂਦੇ ਦੱਸਦੇ ਹਨ ਕਿ ਭਾਜਪਾ ਨੇ ਮੁਸਲਮਾਨਾ ਦੀ ਵਿਸ਼ੇਸ਼ ਸਹੂਲਤ ਧਾਰਾ 370 ਤੇ 35 ਏ ਖਤਮ ਕੀਤੀ ਜੰਮੂ ਕਸ਼ਮੀਰ ਤੋੜ੍ਹ ਕੇ ਕੇਂਦਰ ਨੇ ਆਪਣੇ ਅਧੀਨ ਕੀਤਾ। ਦੋਵਾਂ ਮਸੱਲਿਆ ਵਿੱਚ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਕੇਜਰੀਵਾਲ ਨੇ ਨੇ ਭਾਜਪਾ ਦੀ ਹਮਾਇਤ ਕੀਤੀ, ਭਾਜਪਾ ਨੇ ਮੁਸਲਿਮ ਵਿਰੋਧੀ ਕਾਨੂੰਨ ਐਨ ਆਰ ਸੀ, ਆਰ. ਸੀ. ਸ਼ੀ. ਆਦਿ ਲਿਆਂਦੇ ਆਮ ਆਦਮੀ ਪਾਰਟੀ ਨੇ ਉਨਾਂ ਦੀ ਸਪੋਰਟ ਕੀਤੀ , ਦਿੱਲੀ ਵਿੱਚ ਜਦੋਂ ਮੁਸਲਮਾਨਾਂ ਤੇ ਜੁਲਮ ਹੋਇਆ ਤਾਂ ਉਹ ਦਿੱਲੀ ਵਿਖੇ 'ਜਹੀਨ ਬਾਗ ' ਵਿਖੇ ਕਈ ਮਹੀਨੇ ਅੰਦੋਲਨ ਕਰਦੇ ਰਹੇ। ਪਰ ਸ੍ਰੀ ਕੇਜਰੀਵਾਲ ਨੂੰ ਦਿੱਲੀ ਦੇ ਮੁੱਖ ਮੰਤਰੀ ਹੁੰਦੇ ਹੋਏ ਵੀ ਉਨਾਂ ਨੂੰ ਜਹੀਨ ਬਾਗ ਨਜਰ ਨਾ ਆਇਆ, ਦਿੱਲੀ ਦੀ ਭਾਜਪਾ ਸਰਕਾਰ ਇਕ ਦੇਸ਼ ਇਕ ਚੋਣ ਦਾ ਕਾਨੂੰਨ ਬਣਾ ਰਹੀ ਹੈ ਇਸ ਵਿੱਚ ਵੀ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਕੇਜਰੀਵਾਲ ਨੇ ਭਾਜਪਾ ਦੀ ਸਪੋਰਟ ਕੀਤੀ, ਸੂਬਿਆਂ ਦੇ ਵੱਧ ਅਧਿਕਾਰ ਖੋਹੇ ਜਾ ਰਹੇ ਹਨ ਪਰ ਆਮ ਆਦਮੀ ਪਾਰਟੀ ਖਾਮੋਸ਼ ਹੈ । ਦੇਸ਼ ਦੇ ਲੋਕ ਇਹ ਵੀ ਚੰਗੀ ਤਰਾਂ ਜਾਣਦੇ ਹਨ ਕਿ ਜੇ ਭਾਜਪਾ ਹਿੰਦੂ ਤੱਵੀ ਸੋਚ ਦੀ ਮਾਲਕ ਹੈ ਤਾਂ ਆਮ ਆਦਮੀ ਪਾਰਟੀ ਦਾ ਸੁਪਰੀਮੋ ਸ੍ਰੀ ਕੇਜਰੀਵਾਲ ਜਦੋਂ ਵੀ ਜੇਲ੍ਹ ਤੋਂ ਰਿਹਾ ਹੋ ਕੇ ਆਉਂਦਾ ਹੈ ਤਾਂ ਇਹ ਵੀ ਸਾਰੇ ਪਾਰਟੀ ਮੈਂਬਰਾਂ ਨੂੰ ਹਨੂੰਮਾਨ ਮੰਦਰ ਵਿਖੇ ਪੁੱਜਣ ਲਈ ਕਹਿੰਦਾ ਹੈ ਜਿਥੇ ਉਹ ਪਾਰਟੀ ਵਰਕਰਾਂ ਨੂੰ ਕਰਦਾ ਹੈ ਇਹ ਸਭ ਕੁਝ ਕੀ ਜਾਹਰ ਕਰਦਾ ਹੈ ਕਿ ਇਸ ਪਾਰਟੀ ਦੀ ਸੋਚ ਵੀ ਭਾਜਪਾ ਵਾਲੀ ਹੀ ਫਿਰਕੂ ਹੈ। ਸ੍ਰੀ ਕੇਜਰੀਵਾਲ ਦੀ ਸੋਸ਼ਲ ਮੀਡੀਆ ਤੇ ਇਕ ਪੋਸਟ ਕਈ ਵਾਰ ਦੇਖੀ ਗਈ ਹੈ ਜਿਸ ਵਿੱਚ ਉਹ ਕਹਿ ਰਹੇ ਹਨ ਕਿ ਮੈਂ ਤੇ ਮੇਰਾ ਸਾਰਾ ਪ੍ਰੀਵਾਰ ਰ.ਸ.ਸ. ਨਾਲ ਸ਼ੁਰੂ ਤੋਂ ਜੁੜ੍ਹਿਆ ਹੋਇਆ ਹੈ। ਇਸ ਤੋਂ ਵੱਡਾ ਹੋਰ ਸਬੂਤ ਕੀ ਹੋ ਸਕਦਾ ਹੈ ।ਦੇਸ਼ ਦੇ ਲੋਕ ਜਾਣਦੇ ਹਨ ਕਿ ਭਾਜਪਾ ਸਰਕਾਰ ਨੇ ਅਣਗਿਣਤ ਭਾਜਪਾਈਆਂ, ਸ਼ਿਵ ਸੈਨਿਕਾਂ, ਸਾਧੂਆਂ ਆਦਿ ਨੂੰ ਨਿੱਜੀ ਸੁਰਖਿਆਵਾਂ ਪ੍ਰਦਾਨ ਕੀਤੀਆ ਹੋਈਆਂ ਹਨ ਇਸ ਲਈ ਪੰਜਾਬ ਵਿੱਚ ਨਿੱਜੀ ਸੁਰਖਿਆਵਾਂ ਇਸ ਪਾਰਟੀ ਦੇ ਆਗੂਆਂ ਵਲੋਂ ਬੰਦ ਕੀਤੀਆਂ ਜਾਣਗੀਆਂ ਉਹ ਹੀ ਸ੍ਰ ਭਗਵੰਤ ਮਾਨ ਜਿਹੜਾ ਜਲਸਿਆਂ ਵਿੱਚ ਨਿੱਜੀ ਸੁਰਖਿਆ ਦੇ ਕਾਫਲੇ ਦੀਆਂ ਨਕੱਲਾਂ ਲਾਹੁੰਦਾ ਨਹੀਂ ਸੀ ਥੱਕਦਾ, ਅੱਜ ਇਕੱਲੇ ਉਸ ਦੇ ਪ੍ਰੀਵਾਰ ਕੋਲ ਕਈ ਸੈਂਕੜੇ ਸੁਰਖਿਆਂ ਕਰਮੀ ਹਨ ਤੇ ਅਣਗਿਣਤ ਕਾਰਾਂ ਦਾ ਕਾਫਲਾ।

ਬਾਕੀਆਂ ਦਾ ਵੀ ਇਹੋ ਜਿਹਾ ਹਾਲ ਹੈ ਇਸ ਵੇਲੇ ਪੰਜਾਬ ਵਿੱਚ ਰਾਜ ਭਗਵੰਤ ਮਾਨ ਦਾ ਸਿਰਫ ਨਾਂ ਦਾ ਹੀ ਹੈ ਅਸਲ ਵਿੱਚ ਰਾਜ ਭਾਜਪਾ ਅਸਿੱਧੇ ਢੰਗ ਨਾਲ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਕੇਜਰੀਵਾਲ ਦੇ ਦਿਸ਼ਾ ਨਿਰਦੇਸ਼ਾਂ ਤੇ ਕਰਦੀ ਆ ਰਹੀ ਹੈ। ਪੰਜਾਬ ਰਾਜ ਸਭਾ ਦੇ 7 ਮੈਂਬਰ ਪੰਜਾਬ ਦੇ ਲੋਕਾਂ ਦੀ ਭਾਵਨਾ ਦੇ ਉਲੱਟ ਉਹ ਬਣਾਏ ਗਏ ਜਿਨਾਂ ਦਾ ਪੰਜਾਬ ਦੇ ਮਸੱਲਿਆ ਨਾਲ ਕੋਈ ਵਾਹ ਵਾਸਤਾ ਨਹੀਂ। ਪੰਜਾਬ ਦੇ ਮੁੱਖ ਮੰਤਰੀ ਤੋਂ ਲੈ ਕੇ ਹਰ ਉਚ ਅਧਿਕਾਰੀਆਂ ਨਾਲ ਇਕ ਇਕ ਸਕਤੱਰ ਦਿੱਲੀ ਦਾ ਲਗਾਇਆ ਗਿਆ ਹੈ ਜੋ ਦਿੱਲੀ ਦੇ ਸੁਪਰੀਮੋ ਦੇ ਨਿਰਦੇਸ਼ਾ ਤੇ ਕੰਮ ਕਰਨ ਦੇ ਨਾਲ ਪੰਜਾਬ ਦੀ ਪਲ ਪਲ ਦੀ ਸੂਚਨਾ ਦੇਂਦੇ ਆ ਰਹੇ ਹਨ। ਪੰਜਾਬ ਦੇ ਨੌਜੁਆਨਾਂ ਨੂੰ ਛੱਡ ਕੇ ਬਾਹਰਲੇ ਪ੍ਰਾਂਤਾਂ ਦੇ ਨੌਜੁਆਨਾਂ ਨੂੰ ਰੁਜਗਾਰ ਦੇ ਕੇ ਉਨਾਂ ਦੇ ਹੱਕਾਂ ਤੇ ਡਾਕਾ ਮਾਰਿਆ ਜਾ ਰਿਹਾ ਹੈ। ਜਿਸ ਪਾਰਟੀ ਦੇ ਆਗੂ ਪੰਜਾਬ ਦੇ ਪਾਣੀ ਨੂੰ ਹਰਿਆਣੇ ਨੂੰ ਦੇਣ ਦੀ ਵਕਾਲਤ ਕਰਨ ਵਾਲੇ ਹੋਣ। ਉਨਾਂ ਕੋਲੋਂ ਪੰਜਾਬ ਦੇ ਭੱਲੇ ਦੀ ਕੀ ਆਸ ਕੀਤੀ ਜਾ ਸਕਦੀ ਹੈ? ਉਕਤ ਸਾਰੀਆਂ ਹਾਲਤਾਂ ਇਹ ਜਾਹਰ ਕਰ ਰਹੀਆ ਹਨ ਕਿ ਭਾਜਪਾ ਅਸਿੱਧੇ ਤੌਰਤੇ ਪੰਜਾਬ ਤੇ ਕਾਬਜ ਹੈ। ਇਸ ਲਈ ਪੰਜਾਬ ਦੇ ਲੋਕਾਂ ਨੂੰ ਜਾਗ੍ਰਤਿ ਹੋਣ ਦੀ ਜਰੂਰਤ ਹੈ। ਜੇਕਰ ਉਹ ਬਰਬਾਦ ਕੀਤੇ ਜਾ ਰਹੇ ਪੰਜਾਬ ਨੂੰ ਬਚਾਉਣਾ ਚਾਹੁੰਦੇ ਹਨ ਤਾਂ ਸਾਰੇ ਪੰਜਾਬ ਦੀਆ ਵੱਖ ਵੱਖ ਪਾਰਟੀਆ ਦੇ ਈਮਾਨਦਾਰ ਪੰਜਾਬ ਹਿਤੈਸ਼ੀ ਆਗੂਆਂ ਨੂੰ ਆਪਣੇ ਮੱਤ ਭੇਦ ਭੁਲਾ ਕੇ ਇਕ ਮੰਚ ਤੇ ਇਕੱਠੇ ਹੋ ਕੇ ਪੰਜਾਬ ਦੀ ਸਹੀ ਨੁਮਾਇੰਦਗੀ ਕਰਨ ਵਾਲੀ ਨਵੀਂ ਪਾਰਟੀ ਦੀ ਸਥਾਪਨਾ ਕਰਨ, ਜੋ ਉਜੜ੍ਹ ਰਹੇ ਪੰਜਾਬ ਨੂੰ ਬਚਾਉਣ ਦੇ ਸਮਰੱਥ ਹੋਵੇ।

ਨਿੱਜੀ ਸੁਰਖਿਆ ਬਾਰੇ ਗੱਲਾਂ ਕਰਨ ਵਾਲੀ ਆਮ ਆਦਮੀ ਪਾਰਟੀ ਦਾ ਵੀ ਇਹ ਨਿਰਾ ਪੂਰਾ ਚੋਣ ਜੁੱਮਲਾ ਹੀ ਸੀ ।ਇਨਾਂ ਕੋਲੋਂ ਪੰਜਾਬ ਹਿਤੈਸ਼ੀ ਕੰਮਾਂ ਦੀ ਆਸ ਕਰਨੀ, ਮੂਰਖਾਂ ਦੀ ਦੁਨੀਆ ਵਿੱਚ ਵਸਣ ਵਾਲੀ ਗੱਲ ਹੋਵੇਗੀ।

# ਮਾਨਸਿਕ ਬਿਮਾਰੀ ਦਾ ਵਧਣਾ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਅੱਜ ਦੀ ਬਰਬਾਦੀ, ਉਦਾਸੀ ਅਤੇ ਦਿਮਾਗੀ ਦੁਨੀਆ ਵਿੱਚ ਬੇਚੈਨੀ, ਉਦਾਸੀ ਅਤੇ ਮਾਨਸਿਕ ਤਣਾਅ ਨੂੰ ਉਨ੍ਹਾਂ ਦੇ ਪੀੜਤ ਬਹੁਤ ਤੇਜ਼ੀ ਨਾਲ ਬਣਾ ਰਹੇ ਹਨ। ਕੋਈ ਦੇਸ਼ ਅਤੇ ਨਾ ਹੀ ਕੋਈ ਰਾਜ ਬਚਿਆ ਹੈ। ਇਹ ਅੱਲੜ ਉਮਰ ਦੇ, ਪੁਰਾਣੇ, ਪੁਰਾਣੇ, ਮਹਿਲਾ ਅਤੇ ਆਦਮੀ ਹੋ ਰਹੇ ਹਨ, ਇਹ ਸ਼ਿਕਾਰ ਕੀਤਾ ਜਾ ਰਿਹਾ ਹੈ। ਖ਼ਾਸਕਰ, ਇਹ ਸਮੱਸਿਆ ਕਿਸ਼ੋਰਾਂ ਵਿੱਚ ਵਧੇਰੇ ਗੁੰਝਲਦਾਰ ਹੋ ਰਹੀ ਹੈ। ਵਰਲਡ ਹੈਲਥ ਸੰਗਠਨ (ਜੋ) ਅਤੇ ਸੰਯੁਕਤ ਰਾਸ਼ਟਰ ਦੇ ਬੱਚਿਆਂ ਦੇ ਫੰਡਾਂ ਦੁਆਰਾ 'ਮਾਨਸਿਕ ਸਿਹਤ' ਸਿਰਲੇਖ ਦੇ ਸਿਰਲੇਖ ਅਨੁਸਾਰਦੁਨੀਆ ਵਿਚ 10 ਤੋਂ 19 ਸਾਲ ਵਿਚ 10 ਤੋਂ 19 ਸਾਲ ਵਿਚ 10 ਤੋਂ 19 ਸਾਲ ਵਿਚ ਉਮਰ ਦੇ ਕਿਸ਼ੋਰ ਛੇੜਛਾੜ ਕਰ ਰਹੇ ਹਨ। ਇੱਕ ਅਨੁਮਾਨ ਦੇ ਅਨੁਸਾਰ, ਮਾਨਸਿਕ ਸਿਹਤ ਸਮੱਸਿਆਵਾਂ ਦਾ ਇੱਕ ਤਿਹਾਈ ਹਿੱਸਾ 14 ਸਾਲ ਤੋਂ ਪਹਿਲਾਂ ਸ਼ੁਰੂ ਹੁੰਦਾ ਹੈ, ਜਦੋਂ ਕਿ ਅੱਧ ਉਮਰ ਤੋਂ ਪਹਿਲਾਂ ਸ਼ੁਰੂ ਹੁੰਦਾ ਹੈ। ਇਸਦਾ ਅਰਥ ਇਹ ਹੈ ਕਿ ਜਦੋਂ ਸਾਡਾ ਮਾਸੂਮ ਬਚਪਨ ਤੋਂ ਜਵਾਨੀ ਵੱਲ ਜਾਂਦਾ ਹੋਇਆ ਸ਼ੁਰੂ ਹੁੰਦਾ ਹੈ, ਆਮ ਤੌਰ 'ਤੇ ਮਾਨਸਿਕ ਸਿਹਤ ਨਾਲ ਜੁੜੀਆਂ ਵੱਖਰੀਆਂ ਸਮੱਸਿਆਵਾਂ ਉਨ੍ਹਾਂ ਨੂੰ ਉਨ੍ਹਾਂ ਦੇ ਪੀੜਤਾਂ ਬਣਾਉਣਾ ਸ਼ੁਰੂ ਕਰਦੀਆਂ ਹਨ। ਯੂਨੀਸੈਫ ਦੁਆਰਾ ਇੱਕ ਰਿਪੋਰਟ ਦੇ ਅਨੁਸਾਰਟੀ ਵਿਚ ਹਰ ਸੱਤ ਕਿਸ਼ੋਰਾਂ ਵਿਚ ਇਕ ਉਦਾਸੀ ਦਾ ਸ਼ਿਕਾਰ ਹੁੰਦਾ ਹੈ। ਸਾਲ 2019 ਵਿੱਚ ਭਾਰਤੀ ਜਰਨਲ ਦੇ ਮਨੋਰੋਗ ਵਿੱਚ ਪ੍ਰਕਾਸ਼ਤ ਇੱਕ ਅਧਿਐਨ ਦੇ ਅਨੁਸਾਰ ਭਾਰਤ ਵਿੱਚ ਪੰਜ ਕਰੋੜ ਤੋਂ ਵੱਧ ਕਿਸ਼ੋਰਾਂ ਭਾਰਤ ਵਿੱਚ ਮਾਨਸਿਕ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਹੀਆਂ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਕਿਸ਼ੋਰ ਬੇਚੈਨੀ ਅਤੇ ਉਦਾਸੀ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਸਨ।

ਯੂਨੀਸੈਫ ਦੇ ਅਨੁਮਾਨਾਂ ਅਨੁਸਾਰ, ਇਹ ਅੰਕੜੇ ਪਹਿਲਾਂ ਨਾਲੋਂ ਬਹੁਤ ਜ਼ਿਆਦਾ ਵਧੇ ਹਨ। ਜਿਸ ਦੇ ਅਨੁਸਾਰ, 30 ਕਰੋੜ ਤੋਂ ਵੱਧ ਲੋਕ ਬੇਚੈਨੀ ਨਾਲ ਸੰਘਰਸ਼ ਕਰ ਰਹੇ ਹਨ ਅਤੇ 28 ਕਰੋੜ ਲੋਕ ਉਦਾਸੀ ਦਾ ਸਾਹਮਣਾ ਕਰ ਰਹੇ ਹਨਹਨ। ਆਸਟਰੇਲੀਆ ਵਿਚ ਜਰਨਲ 'ਲੈਨਚਰ ਮਨੋਵਿਗਿਆਨ' ਵਿਚ ਪ੍ਰਕਾਸ਼ਤ ਇਕ ਅਧਿਐਨ ਦੇ ਅਨੁਸਾਰ, 75 ਪ੍ਰਤੀਸ਼ਤ ਕਿਸ਼ੋਰ ਬੇਚੈਨੀ ਅਤੇ ਉਦਾਸੀ ਨਾਲ ਸੰਘਰਸ਼ ਕਰ ਰਹੇ ਹਨ। ਮਾਹਰਾਂ ਦੇ ਅਨੁਸਾਰ, ਮੁੰਡਿਆਂ ਅਤੇ ਲੜਕੀਆਂ ਵਿੱਚ ਬਹੁਤ ਸਾਰੀਆਂ ਹਾਰਮੋਨਲ ਅਤੇ ਸਰੀਰਕ ਤਬਦੀਲੀਆਂ ਹੁੰਦੀਆਂ ਹਨ। ਉਸੇ ਸਮੇਂ, ਉਨ੍ਹਾਂ ਨੂੰ ਸਵਾਰਾਂ ਅਤੇ ਕਰੀਅਰ ਲਈ ਕੋਰਸ ਦੀ ਚੋਣ ਕਰਕੇ ਉਨ੍ਹਾਂ ਨੂੰ ਦਬਾਵਾਂ ਵਿੱਚੋਂ ਲੰਘਣਾ ਵੀ ਜਾਣਾ ਪਏਗਾ।

ਅਜਿਹੀ ਸਥਿਤੀ ਵਿੱਚ, ਜੇ ਉਨ੍ਹਾਂ ਨੂੰ ਘਰ ਅਤੇ ਸਕੂਲ ਵਿੱਚ ਉਚਿਤ ਵਾਤਾਵਰਣ ਨਹੀਂ ਮਿਲਦਾ, ਤਾਂ ਇਹ ਸਥਿਤੀ ਅਕਸਰ ਉਨ੍ਹਾਂ ਵਿੱਚ ਬੇਚੈਨੀ ਅਤੇ ਉਦਾਸੀ ਦਾ ਕਾਰਨ ਬਣਦੀ ਹੈ। ਇਨ੍ਹਾਂ ਤੋਂ ਇਲਾਵਾ, ਸਾਡੀ ਰੋਜ਼ਾਨਾ ਆਦਤਫਾਸਟ ਫੂਡ, ਸਾਫਟ ਡਰਿੰਕ ਅਤੇ ਇੰਟਰਨੈਟ ਮੀਡੀਆ, ਜੋ ਅੰਦਰ ਸ਼ਾਮਲ ਹੋਏ ਹਨ ਬੇਚੈਨੀ ਅਤੇ ਉਦਾਸੀ ਵੀ ਪੈਦਾ ਕਰ ਰਹੇ ਹਨ। ਇਨ੍ਹਾਂ ਮਾਮਲਿਆਂ ਵਿੱਚ, ਬੱਚਿਆਂ ਨੂੰ ਇਨ੍ਹਾਂ ਮਾਨਸਿਕ ਬਿਮਾਰੀਆਂ ਤੋਂ ਬਚਾਉਣ ਲਈ ਰਣਨੀਤੀਆਂ ਨਾਲੋਂ ਵਧੇਰੇ ਕਲੀਨਿਕਲ ਦੇਖਭਾਲ ਤੋਂ ਵੱਧ ਦੀ ਜ਼ਰੂਰਤ ਹੈ। ਉਸੇ ਸਮੇਂ, ਬੱਚਿਆਂ ਦੀ ਮਾਨਸਿਕ ਸਿਹਤ ਨੂੰ ਬਿਹਤਰ ਬਣਾਉਣ ਲਈ ਕਮਿਊਨਿਟੀ-ਬੇਸਡ ਮਾਡਲ ਨੂੰ ਤਿਆਰ ਕਰਨ ਲਈ ਕਿਸ ਅਤੇ ਯੂਨੀਸਿਸਫ ਨੂੰ ਤਿਆਰ ਕਰਨ ਦੀ ਰਿਪੋਰਟ।

# ਭਾਰਤ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਯੂਨੀਵਰਸਿਟੀ ਦੀ ਲੋੜ

**ਵਿਜੈ ਗਰਗ**

ਉਦਯੋਗਾਂ ਵਿੱਚ ਏਆਈ ਨੂੰ ਅਪਣਾਉਣ ਦੇ ਕਾਰਨ ਭਾਰਤ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ (ਏਆਈ) ਸਿੱਖਿਆ ਦੀ ਵਧਦੀ ਮੰਗ ਦੇਖੀ ਗਈ ਹੈ। ਭਾਰਤ ਵਿੱਚ ਵਿਸ਼ੇਸ਼ ਏਆਈ ਯੂਨੀਵਰਸਿਟੀਆਂ ਦੀ ਸਥਾਪਨਾ ਕਈ ਕਾਰਨਾਂ ਕਰਕੇ ਮਹੱਤਵਪੂਰਨ ਹੈ:

ਹੁਨਰ ਦੇ ਅੰਤਰ ਨੂੰ ਸੰਬੋਧਿਤ ਕਰਨਾ ਏਆਈ ਸਿਹਤ ਸੰਭਾਲ, ਵਿੱਤ ਅਤੇ ਨਿਰਮਾਣ ਵਰਗੇ ਉਦਯੋਗਾਂ ਨੂੰ ਬਦਲ ਰਿਹਾ ਹੈ, ਪਰ ਹੁਨਰਮੰਦ ਪੇਸ਼ੇਵਰਾਂ ਦੀ ਘਾਟ ਹੈ। ਇੱਕ ਸਮਰਪਿਤ ਏਆਈ ਯੂਨੀਵਰਸਿਟੀ ਉਦਯੋਗ ਲਈ ਤਿਆਰ ਪ੍ਰਤਿਭਾ ਪੈਦਾ ਕਰ ਸਕਦੀ ਹੈ।

ਖੋਜ ਅਤੇ ਨਵੀਨਤਾ ਭਾਰਤ ਨੂੰ ਸਥਾਨਕ ਚੁਣੌਤੀਆਂ ਲਈ ਸਵਦੇਸ਼ੀ ਏਆਈ ਹੱਲ ਵਿਕਸਿਤ ਕਰਨ ਦੀ ਲੋੜ ਹੈ। ਇੱਕ ਵਿਸ਼ੇਸ਼ ਏਆਈ ਯੂਨੀਵਰਸਿਟੀ ਕੁਦਰਤੀ ਭਾਸ਼ਾ ਪ੍ਰੋਸੈਸਿੰਗ (ਐਨਐਲਪੀ), ਕੰਪਿਊਟਰ ਵਿਜ਼ਨ, ਅਤੇ ਰੋਬੋਟਿਕਸ ਵਰਗੇ ਖੇਤਰਾਂ ਵਿੱਚ ਖੋਜ ਨੂੰ ਉਤਸ਼ਾਹਿਤ ਕਰੇਗੀ।

ਗਲੋਬਲ ਮੁਕਾਬਲੇਬਾਜ਼ੀ ਅਮਰੀਕਾ ਅਤੇ ਚੀਨ ਵਰਗੇ ਦੇਸ਼ਾਂ ਨੇ ਏਆਈ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਹੈ। ਏਆਈ ਨੂੰ ਸਮਰਪਿਤ ਯੂਨੀਵਰਸਿਟੀ ਭਾਰਤ ਨੂੰ ਵਿਸ਼ਵ ਪੱਧਰ 'ਤੇ ਮੁਕਾਬਲਾ ਕਰਨ ਅਤੇ ਅੰਤਰ-ਰਾਸ਼ਟਰੀ ਏਆਈ ਖੋਜ ਵਿੱਚ ਯੋਗਦਾਨ ਪਾਉਣ ਵਿੱਚ ਮਦਦ ਕਰੇਗੀ।

ਸਮਾਜਿਕ ਭਲੇ ਲਈ ਏ।ਆਈ ਏਆਈ ਭਾਰਤੀ-ਵਿਸ਼ੇਸ਼ ਮੁੱਦਿਆਂ ਨੂੰ ਹੱਲ ਕਰ ਸਕਦਾ ਹੈ ਜਿਵੇਂ ਕਿ ਖੇਤੀਬਾੜੀ ਉਤਪਾਦਕਤਾ ਵਿੱਚ ਸੁਧਾਰ ਕਰਨਾ, ਮੈਡੀਕਲ ਡਾਇਗਨੌਸਟਿਕਸ ਨੂੰ ਵਧਾਉਣਾ, ਅਤੇ ਆਵਾਜਾਈ ਪ੍ਰਬੰਧਨ ਨੂੰ ਅਨੁਕੂਲ ਬਣਾਉਣਾ। ਇੱਕ ਫੋਕਸਡ ਏਆਈ ਯੂਨੀਵਰਸਿਟੀ ਅਜਿਹੇ ਹੱਲ ਚਲਾ ਸਕਦੀ ਹੈ।

ਸਟਾਰਟਅੱਪ ਅਤੇ ਉੱਦਮੀ ਵਿਕਾਸ ਭਾਰਤ ਵਿੱਚ ਇੱਕ ਉੱਭਰਦਾ ਹੋਇਆ ਏਆਈ ਸਟਾਰਟਅਪ ਈਕੋਸਿਸਟਮ ਹੈ। ਇੱਕ ਸਮਰਪਿਤ ਏਆਈ ਯੂਨੀਵਰਸਿਟੀ ਇਨਕਿਊਬੇਟਰਾਂ, ਸਲਾਹਕਾਰ, ਅਤੇ ਫੰਡਿੰਗ ਮੌਕਿਆਂ ਨਾਲ ਸਟਾਰਟਅੱਪਸ ਦਾ ਸਮਰਥਨ ਕਰ ਸਕਦੀ ਹੈ।

ਸਰਕਾਰ ਅਤੇ ਉਦਯੋਗ ਸਹਿਯੋਗ ਏਆਈ ਵਿੱਚ ਮੁਹਾਰਤ ਰੱਖਣ ਵਾਲੀ ਯੂਨੀਵਰਸਿਟੀ ਅਕਾਦਮਿਕ, ਉਦਯੋਗ ਅਤੇ ਸਰਕਾਰ ਵਿਚਕਾਰ ਪਾੜੇ ਨੂੰ ਪੂਰਾ ਕਰ ਸਕਦੀ ਹੈ, ਇਹ ਯਕੀਨੀ ਬਣਾ ਕੇ ਕਿ ਏਆਈ ਵਿਕਾਸ ਰਾਸ਼ਟਰੀ ਹਿੱਤਾਂ ਅਤੇ ਨੀਤੀਆਂ ਦੇ ਅਨੁਸਾਰ ਹੋਵੇ।

ਭਾਰਤ ਵਿੱਚ ਮੌਜੂਦਾ ਏਆਈ ਸਿੱਖਿਆ ਜਦੋਂ ਕਿ ਭਾਰਤ ਵਿੱਚ ਅਜੇ ਤੱਕ ਇੱਕ ਸਟੈਂਡਅਲੋਨ ਏਆਈ ਯੂਨੀਵਰਸਿਟੀ ਨਹੀਂ ਹੈ, ਕਈ ਸੰਸਥਾਵਾਂ ਏ ਆਈ-ਕੇਂਦ੍ਰਿਤ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦੀਆਂ ਹਨ, ਜਿਸ ਵਿੱਚ ਸ਼ਾਮਲ ਹਨ:

ਆਈਆਈਟੀ (ਆਈਆਈਟੀ ਮਦਰਾਸ, ਆਈਆਈਟੀ ਹੈਦਰਾਬਾਦ, ਆਈਆਈਟੀ ਦਿੱਲੀ, ਆਦਿ) - ਏਆਈ ਅਤੇ ਡਾਟਾ ਸਾਇੰਸ ਪ੍ਰੋਗਰਾਮ ਆਈਆਈਟੀ ਹੈਦਰਾਬਾਦ - ਏਆਈ ਅਤੇ ਮਸ਼ੀਨ ਲਰਨਿੰਗ ਲਈ ਕੇਂਦਰ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ( ਆਈਆਈਐਸਸੀ) ਬੰਗਲੌਰ ਏਆਈ ਅਤੇ ਰੋਬੋਟਿਕਸ ਖੋਜ ਪਲਾਕਸ਼ਾ ਯੂਨੀਵਰਸਿਟੀ ਅਤੇ ਅਸ਼ੋਕਾ ਯੂਨੀਵਰਸਿਟੀ - ਏਆਈ ਅਤੇ ਐਮਐਲ ਕੋਰਸ ਐਮਿਟੀ, ਐਸਆਰਐਮ, ਅਤੇ ਮਨੀਪਾਲ ਵਰਗੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਵੀ ਏਆਈ ਪ੍ਰੋਗਰਾਮ ਪੇਸ਼ ਕਰਦੀਆਂ ਹਨ ਸਿੱਟਾ ਤੇਜ਼ ਏਆਈ ਵਿਕਾਸ ਦੇ ਮੱਦੇਨਜ਼ਰ, ਭਾਰਤ ਨੂੰ ਇੱਕ ਸਮਰਪਿਤ ਏਆਈ ਯੂਨੀਵਰਸਿਟੀ ਤੋਂ ਲਾਭ ਹੋਵੇਗਾ ਜੋ ਸਿੱਖਿਆ, ਖੋਜ ਅਤੇ ਉਦਯੋਗਿਕ ਸਹਿਯੋਗ ਨੂੰ ਏਕੀਕ੍ਰਿਤ ਕਰਦੀ ਹੈ। ਏਆਈ ਕ੍ਰਾਂਤੀ ਵਿੱਚ ਭਾਰਤ ਦੀ ਅਗਵਾਈ ਨੂੰ ਯਕੀਨੀ ਬਣਾਉਣ ਲਈ, ਅਜਿਹੀ ਸੰਸਥਾ ਦੀ ਸਥਾਪਨਾ ਲਈ ਸਰਕਾਰ ਅਤੇ ਨਿੱਜੀ ਖੇਤਰ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ।

# ਬਸੰਤ ਪੰਚਮੀ ਦਾ ਤਿਉਹਾਰ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ



**ਪਟਿਆਲਾ-** ਸਥਾਨਕ ਆਨੰਦ ਨਗਰ-ਬੀ ਦੀ ਗਲੀ ਨੰਬਰ 30 ਏ ਦੇ ਵਸਨੀਕਾਂ ਨੇ ਜੰਗ ਰਾਜ ਚਾਨਾ ਸੀਨੀਅਰ ਸਿਟੀਜਨ ਅਤੇ ਹਰਦੇਵ ਸਿੰਘ ਨੱਤ ਸਾਬਕਾ ਡਿਪਟੀ ਸੁਪਰਡੈਂਟ ਜੇਲ ਦੀ ਅਗਵਾਈ ਹੇਠ ਬਸੰਤ ਪੰਚਮੀ ਦਾ ਤਿਉਹਾਰ ਬਹੁਤ ਹੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ। ਇਸ ਸਮੇਂ ਗਲੀ ਦੇ ਬੱਚਿਆਂ ਅਤੇ ਵੱਡਿਆਂ ਨੂੰ ਸਰੀਰਕ ਅਤੇ ਬੌਧਿਕ ਕਿਰਿਆਵਾਂ ਅਤੇ ਖੇਡਾਂ ਕਰਵਾਈਆਂ ਗਈਆਂ ਤਾਂ ਜੋ ਪਤੰਗ ਚੜ੍ਹਾਉਣ ਤੋਂ ਪ੍ਰਹੇਜ਼ ਕਰਕੇ ਬੱਚੇ ਚਾਇਨਾ ਡੋਰ ਨਾਲ ਹੋਣ ਵਾਲੀਆਂ ਦਰਦਨਾਕ ਘਟਨਾਵਾਂ ਤੋਂ ਬਚਣ ਲਈ ਪ੍ਰੇਰਿਤ ਹੋਣ।

ਇਹਨਾਂ ਕ੍ਰਿਆਵਾਂ ਵਿਚ ਗੋਡਿਆਂ ਵਿੱਚ ਗੁਬਾਰੇ ਲੈਕੇ ਦੌੜਨਾ, ਡੱਡੂ ਟਪੂਸੀਆਂ ਮਾਰਦੇ ਦੌੜਨਾ, ਇੱਕ ਲੱਤ ਸਹਾਰੇ ਦੌੜਨਾ, ਮੂੰਹ ਵਿੱਚ ਚਮਚ ਲੈ ਕੇ ਵਿੱਚ ਨਿੰਬੂ ਰੱਖ ਕੇ ਤੁਰਨਾ ਆਦਿ ਸਮੇਤ ਬਹੁਤ ਸਾਰੀਆਂ ਕ੍ਰਿਆਵਾਂ ਕੀਤੀਆਂ ਗਈਆਂ।ਇਸ ਪ੍ਰੋਗਰਾਮ ਦੀ ਖਾਸੀਅਤ ਇਹ ਰਹੀ ਕਿ ਗਲੀ ਦੀਆਂ ਸਾਰੀਆਂ ਬੀਬੀਆਂ, ਭਾਈਆਂ, ਬਜ਼ੁਰਗਾਂ ਅਤੇ ਬੱਚਿਆਂ ਨੇ ਇਸ ਪ੍ਰੋਗਰਾਮ ਵਿੱਚ ਵੱਧ ਚੜ੍ਹ ਕੇ ਸ਼ਿਰਕਤ ਕੀਤੀ। ਪ੍ਰੋਗਰਾਮ ਵਿੱਚ ਵਧੀਆ ਪ੍ਰਫਾਰਮੈਂਸ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਸਾਰੇ ਗਲੀ ਵਾਸੀਆਂ ਨੇ ਇਹਨਾਂ ਕ੍ਰਿਆਵਾਂ ਨਾਲ ਖੂਬ ਮਨੋਰੰਜਨ ਕੀਤਾ ਅਤੇ ਭਾਈਚਾਰਕ ਸਾਂਝ ਦੀ ਕਾਇਮੀ ਲਈ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮ ਕਰਵਾਉਂਦੇ ਰਹਿਣ ਦਾ ਸਾਰਿਆਂ ਨੇ ਅਹਿਦ ਲਿਆ। ਅੰਤ ਵਿੱਚ ਸਮੂਹ ਇਕੱਠ ਅਤੇ ਸ਼ਮੂਲੀਅਤ ਕਰਨ ਵਾਲਿਆਂ ਲਈ ਚਾਹ ਦੇ ਲੰਗਰ ਦਾ ਵਰਤਾਇਆ ਗਿਆ। ਹੋਰਨਾਂ ਤੋਂ ਇਲਾਵਾ ਕੁਲਦੀਪ ਕੁਮਾਰ ਅਧਿਆਪਕ, ਇੰਜੀ ਕਮਲ ਕੁਲਦੀਪ ਸਿੰਘ, ਡਾਕਟਰ ਸਰਬਜੋਤ ਕੌਰ, ਕਵੀ ਰਾਮ ਪੰਜਾਬ ਪੁਲਿਸ ਨੇ ਵੀ ਉਚੇਚੇ ਸ਼ਿਰਕਤ ਕੀਤੀ।

### ਅਵਤਾਰ ਪੁਰਬ 'ਤੇ ਵਿਸ਼ੇਸ਼

# ਸ੍ਰੀ ਗੁਰੂ ਹਰਿਰਾਇ ਸਾਹਿਬ ਜੀ



ਸਤਵੀਂ ਪਾਤਸ਼ਾਹੀ ਸ੍ਰੀ ਹਰਿਰਾਇ ਸਾਹਿਬ ਜੀ, ਬਾਬਾ ਗੁਰਦਿੱਤਾ ਜੀ ਦੇ ਸਪੁਤਰ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੋਤਰੇ ਸਨ। ਮਾਤਾ ਜੀ ਦਾ ਨਾਂ ਮਾਤਾ ਨਿਹਾਲ ਕੌਰ ਸੀ ।ਆਪ ਜੀ ਨੇ ਪੰਜਾਬ ਦੇ ਮੌਜੂਦਾ ਜ਼ਿਲ੍ਹਾ ਰੋਪੜ ਵਿੱਚ 19 ਮਾਘ ਸੰਮਤ 1686 (16 ਜਨਵਰੀ 1630) ਨੂੰ ਕੀਰਤਪੁਰ ਵਿਖੇ ਅਵਤਾਰ ਧਾਰਿਆਂ। 1640 ਵਿੱਚ, ਆਪ ਜੀ ਸ਼ਾਦੀ ਉੱਤਰ ਪ੍ਰਦੇਸ਼ ਦੇ ਬੁਲੰਦ ਸ਼ਹਿਰ ਜ਼ਿਲ੍ਹੇ ਵਿੱਚ ਸਥਿਤ ਅਨੂਪ ਸ਼ਹਿਰ ਦੇ ਭਾਈ ਦਯਾ ਰਾਮ ਦੀ ਸੁਪੁਤਰੀ ਬੀਬੀ ਸੁਲੱਖਣੀ ਜੀ ਨਾਲ ਹੋਈ। ਇਹ ਬਹੁਤ ਨੇਕ ਅਤੇ ਸ਼ਰਧਾ ਸੁਭਾਅ ਦੇ ਵਿਅਕਤੀ ਸਨ।ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਜੀ ਨਾਂ ਸ਼੍ਰੀ ਹਰਿਰਾਇ ਆਪ ਰੱਖਿਆ ਸੀ। ਪੰਜਾਬੀ ਯੂਨੀਵਰਸਿੱਟੀ,ਪਟਿਆਲਾ ਦੁਆਰਾ ਪ੍ਰਕਾਸ਼ਿਤ ਸਿੱਖ ਧਰਮ ਵਿਸ਼ਵ ਕੋਸ਼ ਵਿਚ ਵੱਖ ਵੱਖ ਇਤਿਹਾਸਕਾਰਾਂ ਦੇ ਹਵਾਲਿਆਂ ਨਾਲ ਆਪ ਜੀ ਦੇ ਜੀਵਨ ਦੇ ਵਿਭਿੰਨ ਪਹਿਲੂਆਂ ਬਾਰੇ ਜੋ ਰੌਸ਼ਨੀ ਪਾਈ ਗਈ ਹੈ, ਉਸ ਅਨੁਸਾਰ ਪੁਰਾਤਨ ਲਿਖਤਾਂ ਵਿੱਚ ਲਿਖਿਆ ਮਿਲਦਾ ਹੈ ਕਿ ਇੱਕ ਵਾਰੀ ਆਪ ਜੀ ਘੋੜ ਸਵਾਰੀ ਉਪਰੰਤ ਵਾਪਸ ਘਰ ਪਰਤ ਰਹੇ ਸਨ। ਇਹਨਾਂ ਨੇ ਦੂਰੋਂ ਦੇਖਿਆ ਕਿ ਸ੍ਰੀ ਗੁਰੂ ਹਰਿਗੋਬਿੰਦ ਜੀ ਬਾਗ਼ ਵਿੱਚ ਬੈਠੇ ਹਨ। ਇਹ ਤੁਰੰਤ ਘੋੜੇ ਤੋਂ ਉਤਰੇ ਅਤੇ ਜਾ ਕੇ ਗੁਰੂ ਜੀ ਨੂੰ ਮੱਥਾ ਟੇਕਿਆ। ਇਸ ਕਾਹਲ ਵਿੱਚ ਇਹਨਾਂ ਦਾ ਚੋਲਾ ਝਾੜੀ ਵਿੱਚ ਫਸ ਗਿਆ ਅਤੇ ਇਸ ਤਰ੍ਹਾਂ ਟਾਹਣੀ ਨਾਲੋਂ ਕੁਝ ਫੁੱਲ ਟੁੱਟ ਗਏ। ਇਸ ਨਾਲ ਹਰਿਰਾਇ ਜੀ ਦੇ ਦਿਲ ਨੂੰ ਦੁੱਖ ਹੋਇਆ। ਇਹ ਉਸੇ ਜਗ੍ਹਾਂ 'ਤੇ ਬੈਠ ਗਏ ਅਤੇ ਉੱਚੀ-ਉੱਚੀ ਰੋਣ ਲੱਗ ਪਏ।ਸ੍ਰੀ ਗੁਰੂ ਹਰਿਗੋਬਿੰਦ ਜੀ ਆਏ ਅਤੇ ਇਹਨਾਂ ਨੂੰ ਧੀਰਜ ਦਿੱਤਾ। ਗੁਰੂ ਜੀ ਨੇ ਇਹਨਾਂ ਨੂੰ ਸਲਾਹ ਦਿੱਤੀ, "ਕੱਪੜੇ ਜਿਵੇਂ ਚਾਹੋ ਪਾਉ ਪਰੰਤੂ ਤੁਰਨ ਵੇਲੇ ਧਿਆਨ ਰੱਖੋ। ਪ੍ਰਮਾਤਮਾ ਦੇ ਸੇਵਕਾਂ ਤੋਂ ਇਹ ਉਮੀਦ ਰੱਖੀ ਜਾਂਦੀ ਹੈ ਕਿ ਉਹ ਸਾਰਿਆਂ ਨੂੰ ਪਿਆਰ ਕਰਨ"। ਇਸ ਤਰ੍ਹਾਂ ਗੁਰੂ ਜੀ ਦੇ ਸ਼ਬਦਾਂ ਵਿੱਚ ਡੂੰਘੇ ਅਰਥ ਸਨ। ਮਨੁੱਖ ਨੂੰ ਇਸ ਸੰਸਾਰ ਵਿੱਚ ਰਹਿਣਾ ਚਾਹੀਦਾ ਹੈ ਪਰ ਨਾਲ ਹੀ ਨਾਲ ਆਪਣੇ ਆਪ 'ਤੇ ਪੂਰਾ ਕੰਟਰੋਲ ਰੱਖਣਾ ਚਾਹੀਦਾ ਹੈ।



ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਇਹ ਜਾਣ ਲਿਆ ਸੀ ਕਿ ਸ੍ਰੀ ਹਰਿਰਾਇ ਗੁਰੂ ਜੋਤ ਦੀ ਪ੍ਰਾਪਤੀ ਲਈ ਸਭ ਤੋਂ ਵੱਧ ਯੋਗ ਵਿਅਕਤੀ ਹਨ। ਗੁਰੂ ਜੀ ਨੇ ਇਹਨਾਂ ਨੂੰ ਆਪਣਾ ਵਾਰਸ ਨਿਯੁਕਤ ਕਰ ਦਿੱਤਾ ਅਤੇ 3 ਮਾਰਚ 1644 ਨੂੰ ਆਪਣੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਇਹਨਾਂ ਨੂੰ ਗੁਰਿਆਈ ਦਾ ਤਿਲਕ ਲਗਾ ਦਿੱਤਾ।

ਸ੍ਰੀ ਗੁਰੂ ਹਰਿਰਾਇ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੁਆਰਾ ਅਰੰਭ ਕੀਤਾ ਠਾਠ ਬਾਠ ਵਾਲਾ ਜੀਵਨ ਜਿਊਣਾ ਜਾਰੀ ਰੱਖਿਆ । ਇਹਨਾਂ ਕੋਲ 2200 ਹਥਿਆਰਬੰਦ ਸਿੱਖ ਸਨ ਪ੍ਰੰਤੂ ਸਰਕਾਰ ਨਾਲ ਇਹਨਾਂ ਦੀ ਕੋਈ ਟੱਕਰ ਨਹੀਂ ਹੋਈ। ਇਹਨਾਂ ਨੇ ਤਿੰਨ ਪ੍ਰਚਾਰ ਮਿਸ਼ਨ ਜਿਨ੍ਹਾਂ ਨੂੰ 'ਬਖ਼ਸ਼ਿਸ਼ਾਂ' ਕਿਹਾ ਜਾਂਦਾ ਸੀ ਸ੍ਰੀ ਗੁਰੂ ਨਾਨਕ ਦੇਵ ਦੀ ਬਾਣੀ ਦਾ ਪ੍ਰਚਾਰ ਕਰਨ ਲਈ ਸਥਾਪਿਤ ਕਰ ਦਿੱਤੇ। ਪਹਿਲਾ ਭਗਵਾਨ ਗਿਰ ਦਾ ਸੀ ਜਿਸ ਦਾ ਨਾਂ ਬਦਲ ਕੇ ਭਗਤ ਭਗਵਾਨ ਰੱਖਿਆ ਗਿਆ ਸੀ। ਦੂਸਰਾ ਸੰਗਤੀਆ ਸੀ ਜਿਸ ਦਾ ਨਾਂ ਬਦਲ ਕੇ ਭਾਈ ਫੇਰੂ ਰੱਖਿਆ ਗਿਆ ਅਤੇ ਜਿਸ ਨੇ ਰਾਜਸਥਾਨ ਅਤੇ ਦੱਖਣੀ ਪੰਜਾਬ ਵਿੱਚ ਸਿੱਖ ਧਰਮ ਦਾ ਪ੍ਰਚਾਰ ਕੀਤਾ।ਸ੍ਰੀ ਗੁਰੂ ਹਰਿਰਾਇ ਜੀ ਨੇ ਭਾਈ ਗੋਂਦਾ ਨੂੰ ਕਾਬੁਲ ਭੇਜਿਆ, ਭਾਈ ਨੱਥਾ ਨੂੰ ਢਾਕੇ ਅਤੇ ਭਾਈ ਜੋਧ ਨੂੰ ਮੁਲਤਾਨ ਪ੍ਰਚਾਰ ਲਈ ਭੇਜਿਆ। ਅਜੋਕੇ ਬਾਗੜੀਆਂ ਅਤੇ ਕੈਥਲ ਪਰਿਵਾਰਾਂ ਦੇ ਪੂਰਵਜਾਂ ਨੇ ਮਾਲਵੇ ਦੇ ਇਲਾਕੇ ਵਿੱਚ ਪ੍ਰਚਾਰ ਕੀਤਾ। ਸ੍ਰੀ ਗੁਰੂ ਹਰਿਰਾਇ ਆਪ ਵੀ ਇਸ ਇਲਾਕੇ ਵਿੱਚ ਬਹੁਤ ਘੁੰਮੇ ਫਿਰੇ ਅਤੇ ਇਹਨਾਂ ਦੇ ਪ੍ਰਚਾਰ ਨਾਲ ਬਹੁਤ ਲੋਕ ਸਿੱਖ ਬਣ ਗਏ। ਇੱਕ ਗ਼ਰੀਬ ਲੜਕੇ ਫੂਲ ਨੂੰ ਸ੍ਰੀ ਗੁਰੂ ਹਰਿਗੋਬਿੰਦ ਜੀ ਵੱਲੋਂ ਮਿਲੇ ਅਸ਼ੀਰਵਾਦ ਨੂੰ ਆਪ ਜੀ ਨੇ ਮੁੜ ਦੁਹਰਾਇਆ ਅਤੇ ਪਿੱਛੋਂ ਜਾ ਕੇ ਇਹ ਪਟਿਆਲਾ, ਨਾਭਾ ਅਤੇ ਜੀਂਦ ਦਾ ਬਾਨੀ ਬਣਿਆ। ਅਜੋਕੇ ਸਮੇਂ ਤੱਕ ਪੰਜਾਬ ਵਿੱਚ ਇਹਨਾਂ ਪਰਿਵਾਰਾਂ ਨੇ ਆਪਣੇ ਇਲਾਕਿਆਂ ਵਿੱਚ ਰਾਜ ਕੀਤਾ ਹੈ।

ਕੀਰਤਪੁਰ ਗੁਰੂ ਹਰਿਰਾਇ ਜੀ ਦਾ ਪੱਕਾ ਟਿਕਾਣਾ ਸੀ। ਇੱਥੇ ਹੀ ਸਿੱਖ ਅਤੇ ਯਾਤਰੂ ਅਸ਼ੀਰਵਾਦ ਅਤੇ ਉਪਦੇਸ਼ ਲੈਣ ਲਈ ਆਉਂਦੇ ਸਨ। ਗੁਰੂ ਜੀ ਨੇ ਆਪਣਾ ਨਿੱਤਕਰਮ ਆਪਣੇ ਪੂਰਵਜਾਂ ਦੀ ਤਰ੍ਹਾਂ ਨਿਰੰਤਰ ਜਾਰੀ ਰੱਖਿਆ। ਲੰਗਰ ਦੀ ਸੰਸਥਾ ਹੋਰ ਵਧੀ ਫੁੱਲੀ। ਆਪ ਸਾਦਾ ਭੋਜਨ ਛੱਕਦੇ ਸਨ ਜਿਸ ਨੂੰ ਉਹ ਆਪਣੇ ਹੱਥੀਂ ਕੰਮ ਕਰਕੇ ਕਮਾਉਂਦੇ ਸਨ। ਸਵੇਰ ਵੇਲੇ ਆਪ ਜੀ ਸੰਗਤ ਵਿੱਚ ਬੈਠਦੇ ਅਤੇ ਸਿੱਖ ਸਿਧਾਂਤਾਂ ਦੀ ਵਿਆਖਿਆ ਕਰਦੇ ਸਨ। ਇਹਨਾਂ ਨੇ ਆਪ ਕੋਈ ਬਾਣੀ ਨਹੀਂ ਰਚੀ ਪ੍ਰੰਤੂ ਆਪਣੇ ਪ੍ਰਵਚਨਾਂ ਵਿੱਚ ਆਪ ਪਹਿਲੇ ਗੁਰੂ ਸਾਹਿਬਾਨਾਂ ਦੀ ਬਾਣੀ ਵਿਚੋਂ ਉਦਾਹਰਨਾਂ ਦਿੰਦੇ ਸਨ। ਆਪ ਅਕਸਰ ਭਾਈ ਗੁਰਦਾਸ ਦੀਆਂ ਵਾਰਾਂ ਵਿੱਚੋਂ ਹੇਠ ਲਿਖੀ ਪਉੜੀ ਦੁਹਰਾਉਂਦੇ ਹੁੰਦੇ ਸਨ:-

ਪਿਛਲ ਰਾਤੀ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ॥
ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ॥
ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ॥
ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਏ॥
ਸਾਧ ਸੰਗਤਿ ਮਿਲ ਗਾਵਦੇ ਰਾਤਿ ਦਿਹੈ ਨਿਤ ਚਲਿ ਚਲਿ ਜਾਏ॥
ਸਬਦ ਸੁਰਤਿ ਪਰਚਾ ਕਰੈ ਸਤਿਗੁਰੁ ਪਰਚੈ ਮਨ ਪਰਚਾਏ॥
ਆਸਾ ਵਿਚ ਨਿਰਾਸੁ ਵਲਾਏ॥5॥


ਗੁਰੂ ਹਰਿਰਾਇ ਗੋਇੰਦਵਾਲ ਵਿਖੇ ਹੀ ਸਨ ਜਦੋਂ ਦਾਰਾ ਸ਼ੁਕੋਹ ਜੋ ਮੁਗ਼ਲ ਰਾਜ ਗੱਦੀ ਦਾ ਵਾਰਸ ਸੀ ਆਪਣੇ ਭਰਾ ਔਰੰਗਜ਼ੇਬ ਤੋਂ 29 ਮਈ 1658 ਨੂੰ ਸਾਮੂਗੜ ਦੀ ਲੜਾਈ ਵਿੱਚ ਹਾਰ ਖਾ ਕੇ ਫ਼ੌਜ ਦੇ ਅੱਗੇ ਭੱਜਦਾ ਹੋਇਆ ਪੰਜਾਬ ਵਿੱਚ ਦਾਖ਼ਲ ਹੋ ਗਿਆ ਸੀ। ਗੋਇੰਦਵਾਲ ਵਿਖੇ ਜਿੱਥੇ ਇਹ ਜੂਨ 1658 ਦੇ ਪਿਛਲੇ ਹਫ਼ਤੇ ਪੁਹੰਚਿਆ ਸੀ। ਇਹ ਗੁਰੂ ਹਰਿਰਾਇ ਜੀ ਦੇ ਦਰਸ਼ਨਾਂ ਲਈ ਆਇਆ ਅਤੇ ਇਹਨਾਂ ਤੋਂ ਬਖ਼ਸ਼ਸ਼ ਲਈ ਬੇਨਤੀ ਕੀਤੀ। ਇਹ ਸ਼ਹਿਜ਼ਾਦਾ ਖੁੱਲ੍ਹੇ ਧਾਰਮਿਕ ਸੁਭਾਅ ਦਾ ਸੀ ਅਤੇ ਕੁਦਰਤੀ ਤੌਰ 'ਤੇ ਸਾਧਾਂ-ਸੰਤਾਂ ਦੀ ਸੰਗਤ ਕਰਕੇ ਪ੍ਰਸੰਨ ਹੁੰਦਾ ਸੀ। ਇਹ ਵਿਸ਼ੇਸ਼ ਤੌਰ 'ਤੇ ਪ੍ਰਸਿੱਧ ਮੁਸਲਮਾਨ ਸੂਫ਼ੀ ਮੀਆਂ ਮੀਰ ਦਾ ਪ੍ਰਸ਼ੰਸਕ ਸੀ ਜਿਸ ਦਾ ਸਿੱਖ ਗੁਰੂਆਂ ਨਾਲ ਮੇਲ-ਜੋਲ ਸੀ। ਸਿੱਖ ਪਰੰਪਰਾ ਵਿੱਚ ਇਸ ਗੱਲ ਦਾ ਜ਼ਿਕਰ ਹੈ ਕਿ ਕਿਵੇਂ ਇੱਕ ਵਾਰੀ ਦਾਰਾ ਸ਼ੁਕੋਹ ਇੱਕ ਨਾਮੁਰਾਦ ਬਿਮਾਰੀ ਤੋਂ ਗੁਰੂ ਹਰਿਰਾਇ ਦੁਆਰਾ ਭੇਜੀਆਂ ਗਈਆਂ ਜੜੀਆਂ ਬੂਟੀਆਂ ਨਾਲ ਤਿਆਰ ਕੀਤੀ ਦਵਾਈ ਨਾਲ ਤੰਦਰੁਸਤ ਹੋ ਗਿਆ ਸੀ। ਇਸ ਲਈ ਇਸ ਨੇ ਆਪਣੇ ਇਸ ਦੁੱਖ ਦੀ ਘੜੀ ਵਿੱਚ ਗੁਰੂ ਜੀ ਦੇ ਦਰਸ਼ਨ ਕਰਨ ਦਾ ਮੌਕਾ ਹੱਥੋਂ ਨਾ ਜਾਣ ਦਿੱਤਾ। ਸਰੂਪ ਦਾਸ ਭੱਲਾ ਦੇ ਮਹਿਮਾ ਪ੍ਰਕਾਸ਼ ਅਨੁਸਾਰ ਗੁਰੂ ਹਰਿਰਾਇ ਜੀ ਨੇ ਔਰੰਗਜ਼ੇਬ ਦੀ ਫ਼ੌਜ ਨੂੰ ਲੇਟ ਕਰਨ ਲਈ ਆਪਣੀ ਫ਼ੌਜ ਪੱਤਣ 'ਤੇ ਲਗਾ ਦਿੱਤੀ ਜੋ ਦਾਰਾ ਦਾ ਤੇਜ਼ੀ ਨਾਲ ਪਿੱਛਾ ਕਰ ਰਹੀ ਸੀ।

ਗੁਰੂ ਹਰਿਰਾਇ ਜੀ ਨੇ ਪੰਜਾਬ ਦੇ ਕੇਂਦਰੀ ਜ਼ਿਲ੍ਹਿਆਂ ਦੀ ਫੇਰੀ ਲਗਾਈ ਜਿੱਥੇ ਇਹਨਾਂ ਦੇ ਪੂਰਬਲੇ ਗੁਰੂਆਂ ਦੁਆਰਾ ਪ੍ਰਚਾਰ ਕਰਨ 'ਤੇ ਸਿੱਖ ਧਰਮ ਪੱਕੇ ਪੈਰੀਂ ਹੋ ਗਿਆ ਸੀ। ਆਪ ਜੀ ਦੂਰ ਕਸ਼ਮੀਰ ਤੱਕ ਚੱਲੇ ਗਏ। 1660 ਦੀ ਵਿਸਾਖੀ ਇਹਨਾਂ ਹਕੀਕਤ ਰਾਇ ਸ਼ਹੀਦ ਦੇ ਦਾਦੇ ਨੰਦ ਲਾਲ ਪੁਰੀ ਦੇ ਘਰ ਸਿਆਲਕੋਟ ਮਨਾਈ। ਯਾਤਰਾ, ਕੁਝ ਸਿੱਖਾਂ ਜਿਵੇਂ ਇੱਕ ਲੁਬਾਣਾ ਪਵਾਰੀ ਮੱਖਣ ਸ਼ਾਹ ਅਤੇ ਆੜੂ ਰਾਮ ਦੇ ਸਾਥ ਵਿੱਚ ਜਾਰੀ ਰਹੀ। ਆੜੂ ਰਾਮ ਦਾ ਪੁੱਤਰ ਕ੍ਰਿਪਾ ਰਾਮ ਦੱਤ ਬਾਅਦ ਵਿੱਚ ਕਸ਼ਮੀਰੀ ਪੰਡਤਾਂ ਨੂੰ ਨਾਲ ਲੈ ਕੇ ਸ਼ਾਹੀ ਦਮਨ ਵਿਰੁੱਧ ਗੁਰੂ ਤੇਗ਼ ਬਹਾਦਰ ਜੀ ਕੋਲ ਆਇਆ ਸੀ। ਗੁਰੂ ਹਰਿਰਾਇ ਜੀ 19 ਮਈ 1660 ਨੂੰ ਮਾਰਤੰਡ ਹੋ ਕੇ ਸ੍ਰੀਨਗਰ ਪਹੁੰਚੇ ਅਤੇ ਮੋਟਾ ਟਾਂਡਾ ਵੀ ਗਏ। ਮੱਖਣ ਸ਼ਾਹ ਇਸੇ ਪਿੰਡ ਦਾ ਰਹਿਣ ਵਾਲਾ ਸੀ। ਵਾਪਸ ਆਉਂਦੇ ਹੋਏ ਆਪ ਅਖਨੂਰ ਅਤੇ ਜੰਮੂ ਠਹਿਰੇ। ਜੰਮੂ ਵਿਖੇ ਸਥਾਨਿਕ ਮਸੰਦ ਭਾਈ ਕਾਹਨਾ ਸੰਗਤ ਲੈ ਕੇ ਹਾਜ਼ਰ ਹੋਇਆ।

ਗੁਰੂ ਹਰਿਰਾਇ ਜੀ ਨਾਲ ਦਾਰਾ ਸ਼ੁਕੋਹ ਦੀ ਮਿਲਣੀ ਨੂੰ ਬਾਦਸ਼ਾਹ ਔਰੰਗਜ਼ੇਬ ਨੂੰ ਗ਼ਲਤ ਢੰਗ ਨਾਲ ਦੱਸਿਆ ਗਿਆ। ਕਾਫ਼ੀ ਮਸਾਲੇ ਲਗਾ ਕੇ ਕਹਾਣੀਆਂ ਉਸ ਤੱਕ ਪਹੁੰਚਾਈਆਂ ਗਈਆਂ। ਉਸਦੇ ਅਫ਼ਸਰਾਂ ਅਤੇ ਦਰਬਾਰੀਆਂ ਨੇ ਉਸ ਨੂੰ ਦੱਸਿਆ ਕਿ ਗੁਰੂ ਹਰਿਰਾਇ ਇੱਕ ਬਾਗ਼ੀ ਹੈ ਅਤੇ ਇਹਨਾਂ ਨੇ ਭਗੌੜੇ ਸ਼ਹਿਜ਼ਾਦੇ ਦਾਰਾ ਦੀ ਵੀ ਮਦਦ ਕੀਤੀ ਹੈ।ਇਸ ਤੋਂ ਇਲਾਵਾ ਉਹਨਾਂ ਨੇ ਦੱਸਿਆ ਕਿ (ਗੁਰੂ) ਗ੍ਰੰਥ ਸਾਹਿਬ ਵਿੱਚ ਇਸਲਾਮ ਵਿਰੁੱਧ ਬਾਣੀ ਲਿਖੀ ਹੋਈ ਹੈ। ਬਾਦਸ਼ਾਹ ਨੇ ਆਂਬੇਰ ਦੇ ਰਾਜਾ ਜੈ ਸਿੰਘ ਨੂੰ ਗੁਰੂ ਹਰਿਰਾਇ ਜੀ ਨੂੰ ਦਿੱਲੀ ਲਿਆਉਣ ਲਈ ਕਿਹਾ। ਰਾਜੇ ਦਾ ਦੂਤ ਹਰੀ ਚੰਦ 1661 ਨੂੰ ਵਿਸਾਖੀ ਵਾਲੇ ਦਿਨ ਕੀਰਤਪੁਰ ਪਹੁੰਚਿਆ ਅਤੇ ਉਸ ਨੇ ਸ਼ਾਹੀ ਸੰਮਨ ਦੇ ਦਿੱਤੇ। ਗੁਰੂ ਹਰਿਰਾਇ ਜੀ ਨੇ ਸੰਮਨ ਲੈ ਲਏ ਅਤੇ ਕਵੀ ਸੰਤੋਖ ਸਿੰਘ ਦੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਉਹਨਾਂ ਨੇ ਕਿਹਾ, "ਮੈਂ ਕਿਸੇ ਖਿੱਤੇ 'ਤੇ ਰਾਜ ਨਹੀਂ ਕਰਦਾ, ਨਾ ਹੀ ਬਾਦਸ਼ਾਹ ਦਾ ਕੋਈ ਟੈਕਸ ਮੇਰੇ ਵੱਲ ਬਣਦਾ ਹੈ ਅਤੇ ਨਾ ਹੀ ਮੈਂ ਉਸ ਤੋਂ ਕੁਝ ਲੈਣਾ ਹੈ। ਸਾਡੇ ਵਿੱਚ ਗੁਰੂ ਅਤੇ ਸਿੱਖ ਵਾਲਾ ਵੀ ਕੋਈ ਰਿਸ਼ਤਾ ਨਹੀਂ ਹੈ। ਫਿਰ ਇਸ ਮਿਲਣੀ ਦਾ ਕੀ ਲਾਭ ਹੋਵੇਗਾ"। ਇਸ ਲਈ ਗੁਰੂ ਜੀ ਨੇ ਆਪਣੀ ਥਾਂ 'ਤੇ ਆਪਣੇ ਵੱਡੇ ਲੜਕੇ ਰਾਮਰਾਇ ਨੂੰ ਭੇਜ ਦਿੱਤਾ ਅਤੇ ਇਸ ਦੀ ਮਦਦ ਲਈ ਦੀਵਾਨ ਦਰਗਾਹ ਮੱਲ ਨਾਲ ਭੇਜਿਆ। ਗੁਰੂ ਕੀਆਂ ਸਾਖੀਆਂ ਅਨੁਸਾਰ ਗੁਰੂ ਹਰਿਰਾਇ ਜੀ ਨੇ ਆਪਣੇ ਪੁੱਤਰ ਨੂੰ ਅਸ਼ੀਰਵਾਦ ਦਿੱਤਾ। ਜਦੋਂ ਉਹ ਗੱਡੀ ਵਿੱਚ ਬੈਠ ਗਿਆ ਤਾਂ ਉਸ ਨੂੰ ਹੇਠ ਲਿਖੀ ਨਸੀਹਤ ਦਿੱਤੀ: "ਬਿਨਾਂ ਕਿਸੇ ਡਰ ਭੈ ਦੇ ਬਾਦਸ਼ਾਹ ਵੱਲੋਂ ਪੁੱਛੇ ਪ੍ਰਸ਼ਨਾਂ ਦਾ ਸਾਫ਼ ਅਤੇ ਸਪੱਸ਼ਟ ਉੱਤਰ ਦੇਣਾ। ਕਿਸੇ ਕਿਸਮ ਦੀ ਕੋਈ ਹਿਚਕਿਚਾਹਟ ਨਹੀਂ ਦਿਖਾਉਣੀ। ਰਸਤੇ ਵਿੱਚ ਜਿੱਥੇ ਵੀ ਰੁਕੋ ਗ੍ਰੰਥ ਦਾ ਮਨ ਲਾ ਕੇ ਪਾਠ ਕਰੋ। ਜਿੱਥੇ ਵੀ ਤੁਸੀਂ ਹੋਵੋਗੇ ਗੁਰੂ ਤੁਹਾਡੀ ਰੱਖਿਆ ਕਰੇਗਾ"। ਭਾਈ ਬਹਿਲੋ ਦੇ ਪਰਿਵਾਰ ਦੇ ਗੁਰਦਾਸ ਨੂੰ (ਗੁਰੂ) ਗ੍ਰੰਥ ਦੀ ਬੀੜ ਰਾਮਰਾਇ ਦੇ ਨਾਲ ਲੈ ਜਾਣ ਦਾ ਆਦੇਸ਼ ਦਿੱਤਾ।

ਬਾਦਸ਼ਾਹ ਨੂੰ ਖੁਸ਼ ਕਰਨ ਲਈ ਰਾਮਰਾਇ ਨੇ ਜਾਣ ਬੁੱਝ ਕੇ (ਗੁਰੂ ਗ੍ਰੰਥ ਸਾਹਿਬ ਤੋਂ ਤੁਕਾਂ ਦਾ ਗਲਤ ਪਾਠ ਕੀਤਾ। ਇਹਨਾਂ ਨਾਲ ਗਏ ਹੋਏ ਸਿੱਖਾਂ ਨੇ ਇਹ ਗੱਲ ਸ੍ਰੀ ਗੁਰੂ ਹਰਿਰਾਇ ਜੀ ਨੂੰ ਆ ਕੇ ਦੱਸੀ ਜਿਨ੍ਹਾਂ ਨੇ ਰਾਮਰਾਇ ਨੂੰ ਫਿਟਕਾਰ ਦਿੱਤਾ ਕਿਉਂਕਿ ਇਸ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਿੱਤੀ ਸੀ। ਗੁਰੂ ਵੱਲੋਂ ਰਾਮਰਾਇ ਨੂੰ ਮੱਥੇ ਨਾ ਲੱਗਣ ਦਾ ਹੁਕਮ ਦੇਣ ਕਰਕੇ ਇਹ ਦੇਹਰਾਦੂਨ ਚੱਲਾ ਗਿਆ। ਗੁਰੂ ਹਰਿਰਾਇ ਜੀ ਨੇ ਆਪਣੇ ਛੋਟੇ ਸੁਪੁੱਤਰ ਹਰਿਕ੍ਰਿਸ਼ਨ ਨੂੰ ਆਪਣਾ ਉੱਤਰਾਧਿਕਾਰੀ ਚੁਣ ਲਿਆ ਅਤੇ 6 ਅਕਤੂਬਰ 1661 ਨੂੰ ਕੀਤਰਪੁਰ ਵਿਖੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਇਹਨਾਂ ਨੂੰ ਗੁਰਗੱਦੀ ਸੌਂਪ ਦਿੱਤੀ।

## ਬੋਮਨ ਇਰਾਨੀ ਅਤੇ ਉਸ ਦੀ ਪਤਨੀ ਜ਼ੇਨੋਬੀਆ ਵਿਆਹ ਦੀ 40ਵੀਂ ਵਰ੍ਹੇ ਗੰਢ ਮਨਾਈ



ਬੋਮਨ ਇਰਾਨੀ ਅਤੇ ਉਸ ਦੀ ਪਤਨੀ ਜ਼ੇਨੋਬੀਆ ਵਿਆਹ ਦੇ 40 ਸਾਲ ਮੁਕੰਮਲ ਹੋਣ ਦਾ ਜਸ਼ਨ ਮਨਾ ਰਹੇ ਹਨ ਅਤੇ '3 ਇਡੀਅਟਸ' ਅਦਾਕਾਰ ਨੇ ਇਸ ਨੂੰ ਉਸ ਵੇਲੇ ਹੋਰ ਵੀ ਖਾਸ ਬਣਾ ਦਿੱਤਾ ਜਦੋਂ ਉਸ ਨੇ ਸੋਸ਼ਲ ਮੀਡੀਆ 'ਤੇ ਆਪਣੀ ਪਤਨੀ ਨਾਲ ਤਸਵੀਰਾਂ ਦਾ ਕੋਲਾਜ ਸਾਂਝਾ ਕੀਤਾ। ਇਸ ਤੋਂ ਬਾਅਦ ਉਸ ਦੇ ਦੋਸਤਾਂ ਮਿੱਤਰਾਂ ਤੇ ਪ੍ਰਸ਼ੰਸਕਾਂ ਨੇ ਪਿਆਰ ਭਰੀਆਂ ਟਿੱਪਣੀਆਂ ਕਰ ਕੇ ਵਧਾਈਆਂ ਦਿੱਤੀਆਂ। ਜ਼ਿਕਰਯੋਗ ਹੈ ਕਿ ਬੋਮਨ ਨੇ 'ਮੁੰਨਾ ਭਾਈ ਐੱਮਬੀਬੀਐੱਸ', 'ਮੈਂ ਹੂੰ ਨਾ', '3 ਇਡੀਅਟਸ', 'ਜੌਲੀ ਐੱਲਐੱਲਬੀ' ਵਰਗੀਆਂ ਫ਼ਿਲਮਾਂ ਵਿੱਚ ਕੰਮ ਕੀਤਾ ਹੈ। ਇਸ ਵੇਲੇ ਬੋਮਨ ਇਰਾਨੀ ਦੀ ਨਿਰਦੇਸ਼ਿਤ ਪਹਿਲੀ ਫਿਲਮ 'ਦਿ ਮਹਿਤਾ ਬੁਆਇਜ਼' ਟੀਟੀ ਪਲੇਟਫਾਰਮ 'ਤੇ ਰਿਲੀਜ਼ ਹੋਣ ਲਈ ਪੂਰੀ ਤਰ੍ਹਾਂ ਤਿਆਰ ਹੈ। ਇਸ ਵਿਚ ਬੋਮਨ ਇਰਾਨੀ ਨਾਲ ਅਵਿਨਾਸ਼ ਤਿਵਾੜੀ, ਸ਼੍ਰੇਆ ਚੌਧਰੀ ਅਤੇ ਪੂਜਾ ਸਰੂਪ ਨਜ਼ਰ ਆਉਣਗੇ। **-ਤਰਸੇਮ ਬੱਧਣ**



## ਸੋਡੀ ਮੱਲ ਦੇ ਸ਼ਬਦ' ਅਣਖ' ਦੇ ਨਾਲ ਨਾਲ' ਸਤਿਗੁਰੂ' ਨੂੰ ਸੰਗਤਾਂ ਵੱਲੋਂ ਮਿਲੇਗਾ ਅਥਾਹ ਪਿਆਰ



**ਰੋਮ (ਇਟਲੀ) ਟੇਕ ਚੰਦ ਜਗਤਪੁਰ-** ਸੋਡੀ ਮੱਲ ਯੂਰਪ ਦੇ ਵਿੱਚ ਗਾਇਕੀ ਦੇ ਖੇਤਰ ਉਹ ਜਾਣਿਆ ਪਹਿਚਾਣਿਆ ਨਾ ਹੈ, ਜਿਸ ਨੇ ਆਪਣੀ ਬੁਲੰਦ ਅਤੇ ਦਮਦਾਰ ਆਵਾਜ਼ ਸਦਕਾ ਵੱਖਰਾ ਮੁਕਾਮ ਹਾਸਿਲ ਕੀਤਾ। ਉਸ ਦੇ ਹਰ ਗੀਤ ਨੂੰ ਸਰੋਤਿਆਂ ਨੇ ਬੇਹੱਦ ਪਿਆਰ ਤੇ ਸਤਿਕਾਰ ਬਖਸ਼ਿਆ। ਸ੍ਰੀ ਗੁਰੂ ਰਵਿਦਾਸ ਸਭਾਵਾਂ ਵੱਲੋਂ ਕਰਵਾਏ ਜਾ ਰਹੇ ਵੱਖ ਵੱਖ ਸਮਾਗਮਾਂ ਵਿੱਚ ਉਸ ਦੀ ਹਾਜ਼ਰੀ ਨਵੇਕਲੀ ਰਹੀ। ਸੋਡੀ ਮੱਲ ਦੇ' ਹੱਕ ' 'ਜੁਗ ਬਾਬਾ ਸਾਹਿਬ ਦਾ', 'ਜਾਨ ਵੀ ਹਾਜ਼ਰ ਹੈ, ਨਾਨਕਾ ਮੇਲ ਆਦਿ ਮਕਬੂਲ ਹੋਏ ਹਨ ਪ੍ਰਸਿੱਧ ਗੀਤਕਾਰ ਮਹਿੰਦਰ ਸੰਧੂ ਮਹੇੜੂ ਦਾ ਲਿਖਿਆ ਸ਼ਬਦ "ਅਣਖ 'ਵੀ ਬੀਤੇ ਦਿਨੀ ਰਿਲੀਜ਼ ਹੋਇਆ ਹੈ ਅਤੇ ਹੁਣ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਨੂੰ ਮੁੱਖ ਰੱਖਦਿਆਂ' ਸਤਿਗੁਰੂ' ਸ਼ਬਦ ਨਾਲ ਸਨਮੁਖ ਹੋਵੇਗਾ ।ਗਾਇਕ ਸੋਡੀ ਮੱਲ ਅਨੁਸਾਰ ਕਿਸੇ ਵੀ ਖੇਤਰ ਵਿੱਚ ਕਾਮਯਾਬ ਹੋਣ ਲਈ ਬੁਲੰਦ ਹੌਸਲਾ, ਦ੍ਰਿੜ ਇਰਾਦਾ, ਉਸਾਰੂ ਤੇ ਅਗਾਂਹ ਵਧੂ ਸੋਚ ਅਤੇ ਮਿਹਨਤ ਜਰੂਰੀ ਹੈ ਜਿਸ ਨੂੰ ਉਹ ਨਿਰੰਤਰ ਜਾਰੀ ਰੱਖਣਗੇ।

## ਕਾਪੀ, ਪੈਨ, ਪੈਨਸਿਲ, ਕਲਰ ਕਿੱਟ ਤੇ ਸਕੂਲ ਬੈਗ ਦਾ ਲੰਗਰ ਲਗਾਇਆ ਜਾਵੇਗਾ




ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 648ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਡਾ. ਭੀਮ ਰਾਓ ਅੰਬੇਦਕਰ ਐਜੂਕੇਸ਼ਨ ਕਮੇਟੀ ਵੱਲੋਂ ਕਾਪੀ, ਪੈਨ, ਪੈਨਸਿਲ, ਕਲਰ ਕਿੱਟ ਤੇ ਸਕੂਲ ਬੈਗ ਦਾ ਲੰਗਰ 12 ਫਰਵਰੀ 2025 ਨੂੰ ਲੰਗਰ ਲਗਾਇਆ ਜਾਵੇਗਾ। ਜੋ ਵੀ ਸਾਥੀ ਇਸ ਐਜੂਕੇਸ਼ਨ ਲੰਗਰ ਵਿਚ ਆਪਣਾ ਸਹਿਯੋਗ ਦੇਣਾ ਚਾਹੁੰਦਾ ਹੈ, ਉਹ 85589-20784 ਤੇ ਵਿਪਨ ਕੁਮਾਰ ਅੰਗੂਰਾਲ ਨਾਲ ਸੰਪਰਕ ਕਰ ਸਕਦਾ ਹੈ। ਇਹ ਲੰਗਰ ਸ੍ਰੀ ਗੁਰੂ ਰਵਿਦਾਸ ਮੰਦਰ, ਗੇਟ ਖਜਾਨਾ ਸਾਹਮਣੇ ਗਲੀ ਹਾਤਿਮਤਾਈ ਨੰ: 7 ਜਲੰਧਰ ਵਿਖੇ ਲਗਾਇਆ ਜਾਵੇਗਾ। ਦਾਨ ਸਿਰਫ ਪੈਨ, ਪੈਨਸਿਲ, ਕਾਪੀ, ਬੈਗ ਅਤੇ ਹੋਰ ਸਕੂਲ ਸਟੇਸ਼ਨਰੀ ਦੇ ਰੂਪ ਵਿਚ ਲਿਆ ਜਾਵੇਗਾ। **-ਜਸਪਾਲ ਕੁਮਾਰ ਆਜਾਦ**

# ਪੰਜਾਬੀ ਗੀਤਕਾਰੀ ਦਾ ਬਾਬਾ ਬੋਹੜ- ਸੇਵਾ ਸਿੰਘ ਨੌਰਥ ਲਲਤੋਂ ਵਾਲਾ



ਇੰਜੀ ਸਤਨਾਮ ਸਿੰਘ ਮੱਟੂ
9779708257

ਜਦੋਂ 1980ਵਿਆਂ ਵਿੱਚ ਪੰਜਾਬੀ ਗਾਇਕਾਂ ਕੁਲਦੀਪ ਮਾਣਕ, ਸੁਰਿੰਦਰ ਛਿੰਦਾ, ਗੁਰਮੀਤ ਬਾਵਾ, ਪੰਜਾਬ ਦੀ ਕੋਇਲ ਸੁਰਿੰਦਰ ਕੌਰ, ਦੀਦਾਰ ਸੰਧੂ, ਅਮਰ ਸਿੰਘ ਚਮਕੀਲਾ-ਅਮਰਜੋਤ, ਮੁਹੰਮਦ ਸਦੀਕ -ਰਣਜੀਤ ਕੌਰ, ਕਰਤਾਰ ਰਮਲਾ, ਪਰਮਿੰਦਰ ਸੰਧੂ, ਕੇ ਦੀਪ-ਜਗਮੋਹਣ ਕੌਰ ਆਦਿ ਦੀ ਗਾਇਕੀ ਦਾ ਸਿਖਰ ਸੀ ਤਾਂ ਉਹਨਾਂ ਦੀ ਕਾਮਯਾਬੀ ਪਿਛੇ ਗੀਤਾਂ ਦੇ ਰਚਨਹਾਰਿਆਂ ਦੇ ਯੋਗਦਾਨ ਨੂੰ ਅੱਖੋਂ ਪਰੋਖੇ ਕਰਨਾ ਸ਼ਾਇਦ ਉਹਨਾਂ ਨਾਲ ਨਾਇਨਸਾਫੀ ਵਾਲੀ ਗੱਲ ਹੋਵੇਗੀ।ਉਸ ਸਮੇਂ ਪਾਲੀ ਦੇਤਵਾਲੀਆ,ਦੇਵ ਥਰੀਕੇ ਵਾਲਾ, ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲਾ, ਹਾਕਮ ਬਖਤੜੀਵਾਲਾ, ਅਲਬੇਲ ਬਰਾੜ, ਜਿੰਦ ਸਵਾੜਾ, ਨੇਕ ਮੱਟਰਾਂ ਵਾਲਾ ਆਦਿ ਗੀਤਕਾਰੀ ਦੇ ਸਿਰਮੌਰ ਹਸਤਾਖਰ ਸਨ, ਉਹਨਾਂ ਹੀ ਗੀਤਕਾਰੀ ਦੇ ਥੰਮ੍ਹਾਂ ਵਿੱਚ ਇੱਕ ਹੋਰ ਕਲਮ ਦਾ ਜ਼ਿਕਰ ਉੱਭਰ ਕੇ ਉਦੋਂ ਸਾਮ੍ਹਣੇ ਆਇਆ, ਜਦੋਂ 1983 ਵਿੱਚ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੇ 'ਜੁਗਨੀ ਯਾਰਾਂ ਦੀ' ਐਲ ਪੀ ਰਿਕਾਰਡ ਵਿੱਚ ਦੋ ਗੀਤ "ਕੱਲ ਨੂੰ ਵਿਆਹ ਕੇ ਮੈਨੂੰ ਲੈਣ ਜਾਣਗੇ" ਅਤੇ "ਤਾਰਾ ਰਾਣੀ ਤੇਰਾ ਵੇ ਵਿਛੋੜਾ ਪੁੱਤਰਾ ਕਿਵੇਂ ਦਿਲ ਤੇ ਸਹੂ" ਰਿਕਾਰਡ ਹੋਏ ਅਤੇ ਸਰੋਤਿਆਂ ਦੇ ਦਿਲਾਂ ਨੂੰ ਟੁੰਬ ਗਏ।ਇਹ ਕੋਈ ਹੋਰ ਨਹੀਂ ਸ਼ਬਦਾਂ ਦਾ ਜਾਦੂਗਰ ਗੀਤਕਾਰ ਸੇਵਾ ਸਿੰਘ ਨੌਰਥ ਲਲਤੋਂ ਵਾਲਾ ਹੈ। ਪੰਜਾਬੀ ਗੀਤਕਾਰੀ ਦੇ ਇਸ ਬਾਬਾ ਬੋਹੜ ਸੇਵਾ ਸਿੰਘ ਨੌਰਥ ਨੇ ਲੁਧਿਆਣਾ ਸ਼ਹਿਰ ਦੀ ਪੱਛਮੀ ਬੱਖੀ ਚ ਵਸੇ ਪਿੰਡ ਲਲਤੋਂ 'ਚ ਪਿਤਾ ਸ੍ ਤੁਲਸਾ ਸਿੰਘ ਅਤੇ ਮਾਤਾ ਸ੍ਰੀਮਤੀ ਨਸੀਬ ਕੌਰ ਦੇ ਵਿਹੜੇ 25 ਜਨਵਰੀ 1960 ਨੂੰ ਜਨਮ ਲਿਆ।ਉਹਨਾਂ ਪੜਾਈ ਤਾਂ ਬੇਸ਼ੱਕ ਦਸ ਜਮਾਤਾਂ ਹੀ ਪਾਸ ਕੀਤੀਆ ਹਨ,ਪਰ ਗੀਤਾਂ ਦੇ ਸ਼ਬਦਾਂ ਅਤੇ ਵਿਚਾਰਾਂ ਦੇ ਅਹਿਸਾਸਾਂ ਤੋਂ ਉਹ ਬਹੁਤ ਹੀ ਗੂੜ ਗਿਆਨੀ ਮਹਿਸੂਸ ਹੁੰਦੇ ਹਨ।



ਆਪਣੀ ਗੀਤਕਾਰੀ ਦੇ ਝੁਕਾਅ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਇਸ ਗੀਤਾਂ ਦੀ ਮਸ਼ੀਨ ਦੇ ਦੱਸਿਆ ਕਿ ਉਹ ਪਿੰਡਾਂ ਵਿੱਚ ਲੱਗਦੇ ਮੇਲਿਆਂ ਤੋਂ 2,5,10 ਰੁਪਏ ਵਾਲੇ ਗੀਤਾਂ ਦੇ ਚਿੱਠੇ ਅਤੇ ਕਿੱਸਿਆਂ ਦੀਆਂ ਪੁਸਤਕਾਂ ਖਰੀਦ ਕੇ ਪੜਿਆ ਕਰਦਾ ਸੀ।ਸਾਲ 1969-70ਵਿਆਂ ਵਿੱਚ ਪੰਜਾਬੀ ਵਿਚ ਛਪਦੇ ਇੱਕ ਮੈਗਜ਼ੀਨ ਵਿੱਚ ਹੈਡਿੰਗ ਅਤੇ ਵਿਸ਼ਾ ਦੱਸ ਕੇ ਗੀਤ ਲਿਖਣ ਲਈ ਪ੍ਰੇਰਿਆ ਜਾਂਦਾ ਸੀ ਅਤੇ ਲੇਖਕਾਂ ਦੀਆਂ ਰਚਨਾਵਾਂ ਨੂੰ ਮੈਗਜ਼ੀਨ ਵਿੱਚ ਛਾਪਿਆ ਜਾਂਦਾ ਸੀ ਤਾਂ ਉਹਨਾਂ ਨੂੰ ਉਸ ਮੈਗਜ਼ੀਨ ਲਈ ਗੀਤ ਲਿਖੇ ਗੀਤਾਂ ਨੇ ਇਸ ਰਾਹੇ ਤੋਰ ਲਿਆ। ਉਹਨਾਂ ਸਭ ਤੋਂ ਪਹਿਲਾਂ ਗੀਤ 'ਮੰਜੀ ਡਾਹ ਕੇ ਦੀਪੋ ਸੌ ਗਈ' ਲਿਖਿਆ ਸੀ। ਇਸ ਇਲਾਵਾ ਵੀ ਉਹ ਆਪਣੇ ਗੀਤ ਮੈਗਜ਼ੀਨ ਨੂੰ ਭੇਜ ਦਿੰਦੇ ਸਨ ਅਤੇ ਛਪ ਜਾਣ ਤੇ ਬਹੁਤ ਉਤਸ਼ਾਹ ਮਿਲਦਾ ਸੀ। ਉਹਨਾਂ ਗੀਤਾਂ ਛੰਦ ਬੰਦੀ ਜਾਨਣ ਅਤੇ ਗੀਤਕਾਰੀ ਦਾ ਗਿਆਨ ਵਧਾਉਣ ਲਈ ਦਲਜੀਤ ਸਿੰਘ ਦਰਦੀ ਗੀਤਕਾਰ ਨੂੰ ਆਪਣਾ ਰਸਮੀ ਉਸਤਾਦ ਧਾਰ ਲਿਆ।

ਉਹਨਾਂ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਅਤੇ ਦੋਗਾਣਾ ਗਾਇਕੀ ਦੇ ਥੰਮ ਸੁਰਿੰਦਰ ਛਿੰਦਾ ਦੇ ਦਫ਼ਤਰੀ ਸੈਕਟਰੀ ਵਜੋਂ ਵੀ ਕੰਮ ਕੀਤਾ ਹੈ। ਬੱਸ ਫਿਰ ਚੱਲ ਸੋ ਚੱਲ, ਉਪਰੋਂ ਥਲੀ ਗੀਤ ਰਿਕਾਰਡ ਹੋਣ ਲੱਗ ਪਏ ਅਤੇ ਚੋਟੀ ਦੇ ਗੀਤਕਾਰਾਂ ਵਿੱਚ ਉਹਨਾਂ ਦਾ ਨਾਮ ਸ਼ੁਮਾਰ ਹੋ ਗਿਆ। ਕੁਲਦੀਪ ਮਾਣਕ ਦੀ ਧਾਰਮਿਕ ਕੈਸਿਟ ਵਿਚ ਭਾਈ ਮਤੀ ਦਾਸ ਦੀ ਸ਼ਹਾਦਤ ਨੂੰ ਸਮਰਪਿਤ ਗੀਤ "ਸਿੰਘ ਸੂਰਮੇ ਦਾ ਕੌਤਕ ਨਿਆਰਾ ਦੇਖਿਆ, ਮਤੀ ਦਾਸ ਉਤੇ ਚੱਲਦਾ ਮੈਂ ਆਰਾ ਦੇਖਿਆ" ਰਿਕਾਰਡ ਹੋਇਆ ਤਾਂ ਗਾਇਕ ਉਹਦੇ ਗੀਤਾਂ ਨੂੰ ਗਾ ਕੇ ਮਾਣ ਮਹਿਸੂਸ ਕਰਨ ਲੱਗ ਪਏ।ਫਿਰ ਕੁਲਦੀਪ ਮਾਣਕ ਦੀ ਆਵਾਜ਼ ਵਿਚ ਹੀ ਟੀ ਪੀ ਐਮ ਕੰਪਨੀ ਤੋਂ ਕੈਸੇਟ ਜੋਗੀ ਦਾ ਚਾਲਾ ਅਤੇ ਟੀ ਸੀਰੀਜ਼ ਤੋਂ ਕੈਸੇਟ ਕੱਕੀਆਂ ਜਟਾਵਾਂ ਵਾਲਿਆਂ ਦੇ ਸਾਰੇ ਗੀਤ ਹੀ ਸੇਵਾ ਸਿੰਘ ਨੌਰਥ ਦੇ ਲਿਖੇ ਹਨ।

ਕੁਲਦੀਪ ਮਾਣਕ ਦੀ ਆਵਾਜ਼ ਵਿੱਚ ਉਹਨਾਂ ਦੇ 31 ਗੀਤ ਰਿਕਾਰਡ ਹੋਏ ਹਨ।ਇਸ ਤੋਂ ਇਲਾਵਾ ਗਾਇਕ ਰੋਮੀ ਗਿੱਲ ਨੇ 'ਧਰੂ ਤਾਰਾ', ਸਰਦੂਲ ਸਿਕੰਦਰ-ਅਮਰ ਨੂਰੀ ਨੇ ਜੰਝ ਬੂਹੇ ਤੇ ਖੜੀ ਆ ਅਤੇ ਭਾਈ ਤਾਰੂ ਸਿੰਘ ਜੀ ਖੋਪਰੀ ਜਲਾਦ ਹੁਣ ਲਾਹੁਣ ਲੱਗੇ ਨੇ, ਅਮਰ ਸਿੰਘ ਚਮਕੀਲਾ-ਅਮਰਜੋਤ ਜੋੜੀ ਨੇ ਧੰਨ ਧੰਨ ਬਾਬਾ ਬੁੱਢਾ ਜੀ ਤੇਰੀ ਮਹਿਮਾ ਅਪਰ ਅਪਾਰ, ਪਾਲੀ ਦੇਤਵਾਲੀਆ ਨੇ ਔਰਤ ਦਾ ਸਤਿਕਾਰ ਕਰੋ, ਪਰਮਿੰਦਰ ਸੰਧੂ ਦੀ ਆਵਾਜ਼ ਵਿੱਚ ਟੀ ਸੀਰੀਜ਼ ਨੇ ਦੁਸ਼ਮਣ, ਕਰਜ਼ਾ ਅਤੇ ਬਿਮਾਰੀ ਕਰਦੇ ਬਹੁਤ ਖੁਆਰ ਲੱਕ ਤੱਥ, ਮਨਪ੍ਰੀਤ ਅਖ਼ਤਰ ਨੇ ਆਪਣੀ ਕੈਸਿਟ ਸੋਹਣਾ ਹੈ ਜੋਗੀ ਦਾ ਦਰਬਾਰ ਵਿੱਚ 6 ਧਾਰਮਿਕ ਗੀਤ, ਲਖਵੀਰ ਲੱਖਾ ਦੀ ਆਵਾਜ਼ ਵਿੱਚ ਟੀ ਸੀਰੀਜ਼ ਤੋਂ 'ਬਾਬਾ ਦਾ ਝੰਡਾ ਹੈ ਰੰਗਲਾ' ਰਿਕਾਰਡ ਹੋਏ ਹਨ।

ਉਹਨਾਂ ਅੱਗੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਬੁਲੰਦ ਆਵਾਜ਼ ਦੀ ਮਲਿਕਾ ਸੁਦੇਸ਼ ਕੁਮਾਰੀ ਦੀ ਆਵਾਜ਼ ਵਿੱਚ ਉਸਦੇ ਲਿਖੇ ਭਜਨਾਂ ਦੀਆਂ ਦੋ ਕੈਸੇਟਾਂ ਜੋਗੀ ਦੇ ਦਰ ਜਾਣਾ ਅਤੇ ਰੋਟੀ ਖਾ ਲੈ ਜੋਗੀਆ, ਗਾਇਕਾ ਪ੍ਰਵੀਨ ਭਾਰਟਾ ਨੇ ਦੋ ਕੈਸੇਟਾਂ ਨਿਰੰਕਾਰੀ ਮਿਸ਼ਨ ਅਤੇ ਪੀਰਾਂ ਦੇ ਭਜਨ ਵਿਚ ਸਾਰੇ ਗੀਤ ਇਸ ਮਹਾਨ ਗੀਤਕਾਰ ਦੇ ਗਾਏ ਹਨ।

ਇਸ ਤੋਂ ਇਲਾਵਾ ਨਜ਼ਮਾਂ ਖਾਨ, ਕੋਮਲ ਰੰਧਾਵਾ, ਸੁਨੀਤਾ ਖੰਨੇ ਵਾਲੀ, ਰਮਨਦੀਪ ਬਾਵਾ, ਨੀਤੂ ਸ਼ੇਰਾ, ਅਮਰ ਸਿੰਘ ਲਿੱਤਰਾਂ ਸਮੇਤ ਹੋਰ ਵੀ ਬਹੁਤ ਗਾਇਕਾਂ ਨੇ ਉਨ੍ਹਾਂ ਦੇ ਗੀਤਾਂ ਨੂੰ ਸੁਰੀਲੀ ਆਵਾਜ਼ ਵਿੱਚ ਗਾਇਆ ਹੈ।

ਉਹ ਸੰਗੀਤ ਸਮਰਾਟ ਚਰਨਜੀਤ ਆਹੂਜਾ ਦਾ ਦਿਲੋਂ ਸਤਿਕਾਰ ਕਰਦਿਆਂ ਰੱਬ ਦੱਸਦੇ ਹਨ, ਕਿਉਂਕਿ 1984 ਦੇ ਕਾਲੇ ਘਟਨਾਕ੍ਰਮ ਵਿਚ ਉਹਨਾਂ ਸੇਵਾ ਸਿੰਘ ਨੌਰਥ ਨੂੰ ਦਿੱਲੀ ਵਿੱਚ ਆਪਣੇ ਘਰ ਰੱਖ ਕੇ ਬਚਾਇਆ ਸੀ। ਉਸ ਕਾਲੇ ਦੌਰ ਦਾ ਭਰੇ ਮਨ ਨਾਲ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ ਦੰਗਾਕਾਰੀਆਂ ਨੇ ਉਸਦੇ ਕੱਪੜੇ ਵੀ ਸਾੜ ਦਿੱਤੇ ਸਨ। ਉਸ ਸਮੇਂ ਚਰਨਜੀਤ ਆਹੂਜਾ ਜੀ ਰੱਬ ਬਣਕੇ ਬਹੁੜੇ ਸਨ। ਉਹਨਾਂ ਪੱਗ ਅਤੇ ਕੱਪੜੇ ਲੈਕੇ ਦਿੱਤੇ ਅਤੇ 1000/- ਰੁਪਏ ਦੇਕੇ ਦਿੱਲੀ ਤੋਂ ਲੁਧਿਆਣਾ ਲਈ ਟ੍ਰੇਨ ਚੜਾਇਆ ਸੀ।

ਇਹ ਦੱਸਦਿਆਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਮਾਣ ਨਾਲ ਸਿਰ ਉਚਾ ਹੋ ਜਾਂਦਾ ਹੈ ਕਿ ਗੀਤਕਾਰੀ ਦੇ ਇਸ ਵਗਦੇ ਦਰਿਆ ਅਤੇ ਬਾਬਾ ਬੋਹੜ ਨੌਰਥ ਲਲਤੋਂ ਵਾਲੇ ਦੇ ਹੁਣ ਤੱਕ 865 ਗੀਤ ਵੱਖ ਵੱਖ ਗਾਇਕਾਂ ਅਤੇ ਗਾਇਕਾਵਾਂ ਦੀ ਆਵਾਜ਼ ਵਿੱਚ ਰਿਕਾਰਡ ਹੋ ਚੁੱਕੇ ਹਨ। ਉਹਨਾਂ ਮਾਂ ਪ੍ਰਤੀ ਸੁਨੇਹਾ ਦਿੰਦਿਆਂ ਕਿਹਾ ਹੈ:-

ਮਾਂ ਬੋਲੀ ਜੇ ਭੁੱਲ ਜਾਉਂਗੇ, ਤਾਂ ਸੋਚੋ ਬੜਾ ਪਛਤਾਉਂਗੇ
ਕੀ ਹੋਰ ਪਰਾਈ ਬੋਲੀ ਨੂੰ ਫਿਰ ਆਪਣੀ ਮਾਂ ਬਣਾਉਂਗੇ?

ਖੁਦਾ ਅੱਗੇ ਦੁਆ ਹੈ ਕਿ ਗੀਤਕਾਰੀ ਦਾ ਇਹ ਵਗਦਾ ਦਰਿਆ ਨਿਰੰਤਰ ਵਹਿੰਦਾ ਰਹੇ।

# ਸਫ਼ਲਤਾ ਲਈ ਸਮੇਂ ਦੀ ਨਬਜ਼ ਪਛਾਣਨਾ ਅਤੇ ਸਿਧਾਂਤਕ ਪਕਿਆਈ ਅਤਿ ਜ਼ਰੂਰੀ

ਵਕਤ ਇੱਕ ਅਜਿਹੀ ਜ਼ੰਜੀਰ ਹੈ ਜਿਸ ਨੇ ਸਿਰਫ ਇੱਕ ਵਿਅਕਤੀ ਨੂੰ ਹੀ ਨਹੀਂ ਸਗੋਂ ਸਮੁੱਚੀ ਲੋਕਾਈ ਨੂੰ ਹੀ ਆਪਣੀ ਮਜ਼ਬੂਤ ਜਕੜ 'ਚ ਬੰਨਿਆ ਹੋਇਆ ਹੈ। ਜਿਸ ਕਿਸੇ ਵੀ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਨੇ ਵਕਤ ਦੀ ਇਸ ਜ਼ੰਜੀਰ ਨੂੰ ਜਬਰੀ ਤੋੜਣ ਦਾ ਯਤਨ ਕੀਤਾ ਹੈ ਤਾਂ ਵਕਤ ਨੇ ਵੀ ਆਪਣੇ ਜਾਬਰ ਪੰਜਿਆਂ ਦੀ ਤਾਕਤ ਦਿਖਾਉਂਦਿਆਂ, ਦਰਸਾ ਦਿੱਤਾ ਕਿ ਵਕਤ ਅਸਲ 'ਚ ਕਿਸ ਬਲਾ ਦਾ ਨਾਂਅ ਹੈ।

ਵਕਤ ਦੀ ਇੱਕ ਵਿਸ਼ੇਸ਼ਤਾ ਹੈ ਕਿ ਇਹ ਕਦੇ ਵੀ ਇੱਕਸਾਰ ਨਹੀਂ ਚਲਦਾ ਸਗੋਂ ਇਸ ਨੂੰ ਵਿੰਗ ਵਲ ਪਾ ਕੇ ਤੁਰਨ ਦੀ ਖੋਟੀ ਆਦਤ ਹੈ। ਭਾਵ ਜੇਕਰ ਸਮਾਂ ਅਤੇ ਹਾਲਾਤ, ਅੱਜ ਕਿਸੇ ਵਿਅਕਤੀ ਲਈ ਅਨੁਕੂਲ ਹਨ ਤਾਂ ਕੱਲ੍ਹ ਨੂੰ ਪ੍ਰਤੀਕੂਲ ਵੀ ਹੋ ਸਕਦੇ ਹਨ। ਮਨੁੱਖੀ ਮਾਨਸਿਕਤਾ ਦਾ ਵੱਡਾ ਦੁਖਾਂਤ ਹੀ ਇਹ ਹੈ ਕਿ ਉਹ ਵਕਤ ਨੂੰ ਗੈਰ ਕੁਦਰਤੀ ਢੰਗ ਤਰੀਕੇ ਆਪਣਾ ਕੇ ਆਪਣੇ ਅਨੁਸਾਰ ਤੋਰਨ ਦੀ ਨਾਕਾਮ ਕੋਸ਼ਿਸ਼ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡਦੀ। ਇਹੀ ਕਾਰਨ ਹੈ ਕਿ ਸਮਾਜ 'ਚ ਹਰ ਸਮੇਂ ਭੱਜ-ਦੌੜ,ਅਫਰਾ ਤਫਰੀ, ਗੈਰਕਾਨੂੰਨੀ, ਅਨੈਤਿਕਤਾ ਅਤੇ ਛਲ-ਕਪਟ ਵਾਲਾ ਮਾਹੌਲ ਬਣਿਆ ਰਹਿੰਦਾ ਹੈ। ਜਿਹਨਾਂ ਲੋਕਾਂ ਨੇ ਸਮੇਂ ਦੇ ਸੱਚ ਨੂੰ ਪਛਾਣ ਕੇ ਇਸ ਦੇ ਨਾਲ ਨਾਲ ਕਦਮ ਮਿਲਾ ਕੇ ਤੁਰਨ ਦਾ ਵੱਲ ਸਿੱਖ ਲਿਆ ਉਹਨਾਂ ਨੇ ਸਮਾਜ ਦੇ ਵੱਖ ਵੱਖ ਖੇਤਰਾਂ 'ਚ ਜ਼ਿਕਰਯੋਗ ਪ੍ਰਾਪਤੀਆਂ ਕਰਕੇ ਦੁਨਿਆਵੀ ਮੰਚ 'ਤੇ ਸਨਮਾਨ ਯੋਗ ਰੁਤਬੇ ਵੀ ਹਾਸਲ ਕੀਤੇ। ਇਸ ਦੇ ਐਨ ਉਲਟ ਜਿਹਨਾਂ ਨੇ ਸਮੇਂ ਦੀ ਨਬਜ਼ ਅਤੇ ਨਜ਼ਾਕਤ ਨੂੰ ਅਣਗੌਲਿਆਂ ਕੀਤਾ, ਉਹਨਾਂ ਨੂੰ ਮੂੰਹ ਦੀ ਵੀ ਖਾਣੀ ਪਈ। ਦੁੱਖ ਅਤੇ ਸੁੱਖ ਜੀਵਨ ਦੇ ਦੋ ਅਹਿਮ ਪਹਿਲੂ ਹਨ ਅਤੇ ਵਿਰੋਧਾਭਾਸ਼ਕ ਵੀ। ਜੀਵਨ 'ਚ ਇਹਨਾਂ ਦਾ ਪ੍ਰਵੇਸ਼ ਨਾ ਟਾਲਿਆ ਜਾਣ ਵਾਲਾ ਵਰਤਾਰਾ ਹੈ। ਜਿਸ ਤਰਾਂ ਹਨੇਰੇ ਤੋਂ ਬਿਨਾਂ ਚਾਨਣ ਦਾ ਕੋਈ ਮਹੱਤਵ ਨਹੀਂ ਹੁੰਦਾ ਠੀਕ ਉਸੇ ਤਰਾਂ ਹੀ ਦੁੱਖਾਂ ਤੋਂ ਬਿਨਾ ਸੁੱਖਾਂ ਦੀ ਅਹਿਮੀਅਤ ਦਾ ਵੀ ਕੋਈ ਅਹਿਸਾਸ ਨਹੀਂ ਹੁੰਦਾ। ਜਿਸ ਮਨੁੱਖ ਦਾ ਜੀਵਨ ਸਿਰਫ ਸੁਖਦ ਹਾਲਤਾਂ 'ਚ ਹੀ ਗੁਜਰਿਆ ਹੋਵੇ ਉਸ ਦਾ ਸੁਭਾਅ/ ਬਿਰਤੀ ਰਾਖਸ਼ਾਂ ਵਾਲੀ ਹੋ ਨਿੱਬੜਦੀ ਹੈ। ਇਸ ਦੇ ਉਲਟ ਜਿਸ ਮਨੁੱਖ ਨੇ ਜੀਵਨ 'ਚ ਉਤਰਾਅ ਚੜਾਅ, ਦੁੱਖ ਤਕਲੀਫਾਂ ਅਤੇ ਦਿੱਕਤਾਂ ਦਾ ਸਾਹਮਣਾ ਕੀਤਾ ਹੋਵੇ ਉਸ ਦੀ ਪ੍ਰਵਿਰਤੀ ਆਮ ਤੌਰ 'ਤੇ ਮਾਨਵੀਂ ਸਰੋਕਾਰਾਂ ਵਾਲੀ ਹੋ ਨਿਬੜਦੀ ਹੈ। ਇਤਿਹਾਸ ਅਜਿਹੀਆਂ ਅਣਗਿਣਤ ਘਟਨਾਵਾਂ ਨਾਲ ਮਾਲਾ ਮਾਲ ਹੈ ਜਦੋਂ ਵਖ਼ਤ ਪਏ ਤੋਂ ਨੇੜਲੇ ਰਿਸ਼ਤੇਦਾਰ, ਮਿੱਤਰ ਦੋਸਤ ਅਤੇ ਸੰਗੀ ਸਾਥੀ ਵੀ ਸਾਥ ਦੇਣ ਤੋਂ ਟਾਲਾ ਵੱਟਦੇ ਦੇਖੇ ਗਏ। ਪ੍ਰੰਤੂ ਜਿਹੜੇ ਵਕਤ ਦੇ ਪਹੀਏ ਦੀ ਚਾਲ ਤੋਂ ਜਾਣੂ ਸਨ, ਉਹਨਾਂ ਨੇ ਆਪਣੇ ਸਿਧਾਂਤਾ ਨੂੰ ਮੁਸ਼ਕਿਲ ਹਾਲਤਾਂ 'ਚ ਵੀ ਤਿਲਾਂਜਲੀ ਨਹੀਂ ਦਿੱਤੀ।

ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਸਮੇਂ ਮਨੁੱਖਤਾਂ ਨੂੰ ਜੀਵਨ ਜਾਚ, ਰੂੜੀਵਾਦੀ ਵਿਚਾਰਾਂ ਅਤੇ ਸਮਾਜ 'ਚ ਪ੍ਰਚੱਲਿਤ ਗੈਰ ਸਮਾਜਿਕ ਅਲਾਮਤਾਂ ਅਤੇ ਗੈਰਇਖਲਾਕੀ ਵਰਤਾਰਿਆਂ ਖਿਲਾਫ ਸਹੀ ਮਾਰਗ ਦਰਸਾਉਣ ਦਾ ਮਹੱਤਵਪੂਰਨ ਕਾਰਜ ਸ਼ੁਰੂ ਕੀਤਾ ਤਾਂ ਲੋਕਾਈ ਨੇ ਉਹਨਾਂ ਨੂੰ ਸਿਰਫਿਰਿਆ 'ਤੇ ਕੁਰਾਹੀਆ ਆਦਿ ਵਰਗੇ ਵਿਸ਼ੇਸ਼ਣਾਂ ਨਾਲ ਨਿਵਾਜਣ ਤੋਂ ਵੀ ਗੁਰੇਜ ਨਹੀਂ ਕੀਤਾ। ਸੱਚ ਪ੍ਰਚਾਰਨ ਦੇ ਇਵਜ਼ ਵਜੋਂ ਉਹਨਾਂ ਨੂੰ ਮੁਗਲ ਬਾਦਸ਼ਾਹ ਬਾਬਰ ਦੀਆਂ ਚੱਕੀਆਂ ਪੀਹਣ,ਅਤੇ ਜੇਲ੍ਹ ਦੀਆਂ ਸਖਤੀਆਂ ਤੱਕ ਵੀ ਆਪਣੇ ਦਿਲ ਦਿਮਾਗ ਅਤੇ ਪਿੰਡੇ ਤੇ ਹੰਢਾਉਣੀਆਂ ਪਈਆਂ। ਸਮੇਂ ਦੀ ਤਬਦੀਲੀ ਨੇ ਸਾਬਤ ਕਰ ਦਿੱਤਾ ਕਿ ਗੁਰੂ ਜੀ ਦਾ ਫਲਸਫਾ ਅਤੇ ਵਿਚਾਰਧਾਰਾ ਤਰਕਪੂਰਨ ਅਤੇ ਸਹੀ ਸੀ, ਪ੍ਰੰਤੂ ਸਮੇਂ ਦੇ ਹਾਕਮਾਂ ਦੇ ਇਹ ਕਿਵੇਂ ਵੀ ਹਿੱਤ ਵਿੱਚ ਨਹੀਂ ਸੀ। ਇਹੀ ਕਾਰਨ ਹੈ ਕਿ ਅੱਜ ਸਮੁੱਚਾ ਸੰਸਾਰ ਉਹਨਾਂ ਨੂੰ ਸਤਿਕਾਰ ਵਜੋਂ ਸਿਰਫ ਯਾਦ ਹੀ ਨਹੀਂ ਕਰਦਾ ਸਗੋਂ ਉਹਨਾਂ ਦੀਆਂ ਸਿੱਖਿਆਵਾਂ 'ਤੇ ਚੱਲਣ ਦੀ ਹਰ ਸੰਭਵ ਕੋਸ਼ਿਸ਼ ਵੀ ਕਰਦਾ ਹੈ। ਜੇਕਰ ਵਕਤ ਦੇ ਝਟਕੇ ਤੋਂ ਨਿਰਾਸ਼ ਹੋ ਕੇ ਗੁਰੂ ਜੀ ਘਰ ਬੈਠ ਜਾਂਦੇ ਤਾਂ ਕੀ ਉਹਨਾਂ ਨੂੰ ਇਸ ਮੁਕਾਮ ਦੀ ਪ੍ਰਾਪਤੀ ਹੋ ਸਕਦੀ ਸੀ? ਇਸੇ ਤਰ੍ਹਾਂ ਹੀ ਸਿੱਖਾਂ ਦੇ ਮਹਾਨ ਗੁਰੂ, ਉੱਚ ਕੋਟੀ ਦੇ ਲਿਖਾਰੀ, ਮਹਾਨ ਯੋਧੇ ਅਤੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੇ ਸਮੁੱਚੇ ਜੀਵਨ 'ਚ ਸਮੇਂ ਦੇ ਹਾਕਮਾਂ ਵੱਲੋਂ ਭੋਲੀ ਭਾਲੀ ਜਨਤਾ 'ਤੇ ਕੀਤੇ ਜਾਂਦੇ ਅੱਤਿਆਚਾਰਾਂ, ਜ਼ੁਲਮਾਂ,ਧਰਮ ਵਿਰੋਧੀ ਤੇ ਅਨੈਤਿਕ ਵਰਤਾਰਿਆਂ ਖਿਲਾਫ ਜੋ ਲਹੂ ਡੋਲਵਾਂ ਸੰਘਰਸ਼ ਅਤੇ ਲੜਾਈਆਂ ਲੜਦਿਆਂ ਜੋ ਅਸਿਹ ਤੇ ਅਕਹਿ ਕਠਨਾਈਆਂ ਦਾ ਸਾਹਮਣਾ ਕੀਤਾ, ਉਹਨਾਂ ਦਾ ਬਿਆਨ ਕਰਦਿਆਂ ਕਈ ਵਾਰ ਇਉਂ ਜਾਪਦਾ ਹੈ ਜਿਵੇਂ ਸ਼ਬਦ ਵੀ ਬੇਦਾਵਾ ਦੇ ਰਹੇ ਹੋਣ। ਉਹਨਾਂ ਦਾ ਸਮੁੱਚਾ ਜੀਵਨ ਦੁੱਖਾਂ ਦਰਦਾਂ ਦੀ ਇੱਕ ਲੰਬੀ ਦਾਸਤਾਂ ਹੈ। ਉਨ੍ਹਾਂ ਦੇ ਜੀਵਨ 'ਚ ਇੱਕ ਅਜਿਹਾ ਦੁਖਦਾਈ ਸਮਾਂ ਵੀ ਆਇਆ ਜਦੋਂ ਉਨ੍ਹਾਂ ਦੀ ਫੌਜ 'ਚੋਂ ਚਾਲੀ ਸਿੰਘ ਦੁੱਖ ਤਕਲੀਫਾਂ ਤੇ ਭੁੱਖ ਦੇ ਸਤਾਏ ਹੋਏ ਗੁਰੂ ਜੀ ਨੂੰ ਆਪਣਾ ਬੇਦਾਵਾ ਲਿਖ ਕੇ ਿ ਣ ਹ ਕਹਿੰਦਿਆਂ ਆਪੋ ਆਪਣੇ ਘਰੀਂ ਚਲੇ ਗਏ ਕਿ ਤੂੰ ਸਾਡਾ ਗੁਰੂ ਨਹੀਂ ਅਤੇ ਅਸੀਂ ਤੇਰੇ ਸਿੱਖ ਨਹੀ। ਉਸ ਸਮੇਂ ਦੇ ਦ੍ਰਿਸ਼ ਦੀ ਸਿਰਫ ਕਲਪਨਾ ਹੀ ਕੀਤੀ ਜਾ ਸਕਦੀ ਹੈ ਕਿ ਅਜਿਹੀਆਂ ਸਥਿਤੀਆਂ 'ਚ ਗੁਰੂ ਜੀ ਦੇ ਦਿਲੋ ਦਿਮਾਗ 'ਤੇ ਕੀ ਬੀਤ ਰਹੀ ਹੋਵੇਗੀ। ਪ੍ਰੰਤੂ ਇਤਿਹਾਸਕਾਰਾਂ ਅਨੁਸਾਰ ਸਿਧਾਂਤਾ 'ਤੇ ਦ੍ਰਿੜਤਾ ਨਾਲ ਪਹਿਰਾ ਦੇਣ ਵਾਲੀ ਉਸ ਮਹਾਨ ਸ਼ਖ਼ਸ਼ੀਅਤ ਦੇ ਚਿਹਰੇ 'ਤੇ ਕਿਸੇ ਕਿਸਮ ਦੀ ਘਬਰਾਹਟ, ਤਲਖੀ ਅਤੇ ਮਲਾਲ ਕਿਧਰੇ ਵੀ ਦੇਖਣ ਨੂੰ ਨਹੀਂ ਮਿਲ ਰਿਹਾ ਸੀ। ਵਕਤ ਨੇ ਆਪਣਾ ਪਹੀਆ ਘੁਮਾਇਆ ਉਹੀ ਸਾਰੇ ਦੇ ਸਾਰੇ ਸਿੰਘ ਸਤਿਕਾਰਿਤ ਮਾਤਾ ਭਾਗ ਕੌਰ ਜੀ ਵੱਲੋਂ ਲਲਕਾਰਨ 'ਤੇ ਪ੍ਰੇਰਿਤ ਹੋ ਕੇ ਵਾਪਸ ਗੁਰੂ ਜੀ ਦੇ ਚਰਨੀ ਆ ਲੱਗੇ ਅਤੇ ਆਪਣੀ ਭੁੱਲ ਬਖਸ਼ਾ ਕੇ ਜੰਗ-ਏ-ਮੈਦਾਨ ਵਿੱਚ ਬਹਾਦਰੀ ਦੇ ਜੌਹਰ ਦਿਖਾਉਂਦੇ ਹੋਏ ਆਪਣੇ ਦੇਸ਼ ਕੌਮ ਅਤੇ ਧਰਮ ਦੀ ਰਾਖੀ ਲਈ ਕੁਰਬਾਨ ਹੋ ਗਏ। ਇਤਿਹਾਸ ਦੇ ਪੰਨਿਆਂ 'ਤੇ ਅੱਜ ਵੀ ਉਹਨਾਂ ਦਾ ਨਾਮ ਚਾਲੀ ਮੁਕਤਿਆਂ ਵਜੋਂ ਸੁਨਹਿਰੀ ਅੱਖਰਾਂ 'ਚ ਅੰਕਿਤ ਹੈ। ਸਮੁੱਚਾ ਸੰਸਾਰ ਮਹਾਨ ਗੁਰੂ ਜੀ ਨੂੰ ਸਰਬੰਸ ਦਾਨੀ ਅਤੇ ਉਹਨਾਂ ਨੂੰ ਚਾਲੀ ਮੁਕਤਿਆਂ ਵਜੋਂ ਧੁਰ ਅੰਦਰੋਂ ਨਤ ਮਸਤਕ ਹੁੰਦਾ ਹੋਇਆ ਉਨ੍ਹਾਂ ਦੇ ਮਹਾਨ ਕਾਰਜਾਂ ਤੇ ਕੁਰਬਾਨੀ ਨੂੰ ਸਿਜਦਾ ਵੀ ਕਰਦਾ ਹੈ।



ਆਤਮਾ ਸਿੰਘ ਪਮਾਰ
89680 56200

ਭਾਰਤੀ ਆਜਾਦੀ ਦੇ ਘੁਲਾਟੀਆਂ ਨੇ ਜਿਸ ਤਰ੍ਹਾਂ ਆਪਣੇ ਦੇਸ਼ ਕੌਮ ਨੂੰ ਅੰਗਰੇਜ਼ ਹਕੂਮਤ ਤੋਂ ਆਜ਼ਾਦ ਕਰਵਾਉਣ ਲਈ ਤਰ੍ਹਾਂ ਤਰ੍ਹਾਂ ਦੇ ਕਸ਼ਟ, ਤਸੀਹੇ ਸਹਿਣ ਕੀਤੇ, ਜੇਲੀਂ ਡੱਕੇ ਗਏ ਅਤੇ ਇਥੋਂ ਤੱਕ ਕਿ ਕੁਰਬਾਨੀਆਂ ਤੱਕ ਵੀ ਦਿੱਤੀਆਂ ਉਹਨਾਂ ਦਾ ਵੀ ਇਤਿਹਾਸ ਵਿੱਚ ਵਿਸ਼ੇਸ਼ ਜ਼ਿਕਰ ਆਉਂਦਾ ਹੈ। ਵਕਤ ਨੇ ਉਹਨਾਂ ਨੂੰ ਵੀ ਆਪਣਾ ਰੰਗ ਵਿਖਾਇਆ। ਇੱਕ ਸਮਾਂ ਉਹ ਵੀ ਸੀ ਜਦੋਂ ਰੂਪੋਸ਼ ਜਿੰਦਗੀ ਬਸਰ ਕਰਦਿਆਂ ਕੋਈ ਨੇੜਲਾ ਵੀ ਉਹਨਾਂ ਨੂੰ ਪਨਾਹ ਦੇਣ ਲਈ ਤਿਆਰ ਨਹੀਂ ਸੀ। ਪ੍ਰੰਤੂ ਸਮੇਂ ਦੇ ਬਦਲਦੇ ਅੰਦਾਜ਼ ਨੇ ਅੱਜ ਉਹਨਾਂ ਲੋਕਾਂ ਨੂੰ ਆਜਾਦੀ ਦੇ ਮਹਾਨ ਨਾਇਕਾਂ ਅਤੇ ਪ੍ਰਵਾਨਿਆਂ ਵਜੋਂ ਸਤਿਕਾਰ ਸਹਿਤ ਜਨਤਕ ਮੰਚ 'ਤੇ ਲਿਆ ਖੜਾ ਕੀਤਾ ਹੈ। ਇਸੇ ਲਈ ਤਾਂ ਕਿਹਾ ਜਾਂਦਾ ਹੈ ਕਿ ਸਮਾਂ ਅਤੇ ਹਾਲਾਤਾਂ ਅੱਖ ਝਪਕਿਆਂ ਹੀ ਕਦੋਂ ਅਤੇ ਕਿਵੇਂ ਬਦਲ ਜਾਣ ਕੋਈ ਪਤਾ ਨਹੀਂ ਚਲਦਾ। ਜਦੋਂ ਕਿਸੇ ਮਨੁੱਖ ਕੋਲ ਕੋਈ ਸ਼ਕਤੀ ਹੁੰਦੀ ਹੈ ਤਾਂ ਉਸ ਦਾ ਵਰਤਾਓ ਸਧਾਰਨ ਪ੍ਰਸਥਿਤੀਆਂ ਤੋਂ ਕੁਝ ਹਟਵਾਂ ਹੁੰਦਾ ਹੈ, ਪ੍ਰੰਤੂ ਸ਼ਕਤੀਹੀਣਤਾ ਦੀ ਸਥਿਤੀ 'ਚ ਉਸ ਦੇ ਵਰਤਾਉ 'ਚ ਤਬਦੀਲੀ ਆਉਣੀ ਸੁਭਾਵਕ ਹੀ ਹੁੰਦੀ ਹੈ।

ਜਦੋਂ ਵੀ ਕੋਈ ਰਾਜਨੀਤਿਕ ਦਲ ਸੱਤਾ 'ਚ ਹੁੰਦਾ ਹੈ ਤਾਂ ਸਾਰੇ ਜਨਤਕ ਹਿਤ ਦੇ ਮਸਲੇ ਠੰਢੇ ਬਸਤੇ 'ਚ ਪਾ ਦਿੱਤੇ ਜਾਂਦੇ ਹਨ। ਪਰੰਤੂ ਜਦੋਂ ਉਹੀ ਦਲ ਵਿਰੋਧੀ ਧਿਰ 'ਚ ਹੁੰਦਾ ਹੈ ਤਾਂ ਉਹਨਾ ਮਸਲਿਆਂ ਨੂੰ ਹੀ ਲੋਕ ਕਚਹਿਰੀ 'ਚ ਵਧਾ ਚੜਾਅ ਕੇ ਉਭਾਰਦਾ ਹੈ। ਉਕਤ ਵਿਚਾਰ ਚਰਚਾ ਤੋਂ ਭਲੀ ਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਸਮਾਂ ਬੜਾ ਬਲਵਾਨ ਹੈ ਪਤਾ ਨਹੀਂ ਇਹ ਵਿਅਕਤੀ ਨੂੰ ਕਦੋਂ ਅਰਸ਼ ਤੋਂ ਫਰਸ਼ 'ਤੇ ਪਟਕਾ ਮਾਰੇ ਅਤੇ ਕਦੋਂ ਅਰਸ਼ਾਂ 'ਚ ਉਡਾਰੀਆਂ ਲਗਾਉਣ ਦੇ ਸਮਰੱਥ ਬਣਾ ਦੇਵੇ। ਇਸ ਲਈ ਸਾਨੂੰ ਚਾਹੀਦਾ ਹੈ ਕਿ ਆਪਣੀ ਨਿਮਰਤਾ ਅਤੇ ਸੂਝ ਦੀ ਸੁਚੱਜੀ ਵਰਤੋਂ ਕਰਦਿਆਂ ਸਮੇਂ ਦੇ ਨਾਲ-ਨਾਲ ਚੱਲਣ ਦਾ ਯਤਨ ਕਰੀਏ।

ਇਸ ਤੋਂ ਇਲਾਵਾ ਕਾਇਦੇ ਕਾਨੂੰਨ, ਲੋਕ ਰਾਏ, ਸਮਾਜਿਕ ਰੀਤੀ-ਰਿਵਾਜ ਅਤੇ ਲੋਕਾਈ ਨੂੰ ਵੀ ਕਦੇ ਨਜਰ-ਅੰਦਾਜ ਨਹੀਂ ਕਰਨਾ ਚਾਹੀਦਾ, ਸਗੋਂ ਸਮੇਂ ਦੇ ਸੱਚ ਨੂੰ ਖਿੜੇ ਮੱਥੇ ਪ੍ਰਵਾਨ ਕਰਨ ਦਾ ਦਿਲ ਗੁਰਦਾ ਵੀ ਰੱਖਣਾ ਚਾਹੀਦਾ ਹੈ। ਕਿਉਂਕਿ ਵਕਤ ਨਾ ਕਿਸੇ ਦਾ ਦੋਸਤ ਹੈ ਅਤੇ ਨਾ ਹੀ ਦੁਸ਼ਮਣ ਹੁੰਦਾ ਹੈ। ਇਸ ਨੇ ਆਪਣੀ ਤੋਰੇ ਤੁਰਦਾ ਰਹਿਣਾ ਹੁੰਦਾ ਹੈ। ਸਿਆਣਪ ਇਸੇ 'ਚ ਹੀ ਹੁੰਦੀ ਹੈ ਕਿ ਵਕਤ ਦੀ ਪੈੜ 'ਚ ਪੈੜ ਮਿਲਾ ਕੇ ਚੱਲਿਆ ਜਾਵੇ। ਇਸੇ 'ਚ ਹੀ ਖੁਦ ਅਤੇ ਸਮੁੱਚੇ ਸਮਾਜ ਦੀ ਭਲਾਈ ਹੈ।

## ਸੋਹਣੀ ਜ਼ਿੰਦਗੀ

ਵਾਹਿਗੁਰੂ ਬੋਲਕੇ ਤੂੰ ਜ਼ਿੰਦਗੀ ਜਿਉਂਈ ਜਾ
ਛੱਡਕੇ ਤੂੰ ਫ਼ਿਕਰਾਂ ਆਪਣੇ ਕੰਮ ਵਿੱਚ ਖੋਈ ਜਾ

ਸੱਚੀ ਮੁੱਚੀ ਹੱਸਕੇ ਖੂਨ ਆਪਣਾ ਵਧਾ ਲਿਆ ਕਰ
ਬੇਲੋੜੇ ਲੋਕ ਛੱਡ ਈਦ ਤਿਉਹਾਰ ਆਪਣੇ ਪਰਿਵਾਰ ਨਾਲ ਮਨਾ ਲਿਆ ਕਰ
ਮੂੰਹੋਂ ਮਿੱਠੀ ਬੋਲੀ ਬੋਲ, ਦਿਲੋਂ ਸ਼ਹਿਦ ਵਾਂਗੂੰ ਚੋਈ ਜਾ
ਬੱਸ ਵਾਹਿਗੁਰੂ ਬੋਲਕੇ ਤੂੰ ਜ਼ਿੰਦਗੀ ਜਿਉਂਈ ਜਾ

ਝੋਲੀ ਪਾਕੇ ਰੱਖਲਾ ਜੇ ਕੋਈ ਮੇਹਣਾ ਤੈਨੂੰ ਮਾਰਦਾ
ਜਜ਼ਬਾਤੀ ਹੋਕੇ ਬੰਦਾ ਬੱਸ ਖ਼ੁਦ ਕੋਲੋਂ ਹਾਰਦਾ
ਹੱਠ ਰੱਖ ਕੰਮ ਦਾ ਤੂੰ ਲੈਕੇ ਮਿਹਨਤ ਦੀ ਲੋਈ ਜਾ
ਵਾਹਿਗੁਰੂ ਬੋਲਕੇ ਤੂੰ ਜ਼ਿੰਦਗੀ ਜਿਉਂਈ ਜਾ

ਸੇਖਿਆ ਸਵੇਰੇ ਸ਼ਾਮ ਰੱਖਿਆ ਕਰ, ਮੂੰਹ ਵੱਲ ਹਦੇ ਦਰ ਨੂੰ
ਕਿਸੇ ਬਿਮਾਰੀ ਨਾਲੋਂ ਚੰਗਾ ਆਪਣੇ ਹੱਕਾਂ ਲਈ ਮਰ ਤੂੰ
ਦਸੌਂਧ ਕੱਢਕੇ ਕਮਾਈ ਚੋਂ ਬਾਕੀ ਭਾਵੇਂ ਤੂੰ ਲੁਕੋਈ ਜਾ
ਛੱਡਕੇ ਤੂੰ ਫ਼ਿਕਰਾਂ ਆਪਣੇ ਕੰਮ ਵਿੱਚ ਖੋਈ ਜਾ
ਵਾਹਿਗੁਰੂ ਬੋਲਕੇ ਤੂੰ ਜ਼ਿੰਦਗੀ ਜਿਉਂਈ ਜਾ

ਮਨਜੀਤ ਸਿੰਘ ਸੇਖਾ
7814070094

## ਗ਼ਜ਼ਲ

ਜ਼ਖ਼ਮਾਂ ਦਾ ਭੰਡਾਰ ਨਾ ਦੇਵੀਂ।
ਫੁੱਲਾਂ ਦੇ ਨਾਲ ਖ਼ਾਰ ਨਾ ਦੇਵੀਂ।

ਤੇਰੀ ਸਹੁੰ ਤੂੰ ਇਹ ਕੀ ਕੀਤਾ,
ਤੇਰੀ ਸਹੁੰ ਤੂੰ ਮਾਰ ਨਾ ਦੇਵੀਂ।

ਤੇਰਾ ਹਾਸਾ ਬਰਫ਼ ਜਿਹਾ ਹੈ,
ਸਾਰਾ ਪਰਬਤ ਠਾਰ ਨਾ ਦੇਵੀਂ।

ਹੋਰ ਭਲਾ ਜੋ ਮਰਜ਼ੀ ਦੇ-ਦੇ,
ਦੁਸ਼ਮਣ ਵਰਗਾ ਯਾਰ ਨਾ ਦੇਵੀਂ।

ਚੜ੍ਹਦਾ ਸੂਰਜ ਮੁੜ ਜਾਵੇਗਾ,
ਗੁੱਸੇ ਵਿਚ ਦੀਦਾਰ ਨਾ ਦੇਵੀਂ।

ਫੁੱਲ ਗੁਲਾਬੀ ਸੜ ਜਾਵਣਗੇ,
ਬੁੱਲਾਂ 'ਚੋਂ ਇਨਕਾਰ ਨਾ ਦੇਵੀਂ।

ਜੇਕਰ ਧੁੱਪਾਂ ਦਰ ਤੇ ਆਈਆਂ,
ਛਾਵਾਂ ਨੂੰ ਇਨਕਾਰ ਨਾ ਦੇਵੀਂ।

ਸਾਹਿਲ ਉਤੇ ਬੇੜੀ ਦੇ-ਦੇ,
ਪਾਣੀ ਦੇ ਵਿਚਕਾਰ ਨਾ ਦੇਵੀਂ।

ਮੰਜ਼ਿਲ ਮੁੜ ਕੇ ਮਿਲਦੀ ਨਈਂ ਏਂ,
ਰਾਹਾਂ ਵਿਚ ਤਕਰਾਰ ਨਾ ਦੇਵੀਂ।

ਕਿੰਨਾਂ ਛੋਟਾ ਜੀਵਨ ਝੱਲਿਆ,
ਦੁਖ ਭਰਿਆ ਸੰਸਾਰ ਨਾ ਦੇਵੀਂ।

ਤੇਰੀ ਇੱਕ ਖ਼ਾਮੋਸ਼ੀ ਮਾੜੀ,
ਮਿਆਨ 'ਚ ਬੰਦ ਤਲਵਾਰ ਨਾ ਦੇਵੀਂ।

ਬਾਲਮ ਖ਼ੁਸ਼ਬੂ ਲੱਭੇਂਗਾ ਫ਼ਿਰ,
ਪਤਝੜ ਵਿਚ ਗੁਲਜ਼ਾਰ ਨਾ ਦੇਵੀਂ।


- ਬਲਵਿੰਦਰ ਬਾਲਮ
ਗੁਰਦਾਸਪੁਰ
91-98156-25409

# ਬਲਵਿੰਦਰ ਕੌਰ ਚੱਠਾ ਦੀ ਪੁਸਤਕ 'ਨੈਤਿਕਤਾ' ਬੱਚਿਆਂ ਲਈ ਪ੍ਰੇਰਨਾਸ੍ਰੋਤ



ਉਜਾਗਰ ਸਿੰਘ
91-94178 13072

ਬਲਵਿੰਦਰ ਕੌਰ ਚੱਠਾ ਦੀ ਸੰਪਾਦਿਤ ਕੀਤੀ ਪੁਸਤਕ ਪੰਜਾਬ ਦੀ ਖ਼ੁਸ਼ਹਾਲੀ, ਤਰੱਕੀ, ਸਮਾਜਿਕ ਅਤੇ ਸਭਿਅਚਾਰਕ ਪ੍ਰਫੁਲਤਾ ਲਈ ਬਿਹਤਰੀਨ ਸਾਬਤ ਹੋ ਸਕਦੀ ਹੈ, ਬਸ਼ਰਤੇ ਇਹ ਪੁਸਤਕ ਪੰਜਾਬ ਦੀ ਨਵੀਂ ਪੀੜ੍ਹੀ ਨੂੰ ਘਰਾਂ/ਸਕੂਲਾਂ ਵਿੱਚ ਪੜ੍ਹਾਈ ਜਾਵੇ। ਇਹ ਪੁਸਤਕ ਇਨਸਾਨ ਨੂੰ ਸੰਪੂਰਨ ਬਣਾਉਣ ਵਿੱਚ ਵੀ ਸਹਾਈ ਹੋਵੇਗੀ। ਵੈਸੇ ਨੈਤਿਕਤਾ ਸਮਾਜ ਦੇ ਹਰ ਵਰਗ ਬੱਚੇ, ਵਿਦਿਆਰਥੀ, ਨੌਜਵਾਨ ਅਤੇ ਬਜ਼ੁਰਗਾਂ ਲਈ ਵੀ ਜ਼ਰੂਰੀ ਹੈ, ਜੇਕਰ ਬੱਚਿਆਂ ਵਿੱਚ ਨੈਤਿਕਤਾ ਦਾ ਗੁਣ ਆ ਜਾਵੇ ਤਾਂ ਭਵਿਖ ਵਿੱਚ ਸਮੁੱਚਾ ਸਮਾਜ ਹੀ ਨੈਤਿਕਤਾ ਦਾ ਪਹਿਰੇਦਾਰ ਬਣ ਜਾਵੇਗਾ। ਨੌਜਵਾਨ ਵਰਗ ਪੰਜਾਬ/ਦੇਸ਼ ਦਾ ਭਵਿਖ ਸੁਨਹਿਰਾ ਬਣਾ ਸਕਦਾ ਹੈ। ਇਸੇ ਮੰਤਵ ਨਾਲ ਇਹ ਪੁਸਤਕ ਬਲਵਿੰਦਰ ਕੌਰ ਚੱਠਾ ਨੇ ਸੰਪਾਦਿਤ ਕੀਤੀ ਹੈ। ਇਹ ਪੁਸਤਕ ਬੱਚਿਆਂ ਨੂੰ ਘਰਾਂ ਵਿੱਚ ਪੜ੍ਹਾਉਣ ਲਈ ਮਾਪਿਆਂ ਦਾ ਸਹਿਯੋਗ ਤੇ ਸਾਥ ਅਤੇ ਸਕੂਲਾਂ ਵਿੱਚ ਸਲੇਬਸ ਦਾ ਹਿੱਸਾ ਬਣਾਉਣ ਵਿੱਚ ਪੰਜਾਬ ਸਰਕਾਰ ਅਤੇ ਖਾਸ ਤੌਰ 'ਤੇ ਬਿਓਰੋਕਰੇਸੀ ਨੂੰ ਜ਼ਿੰਮੇਵਾਰੀ ਮਹਿਸੂਸ ਕਰਨ ਦੀ ਲੋੜ ਹੋਵੇਗੀ। ਪੰਜਾਬ ਦੇ ਵਰਤਮਾਨ ਹਾਲਾਤ ਅਜਿਹੇ ਹਨ ਕਿ ਪੰਜਾਬੀ ਉਦਮੀ ਹੋਣ ਕਰਕੇ ਸਿਰਫ਼ ਆਰਥਿਕ ਤੌਰ 'ਤੇ ਮਜ਼ਬੂਤ ਹੋਣ ਦੇ ਮਕਸਦ ਨਾਲ ਬੱਚਿਆਂ ਨੂੰ ਪੜ੍ਹਾਈ ਕਰਵਾਉਂਦੇ ਹਨ। ਅੱਖਰੀ ਪੜ੍ਹਾਈ ਮੈਡੀਕਲ, ਆਰਟਸ, ਇੰਜਿਨੀਅਰਿੰਗ ਅਤੇ ਭਾਵੇਂ ਕਿਸੇ ਵੀ ਫੀਲਡ ਦੀ ਹੋਵੇ ਉਹ ਰੋਜ਼ੀ ਰੋਟੀ ਲਈ ਤਾਂ ਸਹਾਈ ਹੋ ਸਕਦੀ ਹੈ ਪ੍ਰੰਤੂ ਨੈਤਿਕ ਜ਼ਿੰਦਗੀ ਜਿਓਣ ਵਿੱਚ ਮਦਦਗਾਰ ਨਹੀਂ ਹੋ ਸਕਦੀ ਕਿਉਂਕਿ ਵਿਓਪਾਰ ਜਾਂ ਕਾਰੋਬਾਰ ਭਾਵੇਂ ਉਹ ਕਿਸੇ ਕਿਸਮ ਦਾ ਹੋਵੇ ਉਸ ਵਿੱਚ ਨੈਤਿਕਤਾ ਦੇ ਅਸੂਲਾਂ ਨੂੰ ਛਿੱਕੇ 'ਤੇ ਟੰਗ ਦਿੱਤਾ ਜਾਂਦਾ ਹੈ ਪ੍ਰੰਤੂ ਜੇਕਰ ਨੈਤਿਕਤਾ ਅਪਣਾਈ ਜਾਵੇ ਤਾਂ ਵਿਓਪਾਰ ਸਮੇਤ ਸਾਰੇ ਕਾਰਜ ਸੁਚੱਜੇ ਢੰਗ ਨਾਲ ਚਲ ਸਕਦੇ ਹਨ। ਜ਼ਿੰਦਗੀ ਵਿੱਚ ਪੈਸਾ ਮੁੱਢਲੀ ਜ਼ਰੂਰਤ ਹੈ ਪ੍ਰੰਤੂ ਸਭ ਕੁਝ ਨਹੀਂ, ਪੈਸਾ ਕਮਾਉਣ ਲਈ ਝੂਠ, ਫ਼ਰੇਬ, ਧੋਖ਼ੇ ਅਤੇ ਬੇਈਮਾਨੀ ਭਾਰੂ ਹੁੰਦੀ ਹੈ। ਨੈਤਿਕਤਾ ਇਨ੍ਹਾਂ ਸਾਰੀਆਂ ਅਲਾਮਤਾਂ ਤੋਂ ਖਹਿੜਾ ਛਡਾਉਂਦੀ ਹੈ। ਨੈਤਿਕਤਾ ਦੇ ਅਸੂਲਾਂ 'ਤੇ ਚਲਣ ਨਾਲ ਇਨਸਾਨੀਅਤ ਤੇ ਸਮਾਜ ਸੰਤੁਸ਼ਟ, ਸ਼ਾਂਤ 'ਤੇ ਖ਼ੁਸ਼ਹਾਲ ਹੋਣਗੇ। ਇਹ ਪੁਸਤਕ ਇਸ ਮੰਤਵ ਲਈ ਇੱਕ ਅਮੁਲ ਖ਼ਜ਼ਾਨਾ ਹੈ, ਇਸ ਵਿੱਚ ਅਨੇਕਾਂ ਅਜਿਹੇ ਗੁਰ ਦੱਸੇ ਗਏ ਹਨ, ਜਿਹੜੇ ਨੈਤਿਕਤਾ ਦਾ ਪੱਲਾ ਫੜ੍ਹਨ ਦੀ ਤਾਕੀਦ ਕਰਦੇ ਹਨ। ਅਜੋਕੇ ਸਮੇਂ ਹਰ ਖੇਤਰ ਵਿੱਚ ਤੇਜ਼ੀ ਨਾਲ ਤਬਦੀਲੀ ਹੋ ਰਹੀ ਹੈ, ਤਬਦੀਲੀ ਵਿਕਾਸ ਦੀ ਨਿਸ਼ਾਨੀ ਹੁੰਦੀ ਹੈ। ਇਸ ਤਬਦੀਲੀ ਦਾ ਲਾਭ ਨੈਤਿਕਤਾ ਨਾਲ ਲਿਆ ਜਾ ਸਕਦਾ ਹੈ। ਪੁਸਤਕ ਵਿੱਚ ਦੱਸਿਆ ਗਿਆ ਹੈ, ਨੈਤਿਕਤਾ ਸਿਰਫ ਇੱਕ ਸ਼ਬਦ ਹੀ ਨਹੀਂ ਸਗੋਂ ਇਸ ਵਿੱਚ ਸਮੁੱਚਾ ਵਿਅਕਤਿਤਵ ਆ ਜਾਂਦਾ ਹੈ। ਵਿਅਕਤਿਤਵ ਵਿੱਚ ਸਾਡਾ, ਸਲੀਕਾ, ਵਿਵਹਾਰ, ਵਫ਼ਾਦਾਰੀ, ਪਿਆਰ-ਸਤਿਕਾਰ, ਸਭਿਆਚਾਰ, ਰਹਿਣ-ਸਹਿਣ, ਵਿਸ਼ਵਾਸ, ਨਿਮਰਤਾ, ਭਾਈਚਾਰਕ ਸਾਂਝ, ਮਿਠਾਸ, ਇਮਾਨਦਾਰੀ, ਸੱਚ ਬੋਲਣਾ, ਕਿਰਤ ਕਰਨਾ, ਮੁਆਫ਼ ਕਰਨਾ, ਬੋਲਚਾਲ, ਖਾਣ-ਪੀਣ ਅਤੇ ਹੋਰ ਬਹੁਤ ਸਾਰੀਆਂ ਕੀਮਤੀ ਪਰੰਪਰਾਵਾਂ ਦਾ ਸਮੂਹ ਆ ਜਾਂਦਾ ਹੈ, ਜਿਹੜਾ ਜ਼ਿੰਦਗੀ ਦਾ ਅਸਲ ਮਕਸਦ ਪੂਰਾ ਕਰਦਾ ਹੈ। ਇਸ ਦੀ ਪੂਰਤੀ ਲਈ ਇਹ ਪੁਸਤਕ ਅਤਿਅੰਤ ਸਾਰਥਿਕ ਹੋ ਸਕਦੀ ਹੈ। ਬਲਵਿੰਦਰ ਕੌਰ ਚੱਠਾ ਨੇ ਇਸ ਪੁਸਤਕ ਨੂੰ ਦੋ ਭਾਗਾਂ ਵਿੱਚ ਵੰਡਿਆ ਹੈ। ਪਹਿਲੇ ਭਾਗ ਵਿੱਚ ਨੈਤਿਕਤਾ ਬਾਰੇ ਜਾਣਕਾਰੀ ਦੇਣ ਲਈ ਲੇਖ ਅਤੇ ਦੂਜੇ ਭਾਗ ਵਿੱਚ ਮਿੰਨੀ ਕਹਾਣੀਆਂ ਹਨ। ਪੁਸਤਕ ਵਿੱਚ ਨੈਤਿਕਤਾ ਬਾਰੇ 29 ਛੋਟੇ-ਛੋਟੇ ਲੇਖ, 30 ਕਹਾਣੀਆਂ ਅਤੇ ਅਖ਼ੀਰ ਵਿੱਚ ਜ਼ਿੰਦਗੀ ਜਿਓਣ ਦੇ ਹੁਨਰ ਸਿੱਖਣ ਬਾਰੇ ਦੱਸਿਆ ਗਿਆ ਹੈ, ਜਿਨ੍ਹਾਂ ਵਿੱਚ ਦੋਸਤੀ, ਸੱਚਾਈਆਂ, ਹਰੇਕ ਚੀਜ਼ ਦੀ ਮਹੱਤਤਾ, ਸੱਚ ਤਾਂ ਬੋਲੋ, ਪਰ ਕਦੇ ਵੀ ਕਿਸੇ ਦਾ ਨੁਕਸਾਨ ਨਾ ਕਰੋ, ਨੈਤਿਕਤਾ ਦੀ ਅਹਿਮੀਅਤ ਅਤੇ ਕੁਝ ਸਵਾਲ ਜਵਾਬ ਹਨ। ਇਨ੍ਹਾਂ ਲੇਖਾਂ ਅਤੇ ਕਹਾਣੀਆਂ ਨੂੰ ਪੜ੍ਹਨ ਤੋਂ ਬਾਅਦ ਬੱਚਿਆਂ ਦੇ ਕੋਮਲ ਮਨਾਂ 'ਤੇ ਗਹਿਰਾ ਪ੍ਰਭਾਵ ਪਵੇਗਾ ਤੇ ਫਿਰ ਉਹ ਸਾਰੀ ਉਮਰ ਸਚਾਈ ਦੇ ਮਾਰਗ 'ਤੇ ਚਲਣ ਦਾ ਪ੍ਰਣ ਕਰਨਗੇ। ਹਰ ਲੇਖ ਵਿੱਚ ਉਸ ਲੇਖ ਦੇ ਵਿਸ਼ੇ 'ਤੇ ਅਧਾਰਤ ਅਖ਼ੀਰ ਵਿੱਚ ਕੁਝ ਪ੍ਰਸ਼ਨ ਦਿੱਤੇ ਹੋਏ ਹਨ। ਉਨ੍ਹਾਂ ਪ੍ਰਸ਼ਨਾ ਦੇ ਉਤਰ ਖਾਲ੍ਹੀ ਥਾਵਾਂ ਛੱਡਕੇ ਬਚਿਆਂ ਦੇ ਭਰਨ ਲਈ ਦਿੱਤੇ ਗਏ ਹਨ। ਜਦੋਂ ਬੱਚੇ ਇਹ ਖਾਲ੍ਹੀ ਥਾਵਾਂ ਭਰਨਗੇ ਤਾਂ ਉਨ੍ਹਾਂ ਵਿੱਚ ਇਹ ਗੁਣ ਘਰ ਕਰ ਜਾਣਗੇ, ਕਿਉਂਕਿ ਖਾਲ੍ਹੀ ਥਾਵਾਂ ਲੇਖ ਨੂੰ ਪੜ੍ਹੇ ਅਤੇ ਸਮਝੇ ਬਿਨਾਂ ਨਹੀਂ ਭਰੇ ਜਾ ਸਕਦੇ, ਫਿਰ ਲੇਖ ਦਾ ਮੰਤਵ ਪੂਰਾ ਹੋ ਜਾਵੇਗਾ। ਪੁਸਤਕਾਂ ਵਿੱਚ ਲਿਖਿਆ ਬੱਚਿਆਂ ਲਈ ਰੱਬ ਦੇ ਬਰਾਬਰ ਹੁੰਦਾ ਹੈ। ਜਦੋਂ ਬੱਚਿਆਂ ਨੂੰ ਕਿਸੇ ਸਵਾਲ ਦੇ ਜਵਾਬ ਦੀ ਸਾਰਥਿਕਤਾ ਬਾਰੇ ਪੁਛਿਆ ਜਾਂਦਾ ਹੈ ਤਾਂ ਉਹ ਇਹੋ ਕਹਿੰਦੇ ਹਨ ਕਿ ਪੁਸਤਕ ਵਿੱਚ ਲਿਖਿਆ ਹੋਇਆ ਹੈ। ਇਸ ਲਈ ਇਹ ਪੁਸਤਕ ਬੱਚਿਆਂ ਉਪਰ ਗਹਿਰਾ ਪ੍ਰਭਾਵ ਪਾ ਸਕਦੀ ਹੈ। ਨੈਤਿਕ ਕਦਰਾਂ ਕੀਮਤਾਂ ਨਰੋਏ ਤੇ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਅਤਿਅੰਤ ਜ਼ਰੂਰੀ ਹਨ। ਮਾਪਿਆਂ ਅਤੇ ਅਧਿਆਪਕਾਂ ਨੂੰ ਬੱਚਿਆਂ ਦੇ ਪ੍ਰੇਰਨਸ੍ਰੋਤ ਬਣਨਾ ਚਾਹੀਦਾ ਹੈ। ਨੈਤਿਕਤਾ ਨੂੰ ਸਿਖਾਉਣ ਤੇ ਉਸ 'ਤੇ ਅਮਲ ਕਰਨ ਲਈ ਅਧਿਆਪਕ ਅਤੇ ਮਾਪੇ ਮਹੱਤਵਪੂਰਨ ਯੋਗਦਾਨ ਪਾ ਸਕਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਨੈਤਿਕਤਾ ਦਾ ਆਧਾਰ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨੈਤਿਕਤਾ ਦਾ ਸੰਕਲਪ' ਸਿਰਲੇਖ ਵਾਲੇ ਲੇਖ ਵਿੱਚ ਦੱਸਿਆ ਗਿਆ ਹੈ ਕਿ ਸਚਾਈ, ਆਚਾਰ, ਪਿਆਰ, ਸ਼ਹਿਸ਼ੀਲਤਾ, ਭਾਈਚਾਰਕ ਸਾਂਝ, ਕਿਰਤ ਕਰਨੀ, ਸੇਵਾ, ਇਮਾਨਦਾਰੀ, ਆਗਿਆਕਾਰੀ, ਮੰਦਾ ਨਾ ਬੋਲਣਾ, ਸੰਜਮਤਾ, ਸੂਰਬੀਰਤਾ, ਸਵੈਭਰੋਸੇਯੋਗਤਾ, ਖਿਮਾ ਕਰਨੀ, ਘੁਮੰਢ ਨਾ ਕਰਨਾ, ਧੀਰਜ, ਸਵੈ ਪੜਚੋਲ ਅਤੇ ਇਸਤਰੀ ਦਾ ਸਨਮਾਨ ਕਰਨਾ ਵਰਗੀਆਂ ਬੇਸ਼ਕੀਮਤੀ ਸਿਖਿਆਵਾਂ ਦੀ ਜਾਣਕਾਰੀ ਮਿਲਦੀ ਹੈ। ਇਹ ਸਭ ਨੈਤਿਕਤਾ ਦੇ ਹੀ ਨੁਕਤੇ ਹਨ। ਇਨ੍ਹਾਂ 'ਤੇ ਅਮਲ ਕਰਨਾ ਜ਼ਰੂਰੀ ਹੈ। ਧਰਮ ਕਿਸੇ ਦਾ ਬੁਰਾ ਨਹੀਂ ਕਰਦਾ। ਇਸ ਲਈ ਧਰਮ ਅਤੇ ਨੈਤਿਕਤਾ ਇੱਕ ਦੂਜੇ ਦੇ ਪੂਰਕ ਹਨ। ਦੂਜੇ ਭਾਗ ਕਹਾਣੀਆਂ ਵਿੱਚ ਵੀ ਲੇਖਾਂ ਵਾਲੇ ਵਿਸ਼ੇ ਹੀ ਹਨ, ਜਿਹੜੇ ਨੈਤਿਕਤਾ ਦਾ ਜੀਵਨ ਜਿਓਣ ਦੀ ਸਿਖਿਆ ਦਿੰਦੇ ਹਨ ਪ੍ਰੰਤੂ ਲੇਖਾਂ ਨਾਲੋਂ ਇਕ ਅੰਤਰ ਇਹ ਹੈ ਕਿ ਕਹਾਣੀਆਂ ਪੜ੍ਹਨ ਦਾ ਬੱਚਿਆਂ ਨੂੰ ਸ਼ੌਕ ਹੁੰਦਾ ਹੈ ਅਤੇ ਇਹ ਦਿਲਚਸਪ ਵੀ ਹੁੰਦੀਆਂ ਹਨ। ਕਹਾਣੀਆਂ ਪੜ੍ਹਨ ਵਿੱਚ ਬੱਚੇ ਜ਼ਿਆਦਾ ਦਿਲਚਸਪੀ ਲੈਂਦੇ ਹਨ। ਕਹਾਣੀਆਂ ਵਿੱਚ ਕੁਝ ਨੁਕਤਿਆਂ ਬਾਰੇ ਦੱਸਿਆ ਗਿਆ ਹੈ ਕਿ ਜਿਵੇਂ ਜ਼ਿੰਦਗੀ ਲਈ ਸਾਹ ਜ਼ਰੂਰੀ ਹੁੰਦੇ ਹਨ, ਉਸੇ ਤਰ੍ਹਾਂ ਨੈਤਿਕਤਾ ਵੀ ਸਫਲਤਾ ਲਈ ਜ਼ਰੂਰੀ ਹੁੰਦੀ ਹੈ। ਕੁਝ ਕਹਿਣ ਤੋਂ ਪਹਿਲਾਂ ਸੋਚੋ, ਸੱਚ ਹੀ ਸੁਣੋ, ਅਹਿਸਾਨ ਦਾ ਬਦਲਾ ਨਾ ਲਵੋ, ਸੱਚ ਉਹ ਜੋ ਦੂਸਰਿਆਂ ਦਾ ਭਲਾ ਕਰੇ, ਇਮਾਨਦਾਰੀ ਚੰਗੀ ਨੀਤੀ ਹੈ, ਕਿਸੇ ਬਾਰੇ ਰਾਏ ਬਣਾਉਣ ਤੋਂ ਪਹਿਲਾਂ ਸੋਚੋ, ਜ਼ਿੰਮੇਵਾਰੀ ਮਹਿਸੂਸ ਕਰੋ, ਦੂਸਰਿਆਂ ਦੀ ਮਦਦ ਕਰੋ, ਕਿਰਤ ਕੋਈ ਵੱਡੀ ਛੋਟੀ ਨਹੀਂ ਹੁੰਦੀ, ਸੱਚ ਦਾ ਇਨਾਮ, ਪਿਆਰ ਸਭ ਤੋਂ ਵੱਡਾ ਤੋਹਫ਼ਾ, ਖੋਟੀ ਨੀਅਤ ਬਨਾਮ ਖ਼ਰੀ ਨੀਅਤ, ਆਪਣੇ ਆਪ ਨੂੰ ਸੁਧਾਰੋ, ਮਾਂ ਦੀ ਸੇਵਾ, ਨਿਮਰਤਾ, ਆਲੋਚਨਾ ਕਰਨ ਤੋਂ ਪਹਿਲਾਂ ਸੋਚੋ ਅਤੇ ਅਫ਼ਵਾਹ ਆਦਿ ਕਹਾਣੀਆਂ ਵਿੱਚ ਵੀ ਨੈਤਿਕਤਾ ਦੀ ਸਿੱਖਿਆ ਦਿੱਤੀ ਗਈ ਹੈ। ਜਗਤ ਪੰਜਾਬੀ ਸਭਾ ਨੇ ਨੈਤਿਕਤਾ ਨਾਲ ਸੰਬੰਧਤ ਪਹਿਲਾਂ ਵੀ ਅੱਧਾ ਦਰਜਨ ਦੇ ਕਰੀਬ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਹਨ। ਇਹ ਪੁਸਤਕ ਵੀ ਉਸੇ ਲੜੀ ਦਾ ਹਿੱਸਾ ਹੈ। ਇਸ ਸ਼ੁਭ ਕਾਰਜ ਲਈ ਉਹ ਵਧਾਈ ਦੇ ਪਾਤਰ ਹਨ।




148 ਪੰਨਿਆਂ, 225 ਰੁਪਏ ਭਾਰਤੀ ਤੇ 10 ਪੌਂਡ ਕੀਮਤ ਵਾਲੀ ਇਹ ਪੁਸਤਕ ਅਸੀਮ ਪਬਲੀਕੇਸ਼ਨ ਬ੍ਰਾਮਪਟਨ ਕੈਨੇਡਾ ਨੇ ਪ੍ਰਕਾਸ਼ਤ ਕੀਤੀ ਹੈ।

# ਕੋਟ ਫੱਤੇ ਦੇ ਟਿੱਬਿਆਂ ਦੀ ਕੰਡਿਆਈ ਵਿੱਚੋਂ ਉਗਿਆ ਗੁਲਾਬ ਦਾ ਫ਼ੁੱਲ: ਗੋਪਾਲ ਸਿੰਘ

**ਉਜਾਗਰ ਸਿੰਘ**

ਤੰਗੀਆਂ ਤਰੁਸ਼ੀਆਂ ਬੁਲੰਦ ਹੌਸਲਿਆਂ ਅੱਗੇ ਬੌਣੀਆਂ ਹੋ ਜਾਂਦੀਆਂ ਹਨ, ਜਦੋਂ ਇਨਸਾਨ ਆਪਣੀ ਜ਼ਿੰਦਗੀ ਦਾ ਟੀਚਾ ਨਿਸਚਤ ਕਰਕੇ ਮਸਤ ਹਾਥੀ ਦੀ ਚਾਲ ਤੁਰਦਾ ਹੋਇਆ ਨਿੱਕੀਆਂ-ਮੋਟੀਆਂ ਅੜਚਣਾਂ ਨੂੰ ਮਧੋਲ ਕੇ ਅੱਗੇ ਵੱਧਦਾ ਜਾਂਦਾ ਹੈ। ਜੇਕਰ ਇਨਸਾਨ ਦਾ ਇਰਾਦਾ ਦ੍ਰਿੜ੍ਹ ਅਤੇ ਇੱਛਾ ਸ਼ਕਤੀ ਮਜ਼ਬੂਤ ਹੋਵੇ, ਤਾਂ ਵਿੰਗੇ ਟੇਡੇ ਰਾਹਾਂ ਦੇ ਵਿੰਗ ਵਲ ਕਦੀਂ ਵੀ ਰਸਤਾ ਨਹੀਂ ਰੋਕ ਸਕਦੇ। ਸਗੋਂ ਪਗਡੰਡੀਆਂ ਉਸ ਦੇ ਅੱਗੇ ਰਸਤੇ ਬਣ ਜਾਂਦੀਆਂ ਹਨ। ਕੋਟ ਫੱਤੇ ਦੇ ਟਿੱਬਿਆਂ ਦੀਆਂ ਪਗਡੰਡੀਆਂ ਨੂੰ ਵਿਸ਼ਾਲ ਮਨਮੋਹਕ ਵਾਤਾਵਰਨ ਵਾਲੇ ਰਸਤਿਆਂ ਵਿੱਚ ਬਦਲਣ ਵਾਲਾ ਮਾਨਸਾ ਦੇ ਟਿੱਬਿਆਂ ਦਾ ਰਾਹੀ ਗੋਪਾਲ ਸਿੰਘ ਹੈ, ਜਿਹੜਾ ਰੇਤਲੇ ਇਲਾਕੇ ਦੀਆਂ ਪਗਡੰਡੀਆਂ 'ਤੇ ਤੁਰਦਾ ਹੋਇਆ, ਕਾਹੀ ਤੇ ਕੰਡਿਆਈ ਦੇ ਫ਼ੁੱਲਾਂ ਵਿੱਚੋਂ ਗੁਲਾਬ ਦਾ ਫ਼ੁੱਲ ਬਣਕੇ ਸਮਾਜਿਕਤਾ ਦੀ ਖ਼ੁਸ਼ਬੋ ਫੈਲਾ ਰਿਹਾ ਹੈ। ਭਾਵੇਂ ਸਮਾਜਿਕ ਤੇ ਪਰਿਵਾਰਿਕ ਹਾਲਾਤ ਉਸ ਅੱਗੇ ਪਹਾੜ ਬਣਕੇ ਖੜ੍ਹਦੇ ਰਹੇ ਪ੍ਰੰਤੂ ਗੋਪਾਲ ਸਿੰਘ ਦੇ ਸਿਰੜ੍ਹ, ਮਿਹਨਤ ਅਤੇ ਦ੍ਰਿੜ੍ਹ ਇਰਾਦੇ ਨੇ ਪਹਾੜਾਂ ਦਾ ਸੀਨਾ ਚੀਰ ਕੇ ਆਪਣਾ ਰਸਤਾ ਆਪ ਬਣਾਇਆ। ਸਮਾਜਿਕ ਅਤੇ ਘਰੇਲੂ ਹਾਲਾਤ ਉਸ ਦੇ ਅੱਗੇ ਵਧਦੇ ਕਦਮਾ ਦੀ ਰਫ਼ਤਾਰ ਨੂੰ ਰਵਾਂ ਹੋਣ ਵਿੱਚ ਰੁਕਾਵਟ ਨਹੀਂ ਬਣ ਸਕੇ, ਸਗੋਂ ਦਾਦੇ ਦੀ ਹੱਲਾਸ਼ੇਰੀ ਨਿਸ਼ਾਨੇ ਦੀ ਪ੍ਰਾਪਤੀ ਦਾ ਰਾਹ ਸੌਖਾ ਕਰਦੀ ਰਹੀ। ਉਹ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਲਈ ਲਗਨ ਨਾਲ ਜਦੋਜਹਿਦ ਕਰਦਾ ਰਿਹਾ ਤਾਂ ਜੋ ਆਪਣੇ ਦਾਦੇ ਦੀ ਸ਼ਾਬਾਸ਼ ਦਾ ਮੁੱਲ ਮੋੜ ਸਕੇ। ਪਿੰਡਾਂ ਵਿੱਚ ਆਮ ਤੌਰ 'ਤੇ ਬੱਚਿਆਂ ਨੂੰ ਸਹੀ ਅਗਵਾਈ ਦੀ ਘਾਟ ਰਹਿੰਦੀ ਹੈ, ਪ੍ਰੰਤੂ ਉਸ ਦੀ ਇਸ ਘਾਟ ਨੂੰ ਪਿੰਡ ਦੇ ਪਰਉਪਕਾਰੀ ਲੋਕਾਂ ਨੇ ਪੂਰਿਆਂ ਕੀਤਾ। ਉਸ ਨੇ ਪਿੰਡ ਕੋਟਫੱਤਾ ਦੇ ਸਰਕਾਰੀ ਸਕੂਲ ਤੋਂ 1982 ਵਿੱਚ ਦਸਵੀਂ ਪਾਸ ਕਰਕੇ ਨੌਕਰੀ ਕਰਨ ਦਾ ਮਨ ਬਣਾਇਆ। ਨੌਕਰੀ ਦੀ ਪ੍ਰਾਪਤੀ ਲਈ ਉਸ ਦੇ ਇੱਕ ਗੁਆਂਢੀ ਨੇ ਉਸ ਨੂੰ ਪੰਜਾਬੀ ਤੇ ਅੰਗਰੇਜ਼ੀ ਦੀ ਸਟੈਨੋਗ੍ਰਾਫ਼ੀ ਦੀ ਸਿੱਖਿਆ ਲੈਣ ਦੀ ਸਲਾਹ ਦਿੱਤੀ। ਫਿਰ ਗੋਪਾਲ ਸਿੰਘ ਨੇ ਸਟੈਨੋਗ੍ਰਾਫ਼ੀ ਦੀ ਸਿੱਖਿਆ ਲੈ ਲਈ ਪ੍ਰੰਤੂ ਹੋਰ ਕੋਈ ਨੌਕਰੀ ਨਾ ਮਿਲੀ, ਮਰਦਾ ਕੀ ਨਹੀਂ ਕਰਦਾ ਦੇ ਸਿਧਾਂਤ ਦੀ ਪਹਿਰੇਦਾਰੀ ਕਰਦਾ ਹੋਇਆ, ਅਗਸਤ 1984 ਵਿੱਚ ਉਹ ਲੋਕ ਨਿਰਮਾਣ ਵਿਭਾਗ ਵਿੱਚ ਬੇਲਦਾਰ ਭਰਤੀ ਹੋ ਗਿਆ। ਉਹ ਸਮਝਦਾ ਸੀ ਕਿ ਚਲਦੀ ਦਾ ਨਾਮ ਹੀ ਗੱਡੀ ਹੁੰਦਾ ਹੈ, ਇਸ ਲਈ ਉਹ ਆਪਣੀ ਜ਼ਿੰਦਗੀ ਵਿੱਚ ਖੜੋਤ ਨਹੀਂ ਲਿਆਉਣੀ ਚਾਹੁੰਦਾ ਸੀ। ਦਫ਼ਤਰ ਦੇ ਨਰਮ ਦਿਲ ਮਦਦਗਾਰ ਅਧਿਕਾਰੀ ਨੇ ਉਸ ਦੀ ਕਾਬਲੀਅਤ ਵੇਖਕੇ ਦਫ਼ਤਰ ਵਿੱਚ ਟਾਈਪ ਦਾ ਕੰਮ ਕਰਨ ਦੀ ਡਿਊਟੀ ਲਾ ਦਿੱਤੀ। ਪ੍ਰੰਤੂ ਜਿਵੇਂ ਆਮ ਹੁੰਦਾ ਹੈ, ਦਫ਼ਤਰਾਂ ਵਿੱਚ ਕੁਝ ਮੁਲਾਜ਼ਮਾ ਨੂੰ ਇਕ ਬੇਲਦਾਰ ਦਾ ਦਫ਼ਤਰੀ ਕੰਮ ਕਰਨਾ ਰੜਕਣ ਲੱਗ ਪਿਆ। ਫ਼ਿਰ ਉਸ ਨੂੰ ਸੜਕਾਂ ਦੇ ਟੋਏ ਟਿੱਬੇ ਭਰਨ ਲਈ ਬੇਲਦਾਰ ਦਾ ਕੰਮ ਕਰਨ ਲਈ ਭੇਜ ਦਿੱਤਾ ਗਿਆ।



ਗੋਪਾਲ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕ੍ਰਿਤ ਕਰਨ ਦੇ ਸਿਧਾਂਤ ਦੀ ਪਹਿਰੇਦਾਰੀ ਕਰਦਿਆਂ, ਕ੍ਰਿਤ ਨੂੰ ਉਸ ਨੇ ਖਿੜੇ ਮੱਥੇ ਪ੍ਰਵਾਨ ਕਰਦਿਆਂ ਆਪਣੀ ਡਿਊਟੀ ਤਨਦੇਹੀ ਨਾਲ ਕੀਤੀ। ਬੇਲਦਾਰੀ ਕਰਦੇ ਸਮੇਂ ਉਸ ਦੇ ਮਨ ਵਿੱਚ ਹੋਰ ਕੁਝ ਅਹੁਦਾ ਪ੍ਰਾਪਤ ਕਰਨ ਦੀ ਚਿਣਗ ਪੈਦਾ ਹੋ ਗਈ। ਉਸ ਸਮੇਂ ਕਿਸੇ ਦੇ ਯਾਦ ਚੇਤੇ ਵੀ ਨਹੀਂ ਸੀ ਕਿ ਗੋਪਾਲ ਸਿੰਘ ਇੱਕ ਦਿਨ ਆਪਣੀ ਕਾਬਲੀਅਤ ਨਾਲ ਪੀ.ਸੀ.ਐਸ. ਅਧਿਕਾਰੀ ਬਣਕੇ ਸਮਾਜਿਕ ਕੁਰੀਤੀਆਂ ਦੇ ਟੋਏ ਟਿੱਬੇ ਭਰਦਾ ਹੋਇਆ ਗ਼ਰੀਬ ਲੋਕਾਂ ਦੀ ਆਵਾਜ਼ ਬਣਕੇ ਸਫ਼ਲ ਪ੍ਰਸ਼ਾਸਨਿਕ ਅਧਿਕਾਰੀ ਸਾਬਤ ਹੋਵੇਗਾ।

ਪੀ.ਸੀ.ਐਸ.ਬਣਕੇ ਲੋਕ ਸੇਵਾ ਕਰਨ ਦੀ ਪ੍ਰਵਿਰਤੀ ਨੂੰ ਚਾਰ ਚੰਨ ਉਦੋਂ ਲੱਗ ਗਏ ਜਦੋਂ ਇੱਕ ਵਾਰ ਉਹ ਆਪਣੇ ਸਰਟੀਫੀਕੇਟ ਅਟੈਸਟ ਕਰਵਾਉਣ ਲਈ ਕਚਹਿਰੀਆਂ ਵਿੱਚ ਆਪਣੇ ਪਿੰਡ ਦੇ ਇੱਕ ਮੁਲਾਜ਼ਮ ਕੋਲ ਗਿਆ ਤਾਂ ਇੱਕ ਪੁਲਿਸ ਅਧਿਕਾਰੀ ਨੇ ਉਸ ਮੁਲਾਜ਼ਮ ਨੂੰ ਸਲੂਟ ਮਾਰੀ। ਪੁਲਿਸ ਅਧਿਕਾਰੀ ਦੀ ਸਲੂਟ ਗੋਪਾਲ ਸਿੰਘ ਦੇ ਦਿਲ ਨੂੰ ਟੁੰਬ ਗਈ। ਗੋਪਾਲ ਸਿੰਘ ਵਿੱਚ ਉਸ ਮੁਲਾਜ਼ਮ ਦੀ ਤਰ੍ਹਾਂ ਬਣਨ ਦੀ ਚੇਸ਼ਟਾ ਐਸੀ ਉਤਪਨ ਹੋ ਗਈ ਕਿ ਉਸਦੀ ਮਿਹਨਤ ਕਰਨ ਦੀ ਰਫ਼ਤਾਰ ਛੜੱਪੇ ਮਾਰਨ ਲੱਗ ਗਈ। ਗੋਪਾਲ ਸਿੰਘ ਦੀ ਮਿਹਨਤ ਰੰਗ ਲਿਆਈ, ਉਹ ਉਸੇ ਮੁਲਾਜ਼ਮ ਦੀ ਥਾਂ ਕੋਰਟ ਵਿੱਚ ਨੌਕਰ ਹੋ ਗਿਆ। ਗੋਪਾਲ ਸਿੰਘ ਦੀ ਕਿਸਮਤ ਹਮੇਸ਼ਾ ਇਮਤਿਹਾਨ ਲੈਂਦੀ ਰਹੀ, ਜਿਹੜੀ ਕੋਰਟ ਵਿੱਚ ਉਹ ਕੰਮ ਕਰ ਰਿਹਾ ਸੀ, ਉਹ ਕੋਰਟ ਹੀ ਟੁੱਟ ਗਈ। ਉਸ ਦੀ ਵੀ ਨੌਕਰੀ ਚਲੀ ਗਈ ਪ੍ਰੰਤੂ ਉਸ ਨੇ ਹੌਸਲਾ ਨਹੀਂ ਛੱਡਿਆ। ਲਗਾਤਾਰ ਮਿਹਨਤ ਕਰਦਾ ਰਿਹਾ ਤਾਂ ਫਿਰ ਉਸ ਦੀ ਚੋਣ ਲੋਕ ਨਿਰਮਾਣ ਵਿੱਚ ਹੋ ਗਈ। ਇਹ ਵੀ ਨੌਕਰੀ ਬਹੁਤੀ ਦੇਰ ਚਲ ਨਾ ਸਕੀ। ਉਹ ਦੁਬਾਰਾ ਜੁਡੀਸ਼ੀਅਲ ਕੋਰਟ ਵਿੱਚ ਐਡਹਾਕ ਸਟੈਨੋ ਲੱਗ ਗਿਆ। ਉਸ ਤੋਂ ਬਾਅਦ ਉਸ ਦੀ ਰੈਗੂਲਰ ਤੌਰ 'ਤੇ ਚੋਣ ਲੋਕ ਨਿਰਮਾਣ ਵਿਭਾਗ ਵਿੱਚ ਬਤੌਰ ਕਲਰਕ ਹੋ ਗਈ। ਫਿਰ ਦਫ਼ਤਰ ਦੇ ਇੱਕ ਅਧਿਕਾਰੀ ਨੇ ਉਸ ਨੂੰ ਅੱਗੇ ਪੜ੍ਹਨ ਲਈ ਪ੍ਰੇਰਿਆ। ਉਸ ਤੋਂ ਬਾਅਦ ਗੋਪਾਲ ਸਿੰਘ ਨੇ ਲਗਾਤਾਰ ਪ੍ਰਾਈਵੇਟ ਉਮੀਦਵਾਰ ਦੇ ਤੌਰ 'ਤੇ ਬੀ.ਏ., ਐਮ.ਏ. ਰਾਜਨੀਤੀ ਸ਼ਾਸਤਰ, ਐਮ.ਏ. ਪੰਜਾਬੀ ਅਤੇ ਐਲ.ਐਲ.ਬੀ.ਪਾਸ ਕਰ ਲਈਆਂ। ਕਲਰਕ ਦੀ ਨੌਕਰੀ ਨਾਲ ਆਰਥਿਕ ਮਜ਼ਬੂਤੀ ਤਾਂ ਮਿਲੀ ਪ੍ਰੰਤੂ ਗੋਪਾਲ ਸਿੰਘ ਵਿੱਚ ਅਧਿਕਾਰੀ ਬਣਨ ਦਾ ਉਤਸ਼ਾਹ ਮੱਠਾ ਨਹੀਂ ਹੋਇਆ। ਲੋਕ ਨਿਰਮਾਣ ਵਿਭਾਗ ਵਿੱਚੋਂ ਛੁੱਟੀ ਲੈ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਆਈ.ਏ.ਐਸ.ਕੋਚਿੰਗ ਸੈਂਟਰ ਵਿੱਚ ਕੋਚਿੰਗ ਲੈਣ ਲਈ ਆ ਗਿਆ। ਦਫ਼ਤਰ ਵਾਲਿਆਂ ਨੇ ਤਨਖ਼ਾਹ ਦੇਣੀ ਬੰਦ ਕਰ ਦਿੱਤੀ ਤਾਂ ਉਹ ਅੱਧ ਵਿਚਾਲੇ ਕੋਚਿੰਗ ਛੱਡ ਕੇ ਦਫ਼ਤਰ ਹਾਜ਼ਰ ਹੋ ਗਿਆ। ਪ੍ਰੰਤੂ ਪੀ.ਸੀ.ਐਸ.ਬਣਨ ਦੀ ਚਿਣਗ ਘਟਣ ਦੀ ਥਾਂ ਵਧਦੀ ਰਹੀ। ਜਦੋਜਹਿਦ ਦੇ ਸਮੇਂ ਦੌਰਾਨ ਦੋਸਤਾਂ ਮਿੱਤਰਾਂ, ਅਮੀਰ, ਗ਼ਰੀਬ, ਦੌਲਤਮੰਦ ਅਤੇ ਹਰ ਵਿਅਕਤੀ ਦਾ ਬਹੁਤ ਸਹਿਯੋਗ ਰਿਹਾ। ਮਿਹਨਤੀ ਹੋਣ ਕਰਕੇ ਉਸ ਦੀ 1993 ਵਿੱਚ ਚੋਣ ਡਿਪਟੀ ਕਮਿਸ਼ਨਰ ਬਠਿੰਡਾ ਦੇ ਦਫ਼ਤਰ ਵਿੱਚ ਬਤੌਰ ਸਟੈਨੋ ਹੋ ਗਈ। ਉਥੇ ਉਸ ਨੇ ਐਸ.ਡੀ.ਐਮ. ਅਤੇ ਡਿਪਟੀ ਕਮਿਸ਼ਨਰ ਦਾ ਪੀ.ਏ ਅਤੇ ਸੁਪਰਇਨਟੈਂਡੈਂਟ ਰੈਵਨਿਊ ਦੇ ਤੌਰ 'ਤੇ ਕੰਮ ਕੀਤਾ। ਇਸ ਦੌਰਾਨ ਉਸ ਦੀ ਪੀ.ਸੀ.ਐਸ.ਬਣਨ ਦੀ ਇੱਛਾ ਸ਼ਕਤੀ ਨੂੰ ਹੋਰ ਉਤਸ਼ਾਹ ਮਿਲਿਆ ਕਿਉਂਕਿ ਉਹ ਅਧਿਕਾਰੀਆਂ ਨੂੰ ਕੰਮ ਕਰਦਿਆਂ ਅਤੇ ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਕਰਦਿਆਂ ਵੇਖਦਾ ਸੀ। ਫਿਰ ਉਸ ਨੇ 1993 ਵਿੱਚ ਪੀ.ਸੀ.ਐਸ. ਦਾ ਇਮਤਿਹਾਨ ਦਿੱਤਾ। ਪ੍ਰੰਤੂ ਸਫ਼ਲ ਨਾ ਹੋ ਸਕਿਆ। ਗੋਪਾਲ ਸਿੰਘ ਨੂੰ ਮਹਿਸੂਸ ਹੋਇਆ ਕਿ ਮਿਹਨਤ ਦਾ ਕੋਈ ਬਦਲ ਨਹੀਂ ਹੋ ਸਕਦਾ, ਇਸ ਲਈ ਉਸ ਨੇ ਮਿਹਨਤ ਕਰਨੀ ਨਾ ਛੱਡੀ। ਇਸ ਤੋਂ ਇਲਾਵਾ ਉਸ ਨੇ ਬਚਪਨ ਵਿੱਚ ''ਕਿੰਗ ਬਰੂਸ ਐਂਡ ਸਪਾਈਡਰ'' ਦੀ ਕਹਾਣੀ ਸੁਣੀ ਹੋਈ ਸੀ, ਇਸ ਲਈ ਉਹ ਵਾਰ ਵਾਰ ਬੀ.ਡੀ.ਪੀ.ਓ ਅਤੇ ਪੀ.ਸੀ.ਐਸ.ਦਾ ਇਮਤਿਹਾਨ ਦਿੰਦਾ ਰਿਹਾ। ਉਸ ਨੇ 1998 ਵਿੱਚ ਵੀ ਇਮਤਿਹਾਨ ਦਿੱਤਾ ਪਰ ਗੱਲ ਨਾ ਬਣੀ ਪ੍ਰੰਤੂ 2014 ਵਿੱਚ ਉਸ ਦੀ ਚੋਣ ਹੋ ਗਈ। ਇਹ ਚੋਣ ਵੀ ਕੋਰਟ ਕਚਹਿਰੀਆਂ ਦੇ ਚਕਰ ਵਿੱਚ ਪੈ ਗਈ ਅਤੇ ਹਾਈ ਕੋਰਟ ਵਿੱਚ ਕੇਸ ਹੋ ਗਿਆ। ਹਾਈ ਕੋਰਟ ਨੇ 2016 ਵਿੱਚ ਸਟੇਅ ਖੋਲ੍ਹੀ, ਜਿਸ ਤੋਂ ਬਾਅਦ ਉਸ ਦੀ ਮਿਹਨਤ ਨੂੰ ਬੂਰ ਪਿਆ।

ਪੀ.ਸੀ.ਐਸ.ਬਣਨ ਤੋਂ ਬਾਅਦ ਉਸ ਨੇ ਬਹੁਤ ਸਾਰੇ ਮਹੱਤਵਪੂਰਨ ਅਹੁਦਿਆਂ 'ਤੇ ਕੰਮ ਕੀਤਾ, ਜਿਨ੍ਹਾਂ ਵਿੱਚ ਡਿਪਟੀ ਕਮਿਸ਼ਨਰ ਦੇ ਅਸਿਟੈਂਟ ਕਮਿਸ਼ਨਰ ਜਨਰਲ, ਅਸਿਸਟੈਂਟ ਕਮਿਸ਼ਨਰ ਸ਼ਿਕਾਇਤਾਂ, ਐਸ.ਡੀ.ਐਮ., ਡਿਪਟੀ ਸਕੱਤਰ ਪੰਜਾਬ ਸਰਕਾਰ ਅਤੇ ਸੰਯੁਕਤ ਸਕੱਤਰ ਲੋਕ ਸੰਪਰਕ ਵਿਭਾਗ ਵਰਣਨਯੋਗ ਹਨ। ਉਹ ਜੁਲਾਈ 2018 ਤੋਂ ਸਤੰਬਰ 2021 ਤੱਕ ਐਸ.ਡੀ.ਐਮ.ਮਲੋਟ ਰਿਹਾ, ਜਿਥੇ ਉਸ ਦੀ ਕਾਰਗੁਜ਼ਾਰੀ ਨੇ ਇਲਾਕੇ ਦੇ ਲੋਕਾਂ ਦਾ ਦਿਲ ਜਿੱਤ ਲਿਆ। ਸਾਹਿਤਕ ਦਿਲ ਹੋਣ ਕਰਕੇ ਲੋਕ ਮਸਲਿਆਂ ਨੂੰ ਮਾਨਵੀ ਪੱਖ ਤੋਂ ਵਿਚਾਰ ਕੇ ਫ਼ੈਸਲੇ ਕਰਦਾ ਰਿਹਾ ਸੀ। ਗੋਪਾਲ ਸਿੰਘ ਦਾ ਇਕ ਕਾਵਿ ਸੰਗ੍ਰਹਿ 'ਕਸਕ' ਵੀ ਪ੍ਰਕਾਸ਼ਤ ਹੋਇਆ ਹੈ। ਉਹ ਫ਼ਰਵਰੀ 2024 ਵਿੱਚ ਸੇਵਾ ਮੁਕਤ ਹੋਇਆ ਹੈ।

ਗੋਪਾਲ ਸਿੰਘ ਦਾ ਜਨਮ ਮਾਤਾ ਭੋਲੋ ਕੌਰ ਤੇ ਪਿਤਾ ਬਾਬੂ ਸਿੰਘ ਦੇ ਘਰ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਟ ਫੱਤਾ ਵਿੱਚ 15 ਫਰਵਰੀ 1966 ਨੂੰ ਹੋਇਆ ਸੀ। ਉਸ ਦਾ ਵਿਆਹ ਸੁਰਿੰਦਰ ਕੌਰ ਨਾਲ ਹੋਇਆ, ਜੋ ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ ਵਿਖੇ ਅਸਿਸਟੈਂਟ ਪ੍ਰੋਫ਼ੈਸਰ ਸੇਵਾ ਨਿਭਾ ਰਹੇ ਹਨ। ਉਨ੍ਹਾਂ ਦੇ ਦੋ ਲੜਕੇ ਕੈਪਟਨ ਮਿਰਾਜਿੰਦਰ ਸਿੰਘ ਅਤੇ ਨੂਰਿੰਦਰ ਸਿੰਘ ਹਨ। ਨੂਰਿੰਦਰ ਸਿੰਘ ਰਾਜੀਵ ਗਾਂਧੀ ਨੈਸ਼ਨਲ ਲਾਅ ਯੂਨੀਵਰਸਿਟੀ ਪਟਿਆਲਾ ਵਿਚ ਐਲ.ਐਲ.ਬੀ.ਕਰ ਰਿਹਾ ਹੈ।

ਸੰਪਰਕ: ਗੋਪਾਲ ਸਿੰਘ:9780888780

# ਬਸੰਤੀ ਫ਼ੁੱਲ ਦਾ ਸ਼ਬਦ ਗਾਇਨ



ਫ਼ੁੱਲ ਵੀ ਸ਼ਬਦ ਗਾ ਰਿਹਾ ਸੀ !

ਬਸੰਤ-ਪੰਚਮੀਂ ਦਾ ਦਿਨ ਸੁਬ੍ਹਾ-ਸਵੇਰੇ ਮੈਂ ਸੈਰ ਸਮੇਂ 'ਕੰਨ-ਟੂਟੀ' ਲਾ ਕੇ ਗੁਰਬਾਣੀ ਦਾ ਸ਼ਬਦ ਸੁਣਦਾ ਜਾ ਰਿਹਾ ਸਾਂ-'ਦੇਖ ਫੂਲ ਫੂਲ ਫੂਲੇ' ਬਸੰਤ ਰਾਗ ਦੇ ਇਸ ਸ਼ਬਦ ਵਿਚ ਗੁਰੂ ਸਾਹਿਬ ਨੇ ਫੁਰਮਾਇਆ-

'ਹੇ ਮਨਾ, ਬਸੰਤ ਰੁੱਤ ਆ ਗਈ ਖਿੜੇ ਹੋਏ ਫੁੱਲਾਂ ਵੱਲ ਦੇਖ,ਤੇਰੇ ਅੰਦਰ ਵੀ ਐਸੇ ਹੀ ਫੁੱਲ ਖਿੜੇ ਹੋਏ ਹਨ। ਬਸੰਤ ਰੁੱਤ ਆਉਣ 'ਤੇ ਦਰਖਤ ਬੂਟੇ ਸੰਘਣੀ ਛਾਂਅ ਵਾਲ਼ੇ ਸੁਗੰਧਤ ਫੁੱਲਾਂ ਵਾਲ਼ੇ ਅਤੇ ਨਰਮ ਹੋ ਜਾਂਦੇ ਹਨ ਪਰ ਕਈ ਰੁੱਖ ਐਸੇ ਵੀ ਹੁੰਦੇ ਹਨ ਜੋ ਖਿੜੀ ਬਸੰਤ ਵਿਚ ਵੀ ਸੁੱਕੇ ਹੀ ਰਹਿੰਦੇ ਹਨ ਅਤੇ ਸੁੱਕੇ ਕਾਠ ਵਰਗੇ ਕਰੜੇ ਹੀ ਰਹਿੰਦੇ ਹਨ...॥!'

ਅਨੰਦਿਤ ਹੋਇਆ ਤੁਰਿਆ ਜਾ ਰਿਹਾ ਸਾਂ।ਅਚਾਨਕ ਪੈਰਾਂ ਵੱਲ ਨਿਗਾਹ ਪਈ ਤਾਂ ਘਾਹ-ਫੂਸ ਵਿਚ ਖਿੜਿਆ ਹੋਇਆ ਅਹਿ ਬਸੰਤੀ ਫੁੱਲ ਨਜ਼ਰੀਂ ਪਿਆ !

ਮੈਨੂੰ ਇਉਂ ਮਹਿਸੂਸ ਹੋਇਆ ਜਿਵੇਂ ਇਹ ਫੁੱਲ ਵੀ ਗਾ ਰਿਹਾ ਹੋਵੇ-

"ਦੇਖ ਫੂਲ ਫੂਲ ਫੂਲੇ.........॥"

**-ਤਰਲੋਚਨ ਸਿੰਘ ਦੁਪਾਲ ਪੁਰ**
**001-408-915-1268**

# ਖ਼ਾਹਿਸ਼ਾਂ ਦੀ ਘੁੰਮਣਘੇਰੀ ਵਿਚ ਉਲਝਿਆ ਜ਼ਿੰਦਗੀ ਦਾ ਤਾਣਾ ਬਾਣਾ



ਡਾ. ਅਰਵਿੰਦਰ ਸਿੰਘ ਭੱਲਾ
91-94630-62603

ਮੁਰਸ਼ਦ ਨੇ ਆਪਣੇ ਮੁਰੀਦਾਂ ਨੂੰ ਫ਼ੁਰਮਾਇਆ ਕਿ ਸੋਚਾਂ ਦੇ ਚੱਕਰਵਿਊ ਵਿਚ ਘਿਰਿਆ ਹਰੇਕ ਮਨੁੱਖ ਹਮੇਸ਼ਾ ਇਹ ਸੋਚਦਾ ਹੈ ਕਿ ਜਿਵੇਂ ਦੁਨੀਆਂ ਭਰ ਦੇ ਦੁੱਖ, ਤਕਲੀਫਾਂ ਅਤੇ ਅਜ਼ਮਾਇਸ਼ਾਂ ਉਸ ਦੇ ਹਿੱਸੇ ਵਿਚ ਆਈਆਂ ਹੋਣ ਅਤੇ ਜਿਵੇਂ ਖ਼ੁਸ਼ੀਆਂ ਤੇ ਖੇੜਿਆਂ ਦਾ ਉਸ ਨਾਲ ਕੋਈ ਅਸਲੋਂ ਵੈਰ ਹੋਵੇ। ਗ਼ਫ਼ਲਤ ਅਤੇ ਬਦਗੁਮਾਨੀ ਦਾ ਸ਼ਿਕਾਰ ਮਨੁੱਖ ਖੁਦ ਨੂੰ ਹਮੇਸ਼ਾ ਖਸਾਰੇ ਵਿਚ ਅਤੇ ਦੂਜਿਆਂ ਨੂੰ ਮੁਨਾਫ਼ੇ ਦੀ ਸਥਿਤੀ ਵਿਚ ਦੇਖਣ ਦਾ ਆਦੀ ਹੁੰਦਾ ਹੈ। ਜੇਕਰ ਮਨੁੱਖ ਨੂੰ ਕਿਤੇ ਆਪਣੀ ਝੋਲੀ ਵੀ ਭਰੀ ਹੋਈ ਦੇਖਣ ਦਾ ਹੁਨਰ ਆ ਜਾਵੇ ਤਾਂ ਉਸ ਦੀਆਂ ਬਹੁਤ ਸਾਰੀਆਂ ਸਮਸਿਆਵਾਂ ਹਲ ਹੋ ਜਾਣ ਪਰ ਅਫ਼ਸੋਸ ਮਨੁੱਖ ਨੂੰ ਕੇਵਲ ਅਪਣੇ ਦੁੱਖ ਅਤੇ ਦੂਜਿਆਂ ਦੇ ਸੁੱਖ ਨਜ਼ਰ ਆਉਂਦੇ ਹਨ। ਦਰਅਸਲ ਹਰੇਕ ਮਨੁੱਖ ਆਪਣੇ ਖਿਆਲਾਂ ਦੀ ਉਧੇੜ ਬੁਣ ਵਿਚ ਜਦੋਂ ਵੀ ਆਪਣੇ ਸੁੱਖਾਂ ਦੀ ਤੁਲਨਾ ਵਿਚ ਆਪਣੇ ਦੁੱਖਾਂ ਨੂੰ ਵਧਾ ਚੜ੍ਹਾ ਕੇ ਦੇਖਦਾ ਹੈ ਤਾਂ ਉਹ ਨਾਸ਼ੁਕਰਿਆਂ ਵਾਂਗ ਪਰਵਦਗਾਰ ਦੀਆਂ ਰਹਿਮਤਾਂ ਤੇ ਬਰਕਤਾਂ ਨੂੰ ਸਿਰਿਉਂ ਹੀ ਭੁਲਾ ਦਿੰਦਾ ਹੈ। ਖੁਦਗਰਜ਼ ਮਨੁੱਖ ਕਦੇ ਵੀ ਇਹ ਜਾਣ ਨਹੀਂ ਪਾਉਂਦਾ ਹੈ ਕਿ ਪਰਮਾਤਮਾ ਨੇ ਉਸ ਦੀ ਝੋਲੀ ਵਿਚ ਕਿਹੜੀਆਂ-ਕਿਹੜੀਆਂ ਨੇਮਤਾਂ ਪਾਈਆਂ ਹਨ ਅਤੇ ਕਦਮ-ਕਦਮ ਉਤੇ ਕਦੋਂ ਕਦੋਂ ਉਸ ਨੂੰ ਅਉਖੀ ਘੜੀ ਦੇਖਣ ਤੋਂ ਬਚਾਇਆ ਹੈ। ਰੱਬ ਨੂੰ ਭੁਲਾ ਕੇ ਮਨ ਦੇ ਆਖੇ ਲੱਗ ਕੇ ਤੁਰਨ ਵਾਲੇ ਲੋਕ ਬੁਨਿਆਦੀ ਤੌਰ ਉੱਪਰ ਆਪਣੀਆਂ ਹਸਰਤਾਂ, ਖ਼ਵਾਬਾਂ ਅਤੇ ਹਵਸ ਦੇ ਗੁਲਾਮ ਹੁੰਦੇ ਹਨ। ਉਹ ਇਹ ਕਦੇ ਵੀ ਮਹਿਸੂਸ ਹੀ ਨਹੀਂ ਕਰ ਪਾਉਂਦੇ ਹਨ ਕਿ ਰੱਬ ਉਹਨਾਂ ਦੇ ਅਮਲਾਂ, ਔਕਾਤ, ਇਬਾਦਤ ਅਤੇ ਤਕਦੀਰ ਦੇ ਅਨੁਸਾਰ ਹਰ ਵੇਲੇ ਉਹਨਾਂ ਨੂੰ ਕਿਥੇ-ਕਿਥੇ ਨਿਵਾਜ਼ ਰਿਹਾ ਹੁੰਦਾ ਹੈ, ਲੇਕਿਨ ਹਰ ਵੇਲੇ ਆਪਣੇ ਹਲਾਤਾਂ ਤੇ ਮੁਕੱਦਰਾਂ ਨੂੰ ਕੋਸਣ ਵਾਲਾ ਮਨੁੱਖ ਕੇਵਲ ਆਪਣੀ ਅਧੂਰੀ ਸਮਝ ਅਨੁਸਾਰ ਆਪਣੇ ਆਪ ਨੂੰ ਬੇਫਜ਼ੂਲ ਦੇ ਖਿਆਲਾਂ, ਅੰਦੇਸ਼ਿਆਂ ਅਤੇ ਮਾਨਸਿਕ ਉਲਝਣਾਂ ਵਿਚ ਉਲਝਾ ਕੇ ਆਪਣੇ ਹੱਥੀਂ ਖੁਦ ਨੂੰ ਆਪਣੇ ਸੋਹਣੇ ਰੱਬ ਤੋਂ ਦੂਰ ਕਰ ਲੈਂਦਾ ਹੈ।

**ਖੁਦਗਰਜ਼ ਮਨੁੱਖ ਕਦੇ ਵੀ ਇਹ ਜਾਣ ਨਹੀਂ ਪਾਉਂਦਾ ਹੈ ਕਿ ਪਰਮਾਤਮਾ ਨੇ ਉਸ ਦੀ ਝੋਲੀ ਵਿਚ ਕਿਹੜੀਆਂ-ਕਿਹੜੀਆਂ ਨੇਮਤਾਂ ਪਾਈਆਂ ਹਨ ਅਤੇ ਕਦਮ-ਕਦਮ ਉਤੇ ਕਦੋਂ ਕਦੋਂ ਉਸ ਨੂੰ ਅਉਖੀ ਘੜੀ ਦੇਖਣ ਤੋਂ ਬਚਾਇਆ ਹੈ। ਰੱਬ ਨੂੰ ਭੁਲਾ ਕੇ ਮਨ ਦੇ ਆਖੇ ਲੱਗ ਕੇ ਤੁਰਨ ਵਾਲੇ ਲੋਕ ਬੁਨਿਆਦੀ ਤੌਰ ਉੱਪਰ ਆਪਣੀਆਂ ਹਸਰਤਾਂ, ਖ਼ਵਾਬਾਂ ਅਤੇ ਹਵਸ ਦੇ ਗੁਲਾਮ ਹੁੰਦੇ ਹਨ। ਉਹ ਇਹ ਕਦੇ ਵੀ ਮਹਿਸੂਸ ਹੀ ਨਹੀਂ ਕਰ ਪਾਉਂਦੇ ਹਨ ਕਿ ਰੱਬ ਉਹਨਾਂ ਦੇ ਅਮਲਾਂ, ਔਕਾਤ, ਇਬਾਦਤ ਅਤੇ ਤਕਦੀਰ ਦੇ ਅਨੁਸਾਰ ਹਰ ਵੇਲੇ ਉਹਨਾਂ ਨੂੰ ਕਿਥੇ-ਕਿਥੇ ਨਿਵਾਜ਼ ਰਿਹਾ ਹੁੰਦਾ ਹੈ, ਲੇਕਿਨ ਹਰ ਵੇਲੇ ਆਪਣੇ ਹਲਾਤਾਂ ਤੇ ਮੁਕੱਦਰਾਂ ਨੂੰ ਕੋਸਣ ਵਾਲਾ ਮਨੁੱਖ ਕੇਵਲ ਆਪਣੀ ਅਧੂਰੀ ਸਮਝ ਅਨੁਸਾਰ ਆਪਣੇ ਆਪ ਨੂੰ ਬੇਫਜ਼ੂਲ ਦੇ ਖਿਆਲਾਂ, ਅੰਦੇਸ਼ਿਆਂ ਅਤੇ ਮਾਨਸਿਕ ਉਲਝਣਾਂ ਵਿਚ ਉਲਝਾ ਕੇ ਆਪਣੇ ਹੱਥੀਂ ਖੁਦ ਨੂੰ ਆਪਣੇ ਸੋਹਣੇ ਰੱਬ ਤੋਂ ਦੂਰ ਕਰ ਲੈਂਦਾ ਹੈ।**



ਮੁਰਸ਼ਦ ਨੇ ਇਸ ਗੱਲ ਦੀ ਵੀ ਤਲਕੀਨ ਕੀਤੀ ਕਿ ਈਮਾਨ, ਇਬਾਦਤ, ਦਿਆਨਤਦਾਰੀ ਅਤੇ ਸਹਿਜ ਦੇ ਰਾਹ ਉੱਤੇ ਤੁਰਦਿਆਂ ਮਨੁੱਖ ਨੂੰ ਕਦੇ ਲਾਲਚ, ਦੁਚਿੱਤੀ, ਹੇਰਵਾ ਅਤੇ ਪਛਤਾਵਾ ਸਤਾਉਂਦਾ ਨਹੀਂ। ਜਦੋਂ ਕਿ ਇਹ ਵੀ ਇਕ ਅਟੱਲ ਸਚਾਈ ਹੈ ਕਿ ਸਮੇਂ ਤੋਂ ਪਹਿਲਾਂ ਅਤੇ ਤਕਦੀਰ ਤੋਂ ਵੱਧ ਵੀ ਕਦੀ ਕਿਸੇ ਨੂੰ ਕੁਝ ਵੀ ਮਿਲਿਆ ਨਹੀਂ, ਲੇਕਿਨ ਮਨਮੱਤ ਦੇ ਰਾਹ ਉੱਤੇ ਚਲਣ ਵਾਲਾ ਮਨੁੱਖ ਇਸ ਅਟੱਲ ਸਚਾਈ ਦੀ ਡੂੰਘਾਈ ਨੂੰ ਕਦੇ ਵੀ ਸਮਝ ਨਹੀਂ ਪਾਉਂਦਾ ਹੈ। ਬੇਲਗਾਮ ਖ਼ਾਹਿਸ਼ਾਂ ਅਸਲ ਵਿਚ ਮਨੁੱਖ ਦੀ ਰੂਹ ਅਤੇ ਦੇਹ ਨੂੰ ਹੌਲੀ-ਹੌਲੀ ਆਪਣੀ ਗ੍ਰਿਫ਼ਤ ਵਿਚ ਲੈਕੇ ਮਨੁੱਖ ਨੂੰ ਮੋਹ, ਮਾਇਆ, ਲਾਲਚ ਅਤੇ ਹਵਸ ਦੀ ਦਲਦਲ ਵਿਚ ਧੱਸਣ ਲਈ ਇਕਲਿਆਂ ਛੱਡ ਦਿੰਦੀਆਂ ਹਨ। ਬੇਸ਼ੱਕ ਆਪਣੇ ਹਿੱਸੇ ਦੀਆਂ ਖੁਸ਼ੀਆਂ ਦੀ ਤਲਾਸ਼ ਕਰਨਾ ਤੇ ਆਪਣੇ ਖ਼ਵਾਬਾਂ ਦੀ ਤਾਬੀਰ ਲਈ ਜੱਦੋਜਹਿਦ ਕਰਨਾ ਮਨੁੱਖ ਦੀ ਫ਼ਿਤਰਤ ਦਾ ਇਕ ਅਹਿਮ ਹਿੱਸਾ ਹੈ, ਲੇਕਿਨ ਮਨੁੱਖ ਆਪਣੇ ਆਪ ਨੂੰ ਹਸਰਤਾਂ ਦੇ ਬਾਜ਼ਾਰ ਵਿਚ ਨਿਲਾਮ ਕਰ ਦੇਵੇ ਇਹ ਵੀ ਹਰਗਿਜ਼ ਮੁਨਾਸਿਬ ਨਹੀਂ। ਇਸ ਗੱਲ ਵਿਚ ਵਿਚ ਕੋਈ ਬੁਰਾਈ ਨਹੀਂ ਕਿ ਮਨੁੱਖ ਆਪਣੀਆਂ ਜ਼ਰੂਰਤਾਂ ਦੀ ਪੂਰਤੀ ਲਈ ਯਤਨ ਕਰੇ, ਲੇਕਿਨ ਆਪਣੀਆਂ ਜ਼ਰੂਰਤਾਂ ਅਤੇ ਤਰਜੀਹਾਂ ਤੈਅ ਕਰਦੇ ਸਮੇਂ ਇਹ ਵੀ ਜ਼ਰੂਰੀ ਹੈ ਕਿ ਉਹ ਇਸ ਗੱਲ ਦਾ ਹਮੇਸ਼ਾ ਖ਼ਿਆਲ ਰੱਖੇ ਕਿ ਉਹ ਕਦੇ ਵੀ ਹਵਸ ਦੀ ਭੱਠੀ ਵਿਚ ਨਾ ਸੜੇ।

ਮੁਰਸ਼ਦ ਨੇ ਇਹ ਵੀ ਫ਼ੁਰਮਾਇਆ ਕਿ ਜਦੋਂ ਤੁਸੀਂ ਕਿਸੇ ਦੇ ਸੁੱਖਾਂ ਨੂੰ ਦੇਖ ਕੇ ਉਸ ਨਾਲ ਈਰਖਾ ਜਾਂ ਕ੍ਰੋਧ ਕਰਦੇ ਹੋ ਤਾਂ ਤੁਸੀਂ ਆਪਣੇ ਆਪ ਨੂੰ ਜਿਥੇ ਇਕ ਪਾਸੇ ਬੇਵਜ੍ਹਾ ਸਜ਼ਾ ਦੇ ਰਹੇ ਹੁੰਦੇ ਹੋ, ਉਥੇ ਦੂਜੇ ਪਾਸੇ ਤੁਸੀਂ ਰੱਬ ਦੀ ਰਜ਼ਾ ਤੋਂ ਮੁਨਕਰ ਹੋ ਕੇ ਆਪਣੇ ਲਈ ਰੱਬ ਦੀਆਂ ਬਰਕਤਾਂ ਦੇ ਬੂਹੇ ਆਪਣੇ ਲਈ ਆਪਣੇ ਹੱਥੀਂ ਬੰਦ ਕਰ ਲੈਂਦੇ ਹੋ। ਆਪਣੀ ਅਧੂਰੀ ਸਮਝ, ਸਿਆਣਪ ਅਤੇ ਚਤੁਰਾਈ ਉਤੇ ਤੁਹਾਨੂੰ ਹੱਦੋਂ ਵੱਧ ਮਾਣ ਹੁੰਦਾ ਹੈ ਅਤੇ ਤੁਹਾਡੇ ਅੰਦਰ ਆਪਣੇ ਸੋਹਣੇ ਰੱਬ ਨਾਲ ਵਾਬਸਤਾ ਹਜ਼ਾਰਾਂ ਸ਼ੰਕੇ ਅਤੇ ਸਵਾਲ ਤੁਹਾਨੂੰ ਪ੍ਰੇਸ਼ਾਨ ਕਰੀਂ ਰੱਖਦੇ ਹਨ।

ਮੁਰਸ਼ਦ ਨੇ ਫ਼ੁਰਮਾਇਆ ਕਿ ਜਦੋਂ ਇਨਸਾਨ ਅੰਦਰੋਂ ਨੇਕੀ, ਸਚਾਈ ਅਤੇ ਮਾਸੂਮੀਅਤ ਮਨਫੀ ਹੁੰਦੀ ਹੈ ਤਾਂ ਉਸ ਸਮੇਂ ਮਨੁੱਖ ਜ਼ਿਹਨੀ ਤੌਰ ਉੱਪਰ ਭਟਕਣ ਦਾ ਸ਼ਿਕਾਰ ਹੁੰਦਾ ਹੈ। ਸੁੱਖ, ਆਰਾਮ, ਸ਼ੋਹਰਤ ਅਤੇ ਤਾਕਤ ਹਾਸਿਲ ਕਰਨ ਦੀ ਇੱਛਾ ਉਸ ਕੋਲੋਂ ਇਹ ਸੋਚਣ ਸਮਝਣ ਦੀ ਸਲਾਹੀਅਤ ਵੀ ਖੋਹ ਲੈਂਦੀ ਹੈ ਕਿ ਜਿਸ ਕਿਸੇ ਸ਼ੈਅ ਦਾ ਉਹ ਤਲਬਗਾਰ ਹੁੰਦਾ ਹੈ ਕਿ ਕੀ ਉਸ ਸ਼ੈਅ ਨੂੰ ਹਾਸਲ ਕਰਨ ਦੀ ਉਸ ਅੰਦਰ ਕਾਬਲੀਅਤ ਤੇ ਜ਼ਹਾਨਤ ਵੀ ਹੈ ਕਿ ਨਹੀਂ ਅਤੇ ਉਹ ਇਹ ਵੀ ਨਹੀਂ ਸਮਝ ਪਾਉਂਦਾ ਹੈ ਕਿ ਕੀ ਉਹ ਸਫ਼ਲਤਾ ਦੇ ਸਿਖ਼ਰ ਨੂੰ ਛੂਹ ਕੇ ਧੁਰ ਅੰਦਰੋਂ ਸਕੂਨ ਹਾਸਲ ਕਰ ਪਾਵੇਗਾ ਕਿ ਨਹੀਂ।

ਮੁਰਸ਼ਦ ਨੇ ਇਹ ਵੀ ਫ਼ੁਰਮਾਇਆ ਕਿ ਅਖੌਤੀ ਸਫ਼ਲਤਾ ਨੂੰ ਹਾਸਲ ਕਰਨ ਅਤੇ ਆਪਣੀਆਂ ਤ੍ਰਿਸ਼ਨਾਵਾਂ ਦੀ ਤ੍ਰਿਪਤੀ ਦੀ ਉਮੀਦ ਵਿਅਕਤੀ ਨੂੰ ਸਦਾ ਬੇਚੈਨ ਰੱਖਦੀ ਹੈ। ਮਨੁੱਖ ਇਸੇ ਕਰਕੇ ਸਹਿਜ ਅਵਸਥਾ ਵਿਚ ਨਹੀਂ ਵਿਚਰ ਪਾਉਂਦਾ ਹੈ ਕਿਉਂ ਕਿ ਉਸ ਅੰਦਰ ਨਿੱਤ ਕੁਝ ਨਵਾਂ ਹਾਸਿਲ ਦੀ ਖ਼ਾਹਿਸ਼ ਉਸ ਦੇ ਮਨ ਨੂੰ ਹਮੇਸ਼ਾ ਵਿਚਲਿਤ ਕਰੀ ਰੱਖਦੀ ਹੈ। ਆਪਣੀ ਜਿੱਤ ਦਾ ਪਰਚਮ ਲਹਿਰਾਉਣ ਦੀ ਤੀਬਰਤਾ ਵੀ ਮਨੁੱਖ ਦੇ ਮਨ ਅੰਦਰ ਅਸੰਤੁਸ਼ਟੀ ਅਤੇ ਭਟਕਣ ਨੂੰ ਵਧਾਉਣ ਵਿਚ ਕਾਰਗਰ ਨਿਭਾਉਂਦੀ ਹੈ। ਇਸ ਤਰ੍ਹਾਂ ਦੀ ਮਨੋਦਸ਼ਾ ਨਾਲ ਨਜਿੱਠਣ ਲਈ ਮਨ ਦੀ ਇਕਾਗਰਤਾ ਨੂੰ ਭੰਗ ਹੋਣ ਤੋਂ ਬਚਾਉਣ ਲਈ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। ਵਿਚਲਿਤ ਮਨ ਮਨੁੱਖ ਦੀਆਂ ਅਧਿਕਤਰ ਸਮਸਿਆਵਾਂ ਦੀ ਮੂਲ ਜੜ੍ਹ ਹੁੰਦਾ ਹੈ, ਜਿਸ ਦੀ ਵਜ੍ਹਾ ਨਾਲ ਮਨੁੱਖ ਆਪਣੀ ਸੋਚਣ ਸਮਝਣ ਦੀ ਸ਼ਕਤੀ ਨੂੰ ਸਾਕਾਰਾਤਮਕ ਦਿਸ਼ਾ ਦੇਣ ਤੋਂ ਖੁੰਝ ਜਾਂਦਾ ਹੈ। ਜੇਕਰ ਗਹੁ ਨਾਲ ਦੇਖਿਆ ਜਾਵੇ ਤਾਂ ਆਪਣੇ ਮਨ, ਬੇਕਾਬੂ ਭਾਵਨਾਵਾਂ ਅਤੇ ਹਰ ਪਲ ਰੂਪ ਵਟਾਉਂਦੀਆਂ ਖਾਹਿਸ਼ਾਂ ਹੀ ਇਕ ਦਿਨ ਉਸ ਦੇ ਪਤਨ ਦਾ ਸਬੱਬ ਬਣਦੀਆਂ ਹਨ। ਮੁਰਸ਼ਦ ਨੇ ਆਪਣੇ ਮੁਰੀਦਾਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਮਨ ਨੂੰ ਆਪਣੇ ਕਾਬੂ ਵਿਚ ਰੱਖਣ ਦਾ ਹੁਨਰ ਸਿੱਖਣ ਅਤੇ ਕਦੇ ਨਾ ਤ੍ਰਿਪਤ ਹੋਣ ਵਾਲੀਆਂ ਖਾਹਿਸ਼ਾਂ ਦੀ ਕਿਸ਼ਤੀ ਵਿਚ ਸਵਾਰ ਹੋਣ ਤੋਂ ਜਿੰਨਾ ਸੰਭਵ ਹੋ ਸਕੇ ਉਹ ਗੁਰੇਜ਼ ਕਰਨ ਕਿਉਂ ਕਿ ਆਪਣੇ ਮਨ ਦੇ ਹੱਥੋਂ ਸ਼ਿਕਸਤ ਖਾਕੇ ਮਨੁੱਖ ਕਦੇ ਵੀ ਸਦੀਵੀਂ ਖੁਸ਼ੀ ਜਾਂ ਸਕੂਨ ਹਾਸਲ ਨਹੀਂ ਕਰ ਸਕੇਗਾ।

# ਬੁਲੰਦ ਅਤੇ ਸੁਰੀਲੀ ਆਵਾਜ਼-ਕਵੀਸ਼ਰ ਅਤੇ ਸ਼ਾਇਰ ਕੁਲਵੰਤ ਸਿੰਘ 'ਸੈਦੋਕੇ'

ਕੁਦਰਤ ਨੇ ਕੁਝ ਇਨਸਾਨਾਂ ਨੂੰ ਲਿਖਣ ਦੀ ਬੁੱਧ ਅਤੇ ਕੁਝ ਨੂੰ ਸੁਰੀਲੀ ਅਤੇ ਬੁਲੰਦ ਆਵਾਜ਼ ਨਾਲ ਨਿਵਾਜਿਆ ਹੁੰਦਾ ਹੈ, ਪਰ ਜੇਕਰ ਇਹ ਦੋਨੋਂ ਗੁਣ ਇੱਕ ਇਨਸਾਨ ਵਿੱਚ ਹੋਣ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੁੰਦੀ ਹੈ। ਉਹਨਾਂ ਹੀ ਸਭ ਨਿਆਮਤਾਂ ਨਾਲ ਭਰਪੂਰ ਕਰਕੇ ਕੁਦਰਤ ਨੇ ਸ਼ਾਇਰ ਅਤੇ ਕਵੀਸ਼ਰ ਕੁਲਵੰਤ 'ਸੈਦੋਕੇ' ਨੂੰ ਨਿਵਾਜਿਆ ਹੈ।

ਪਿਤਾ ਸ੍ਰ ਗੁਰਦੇਵ ਸਿੰਘ ਧਾਲੀਵਾਲ ਅਤੇ ਮਾਤਾ ਸ੍ਰੀਮਤੀ ਅਜਮੇਰ ਕੌਰ ਧਾਲੀਵਾਲ ਦੇ ਗ੍ਰਹਿ ਵਿਖੇ ਮੱਧਵਰਗੀ ਕਿਸਾਨ ਪਰਿਵਾਰ ਵਿੱਚ ਪਿੰਡ ਸੈਦੋਕੇ ਜ਼ਿਲਾ ਮੋਗਾ ਵਿਖੇ ਕੁਲਵੰਤ ਸਿੰਘ ਨੇ 1960 ਵਿੱਚ ਜਨਮ ਲਿਆ। ਆਪਣੀ ਜ਼ਿੰਦਗੀ ਦੀਆਂ ਹੁਸੀਨ ਬਹਾਰਾਂ ਅਤੇ ਪੱਤਝੜਾਂ ਨੂੰ ਮਾਣਦਿਆਂ ਅਤੇ ਜ਼ਿੰਦਗੀ ਦੇ ਵੱਖ ਵੱਖ ਪਹਿਲੂਆਂ ਦੇ ਤਜਰਬਿਆਂ ਨੂੰ ਹੰਢਾਉਂਦਿਆਂ ਹਾਲ ਹੀ ਵਿੱਚ ਪਟਿਆਲਾ ਸ਼ਹਿਰ ਠਾਹਰ ਬਣਾ ਲਈ ਹੈ।

ਆਪਣੇ ਜੀਵਨ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਉਹ ਦਾ ਕਹਿਣਾ ਹੈ ਕਿ ਉਸਨੇ ਮੁੱਢਲੀ ਪੜ੍ਹਾਈ ਪਿੰਡ ਸੈਦੋਕੇ, ਮੋਗਾ ਦੇ ਹਾਈ ਸਕੂਲ ਤੋਂ ਪ੍ਰਾਪਤ ਕੀਤੀ ਹੈ ਅਤੇ ਬਾਪੂ ਨਾਲ ਖੇਤੀਬਾੜੀ ਵਿਚ ਹੁੱਬ ਕੇ ਹੱਥ ਵਟਾਇਆ ਹੈ। ਸਰਕਾਰੀ ਮਹਿਕਮੇ ਰਾਹੀ ਲੋਕ ਸੇਵਾ ਦੀ ਭਾਵਨਾ ਦੇ ਨਾਲ ਉਹ 15 ਜੁਲਾਈ 1980 ਨੂੰ ਭਾਰਤੀ ਫੌਜ ਦੀ ਪੰਜਾਬ ਰੈਜੀਮੈਂਟ ਵਿੱਚ ਭਰਤੀ ਹੋ ਗਿਆ ਅਤੇ 21 ਸਾਲ ਦੀ ਦੇਸ਼ ਸੇਵਾ ਦੌਰਾਨ ਪੰਜ ਆਰਮੀ ਕੋਰਸ ਪਾਸ ਕੀਤੇ, ਜਿੰਨਾਂ ਵਿੱਚ ਏ ਐਕਸ ਆਈ ਗਰੇਡਿੰਗ ਪਹਿਲੇ ਦਰਜ਼ੇ 'ਚ, ਦੋ ਕੋਰਸਾਂ ਵਿੱਚ ਬੈਸਟ ਸਟੂਡੈਂਟ ਐਵਾਰਡ ਪ੍ਰਾਪਤ ਕੀਤੇ। ਗੁਲਮਾਰਗ ਤੇ ਪੁੰਛ (ਜੰਮੂ-ਕਸ਼ਮੀਰ) ਦੀਆਂ ਉੱਚੀਆਂ ਅਤੇ ਬਰਫੀਲੀਆਂ ਪਹਾੜੀਆਂ 'ਚ ਮੂਹਰਲੇ ਮੋਰਚਿਆਂ 'ਤੇ ਰਹਿ ਕੇ ਤਨ ਮਨ ਅਤੇ ਮੁਸਤੈਦੀ ਨਾਲ ਦੇਸ਼ ਸੇਵਾ ਨਿਭਾਈ। ਸਾਲ 1988-1989 'ਚ ਸ੍ਰੀ ਲੰਕਾ 'ਚ ਭਾਰਤੀ ਸ਼ਾਂਤੀ ਸੈਨਾ ਦਾ ਹਿੱਸਾ ਬਣਕੇ ਲਿੱਟੇ ਨਾਲ 2 ਸਾਲ ਲੜਾਈ ਲੜੀ। 9 ਸਾਲ ਵੱਖ ਵੱਖ ਆਰਮੀ ਸਕੂਲਾਂ ਵਿੱਚ ਬਤੌਰ ਇੰਸਟ੍ਰਕਟਰ ਅਧਿਆਪਨ ਦੀ ਸੇਵਾ, ਦੋ ਸਾਲ ਇੰਡੀਅਨ ਮਿਲਟਰੀ ਟ੍ਰੇਨਿੰਗ ਟੀਮ (ਆਈ ਐਮ ਟੀਮ ਆਰ ਏ ਟੀ) ਦਾ ਹਿੱਸਾ ਬਣਕੇ ਭੂਟਾਨ 'ਚ ਇੰਸਟ੍ਰਕਟਰ ਦੀ ਸੇਵਾ ਨਿਭਾਈ । ਉਸਨੂੰ ਉਹਨਾਂ ਦੀ ਕਰੜੀ ਮਿਹਨਤ ਅਤੇ ਦਿਆਨਤਦਾਰੀ ਕਰਕੇ ਆਰਮੀ ਸਕੂਲ ਆਫ ਮਕੈਨੀਕਲ ਟਰਾਂਸਪੋਰਟ ਬੈਂਗਲੌਰ ਵੱਲੋਂ ਬੈਸਟ ਇੰਸਟ੍ਰਕਟਰ ਐਵਾਰਡ ਨਾਲ ਨਿਵਾਜਿਆ ਗਿਆ। ਇਸ ਤੋਂ ਇਲਾਵਾ ਉਸਨੂੰ ਬੈਂਗਲੌਰ ਅਤੇ ਰਾਮਗੜ-ਰਾਂਚੀ ਟ੍ਰੇਨਿੰਗ ਸੈਂਟਰ 'ਚ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਤੇ ਹੋਰ ਵੀ ਵੱਖ-ਵੱਖ ਸਹਿਤਕ ਸਭਾਵਾਂ ਵੱਲੋਂ ਸਨਮਾਨਿਤ ਕੀਤਾ ਗਿਆ ਹੈ। ਉਸਨੂੰ ਵੱਖ-ਵੱਖ ਇਲਾਕਿਆਂ ਵਿੱਚ ਤਨਦੇਹੀ ਨਾਲ ਸੇਵਾਵਾਂ ਨਿਭਾਉਣ ਬਦਲੇ 7 ਸੈਨਾਂ ਮੈਡਲ (ਤਮਗਿਆਂ) ਨਾਲ ਨਿਵਾਜਿਆ ਗਿਆ ਹੈ। ਸੰਨ 2001 'ਚ ਫੌਜ ਵਿਚੋਂ ਐਨ ਸੀ ਦੇ ਅਹੁਦੇ ਤੋਂ ਸੇਵਾ ਮੁਕਤੀ ਉਪਰੰਤ 2005 'ਚ ਉਹ ਭਾਰਤੀ ਡਾਕ ਵਿਭਾਗ 'ਚ ਭਰਤੀ ਗਿਆ। ਇੱਥੇ ਵੀ ਉਸਨੂੰ ਇਮਾਨਦਾਰੀ ਤੇ ਵਫ਼ਾਦਾਰੀ ਨਾਲ ਸੇਵਾ ਨਿਭਾਉਣ ਬਦਲੇ ਪੋਸਟਲ ਡਵੀਜ਼ਨ ਲੁਧਿਆਣਾ ਤੇ ਪਟਿਆਲਾ ਵੱਲੋਂ ਬੈਸਟ ਕਰਮਚਾਰੀ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇੱਥੋਂ ਉਹ 16 ਸਾਲ ਦੀ ਸੇਵਾ ਉਪਰੰਤ ਹੈਡ ਪੋਸਟ ਆਫਿਸ ਪਟਿਆਲਾ ਤੋਂ ਬਤੌਰ ਮੁੱਖ ਖਜਾਨਚੀ ਦੇ ਅਹੁਦੇ ਤੋਂ ਸੇਵਾ ਮੁਕਤ ਹੋਇਆ ਹੈ। ਇੱਥੇ ਵੀ ਉਹ ਆਲ ਇੰਡੀਆ ਪੋਸਟਲ ਇੰਪਲਾਈਜ ਯੂਨੀਅਨ 'ਚ ਬ੍ਰਾਂਚ ਸੈਕਟਰੀ ਦੇ ਅਹੁਦੇ ਦੀ ਸੇਵਾ ਵੀ ਮੂਹਰਲੀਆਂ ਸਫ਼ਾ 'ਚ ਰਹਿਕੇ ਨਿਭਾਉਣ ਲਈ ਯਤਨਸ਼ੀਲ ਰਿਹਾ ਹੈ।



ਆਪਣੇ ਗਾਉਣ ਦੇ ਸ਼ੌਂਕ ਬਾਰੇ ਉਸਦਾ ਕਹਿਣਾ ਹੈ ਕਿ ਸਕੂਲ ਸਮੇਂ ਤੋਂ ਹੀ ਸਕੂਲ 'ਚ 'ਤੇ ਆਮ ਸਭਾਵਾਂ ਚ ਗਾਉਣ ਦਾ ਉਸਨੂੰ ਚਾਅ ਚੜਿਆ ਰਹਿੰਦਾ ਸੀ। ਜਦੋਂ ਬੁਲੰਦ ਅਤੇ ਸੁਰੀਲੀ ਆਵਾਜ਼ ਵਿੱਚ ਗਾਉਣਾ ਤਾਂ ਅਧਿਆਪਕ ਅਤੇ ਸਾਥੀਆਂ ਦੇ ਖੂਬ ਉਤਸ਼ਾਹਿਤ ਕਰਨਾ ਅਤੇ ਮਨ ਨੇ ਗਾਉਣ ਲਈ ਹਮੇਸ਼ਾ ਹੀ ਉਤੇਜਿਤ ਰਹਿਣਾ। ਆਪਣੀ ਗਾਇਕੀ ਚ ਨਿਖਾਰ ਲਿਆਉਣ ਲਈ ਉਸਨੇ ਬਾਬਾ ਜੀ ਗਿਆਨੀ ਬਲਕਾਰ ਸਿੰਘ ਗੋਰਾਇਆ ਨੂੰ ਆਪਣਾ ਰਸਮੀ ਗੁਰੂ ਧਾਰਨ ਕਰ ਲਿਆ। ਉਹਨਾਂ ਦੀ ਸ਼ਾਗਿਰਦੀ ਚ ਰਹਿੰਦਿਆਂ ਗਾਇਕੀ ਦੇ ਉਤਰਾਹ ਚੜਾਅ ਅਤੇ ਸੁਰਾਂ ਦਾ ਗਿਆਨ ਲਿਆ।

ਆਪਣੀ ਫ਼ੌਜੀ ਨੌਕਰੀ ਦੇ ਜੀਵਨ ਦੌਰਾਨ ਉਸਨੇ ਆਪਣੀ ਲਿਖਣ ਚੇਟਕ ਨੂੰ ਵੀ ਮੱਠਾ ਨਹੀਂ ਪੈਣ ਦਿੱਤਾ। ਫੌਜ ਵਿੱਚ ਰਹਿੰਦਿਆਂ ਵੱਖ ਵੱਖ ਸਥਾਨਾਂ ਤੇ ਸੇਵਾਵਾਂ ਨਿਭਾਉਂਦਿਆਂ ਹਿੰਦੀ ਤੇ ਪੰਜਾਬੀ 'ਚ ਲੇਖ, ਗੀਤ ਤੇ ਕਵਿਤਾਵਾਂ ਆਦਿ ਦੇ ਸ਼ੌਕ ਨੂੰ ਬਕਾਇਦਾ ਬਰਕਰਾਰ ਰੱਖਿਆ।

ਉਸਦੇ ਰਚੇ ਗੀਤ, ਕਵਿਤਾਵਾਂ, ਛੰਦਾ-ਬੰਦੀ ਗੀਤ ਅਤੇ ਸਮਾਜਿਕ ਕੁਰੀਤੀਆਂ, ਮੁੱਦਿਆਂ, ਮਸਲਿਆਂ 'ਤੇ ਲੇਖ ਅਕਸਰ ਹੀ ਨਾਮੀ ਅਖ਼ਬਾਰਾਂ, ਰਸਾਲਿਆਂ ਵਿੱਚ ਛਪਦੇ ਰਹੇ ਅਤੇ ਛਪ ਰਹੇ ਹਨ ਅਤੇ ਫੌਜ ਦੀ ਨੌਕਰੀ ਸਮੇਂ ਹਿੰਦੀ ਆਰਟੀਕਲ ਵੀ ਮੈਗਜ਼ੀਨਾਂ ਵਿੱਚ ਛਪੇ ਹਨ। ਉਸਨੇ ਕਵੀਸ਼ਰੀ ਅਤੇ ਗੀਤ ਦੇ ਰਿਆਜ਼ ਕਰਨ ਲਈ ਹਰਮੋਨੀਅਮ ਵੀ ਘਰ ਰੱਖਿਆ ਹੋਇਆ ਹੈ ਅਤੇ ਹਰ ਸਮੇਂ ਕੁਝ ਨਵਾਂ ਸਿੱਖਣ ਦੀ ਇੱਛਾ ਦਾ 'ਸੈਦੋਕੇ' ਸ਼ੌਕੀਨ ਹੈ। ਉਸਨੂੰ ਕੁਦਰਤੀ ਫੁੱਲ-ਬੂਟੇ, ਰੁੱਖਾਂ ਸਮੇਤ ਇਨਸਾਨੀਅਤ ਨਾਲ ਬੇਹੱਦ ਬਹੁਤ ਪਿਆਰ ਹੈ। ਮੁਹੱਬਤ ਵੰਡਣਾ ਸੈਦੋਕੇ ਆਪਣਾ ਮੁਢਲਾ ਫਰਜ਼ ਦੱਸਦਾ ਹੈ। ਉਸਦੇ ਲਿਖੇ ਉਸਦੀ ਆਪਣੀ ਸੁਰੀਲੀ ਅਤੇ ਬੁਲੰਦ ਆਵਾਜ਼ ਵਿੱਚ ਦਰਜਨ ਤੋਂ ਵਧੇਰੇ ਗੀਤ ਰਿਕਾਰਡ ਅਤੇ ਹੋਰ ਕਲਾਕਾਰਾਂ ਦੀ ਅਵਾਜ਼ ਵਿੱਚ ਵੀ ਦਰਜਨ ਦੇ ਕਰੀਬ ਰਿਕਾਰਡ ਹੋਏ ਹਨ, ਜਿੰਨਾਂ ਨੂੰ ਸਰੋਤਿਆਂ ਤੋਂ ਭਰਪੂਰ ਹੁੰਗਾਰਾ ਮਿਲਿਆ ਹੈ। ਉਸਨੇ ਫੌਜੀ ਨੌਕਰੀ ਦੇ ਦੌਰਾਨ ਵੀ ਇੱਕ ਕੈਸਿਟ ਫੌਜੀ ਅਤੇ ਫੌਜੀ ਜ਼ਿੰਦਗੀ ਨਾਲ ਸਬੰਧਤ ਗੀਤਾਂ ਦੀ ਰਿਕਾਰਡ ਕਰਵਾਈ ਸੀ। ਉਸਦਾ ਕਹਿਣਾ ਹੈ ਕਿ ਉਸਦੀ ਲੇਖਣੀ ਤੇ ਮਰਹੂਮ ਗਾਇਕ ਕੁਲਦੀਪ ਮਾਣਕ, ਲਾਲ ਚੰਦ ਯਮਲਾ ਜੱਟ, ਗੁਰਦਾਸ ਮਾਨ ਅਤੇ ਹਰਭਜਨ ਮਾਨ ਦੀ ਗਾਇਕੀ ਦਾ ਪ੍ਰਭਾਵ ਹੈ ਅਤੇ ਉਹਨਾਂ ਦੀ ਗਾਇਕੀ ਪਸੰਦ ਹੈ। ਉਸਨੂੰ ਕਵੀਸ਼ਰੀ ਵਿੱਚ ਗੁਰਬਖਸ਼ ਸਿੰਘ ਅਲਬੇਲਾ, ਜੋਗਾ ਸਿੰਘ ਜੋਗੀ ਤੇ ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲਿਆਂ ਦਾ ਸਬਦ ਕੀਰਤਨ ਤੋਂ ਸਕੂਨ ਮਿਲਦਾ ਹੈ।

ਸ਼ਿਵ ਬਟਾਲਵੀ ਜੀ, ਬੁਲੇ ਸ਼ਾਹ, ਵਾਰਿਸ ਸ਼ਾਹ, ਗਿਆਨੀ ਸੋਹਣ ਸਿੰਘ ਸੀਤਲ ਜੀ ਦੀਆਂ ਕਾਵਿ ਵੰਨਗੀਆਂ ਬਹੁਤ ਪਸੰਦ ਕਰਦਾ ਹੈ। ਉਹ ਆਪ ਵੀ ਜਦੋਂ ਸੁਰੀਲੀ ਅਤੇ ਬੁਲੰਦ ਆਵਾਜ਼ ਵਿੱਚ ਗਾਉਂਦਾ ਹੈ ਤਾਂ ਸਰੋਤਿਆਂ ਨੂੰ ਬੰਨ ਕੇ ਰੱਖ ਦਿੰਦਾ ਹੈ। ਉਸਦੀ ਆਵਾਜ਼ ਇਕ ਮੱਝੇ ਹੋਏ ਗਵੱਈਏ ਦਾ ਭੁਲੇਖਾ ਪਾਉਂਦੀ ਹੈ। ਉਸਨੂੰ ਸੁਰ ਅਤੇ ਰਾਗ ਦੀ ਸੂਝ ਹੈ, ਉਹਦੀ ਰਚਨਾ ਦੇ ਸ਼ਬਦਾਂ ਦੀ ਚੋਣ ਬਾਕਮਾਲ ਹੁੰਦੀ ਹੈ। ਉਹਦਾ ਕਹਿਣਾ ਹੈ ਕਿ ਖੁੱਲੀ ਕਵਿਤਾ ਦੀ ਬਜਾਇ ਛੰਦ ਬੱਧ ਕਵਿਤਾ ਲਿਖਣਾ ਉਹਦੀ ਤਰਜੀਹ ਹੁੰਦੀ ਹੈ। ਉਸਨੇ ਗਾਇਕੀ ਦੇ ਕਈ ਮੁਕਾਬਲਿਆਂ ਚ ਭਾਗ ਲੈਕੇ ਇਨਾਮ ਜਿੱਤੇ ਹਨ। ਉਹ ਫੌਜ ਵਿੱਚ ਭੰਗੜਾ ਤੇ ਗਾਇਕੀ, ਨਾਟਕ, ਬੋਲੀਆਂ, ਕਵੀਸ਼ਰੀ ਅਤੇ ਨਿਊਜ਼ ਰੀਡਰ ਆਦਿ ਵਿੱਚ ਵੀ ਮੋਹਰੀ ਰਿਹਾ ਹੈ। ਹੁਣ ਹਾਲ ਹੀ 'ਚ ਸਹਿਤ ਸਭਾ ਗਰੁੱਪ ਸ੍ਰੀ ਮੁਕਤਸਰ ਸਾਹਿਬ ਵੱਲੋਂ ਚਲਾਏ ਸੁਰ-ਸੁਲਤਾਨ ਦੇ ਟਾਪ ਟੈਨ ਵਿੱਚ ਚੁਣਿਆ ਗਿਆ। ਉਸਨੇ ਆਪਣੇ ਇਸ ਲਿਖਣ ਅਤੇ ਗਾਉਣ ਦੇ ਸ਼ੌਂਕ ਸਦਕਾ ਆਕਾਸ਼ਵਾਣੀ ਸਹਿਤ ਬਹੁਤ ਸਾਰੇ ਰੇਡੀ ਤੋਂ ਵੀ ਹਾਜ਼ਰੀ ਲਗਵਾਈ ਹੈ।



ਇੰਜੀ ਸਤਨਾਮ ਸਿੰਘ ਮੱਟੂ
91-97797-08257

ਇਸ ਤੋਂ ਇਲਾਵਾ ਉਸਨੂੰ ਅੰਤਰਰਾਸ਼ਟਰੀ ਸਾਹਿਤ ਸਭਾ, ਸ੍ਰੀ ਮੁਕਤਸਰ ਸਾਹਿਬ ਵੱਲੋਂ ਸ਼੍ਰੋਮਣੀ ਕਵੀਸ਼ਰ 'ਬਾਬੂ ਰਜਬ ਅਲੀ ਸਾਬ ਯਾਦਗਾਰੀ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ ਹੈ। ਭਾਸ਼ਾ ਵਿਭਾਗ ਪੰਜਾਬ ਪਟਿਆਲਾ ਵੱਲੋਂ ਤੇ ਹੋਰ ਵੀ ਕਈ ਸਾਹਿਤ ਸਭਾਵਾਂ ਵੱਲੋਂ ਸਨਮਾਨਿਤ ਕੀਤਾ ਗਿਆ ਹੈ। ਅੱਜ ਕੱਲ੍ਹ ਉਹ ਗਿਆਨ ਦੀਪ ਸਾਹਿਤ ਸਾਧਨਾ ਮੰਚ ਰਜਿ ਪਟਿਆਲਾ ਵਿੱਚ ਵਿੱਤ ਸਕੱਤਰ ਦੀ ਸੇਵਾ ਨਿਭਾ ਰਿਹਾ ਹੈ।

ਆਪਣੇ ਲਿਖਣ ਦੇ ਸਾਹਿਤਕ ਸਫ਼ਰ ਦੀ ਗੱਲ ਕਰਦਿਆਂ ਦੱਸਿਆ ਕਿ ਉਸਨੇ ਦੋ ਕਾਵਿ ਸੰਗ੍ਰਹਿ ਮਹਿਕਦੇ ਗੀਤ ਅਤੇ ਕਸਤੂਰੀ ਗੰਢਾਂ ਸਾਹਿਤਕ ਸਮਾਜ ਦੀ ਝੋ.ਲੀ ਪਾਈਆਂ ਹਨ ਅਤੇ 'ਸੰਦਲੀ ਸੁਨੇਹੇ' ਵੀ ਜਲਦੀ ਪਾਠਕਾਂ ਦੇ ਹੱਥਾਂ ਵਿੱਚ ਹੋਵੇਗੀ। ਉਸਦਾ ਕਹਿਣਾ ਹੈ ਕਿ ਭਵਿੱਖ ਵਿਚ ਕੁਝ ਹੋਰ ਗੀਤ ਰਿਕਾਰਡ ਕਰਕੇ ਜਲਦੀ ਹੀ ਸਰੋਤਿਆ ਤੱਕ ਪੁੱਜਦਾ ਕਰਨ ਦੀ ਕੋਸ਼ਿਸ਼ ਕਰਾਂਗਾ। ਸਾਡੀ ਵੀ ਇਹੋ ਦੁਆ ਹੈ ਕਿ ਇਹ ਕਲਮ ਪਹਾੜੀ ਚ ਵਗਦੇ ਮਿੱਠੇ ਪਾਣੀ ਦੇ ਝਰਨੇ ਵਾਂਗ ਨਿਰੰਤਰ ਜਾਰੀ ਰਹੇ ਅਤੇ ਇਹ ਬੁਲੰਦ ਆਵਾਜ਼ ਸਰੋਤਿਆਂ ਦੇ ਕੰਨਾਂ ਚ ਰਸ ਘੋਲਦੀ ਰਹੇ।

# ਪੰਜਾਬੀ ਫ਼ਿਲਮ ਦਰਪਣ



ਅੰਮ੍ਰਿਤ ਪਵਾਰ

## ਬੌਬੀ ਬਾਜਵਾ ਬੋਲੇ "ਚਲੇ ਯਾਰ ਕੋਚੈਲਾ"

ਬੌਬੀ ਬਾਜਵਾ ਗਾਇਕ ਵੀ ਨੇ ਤੇ ਨਾਇਕ ਵੀ ਹਨ। ਉਹ ਪੰਜਾਬੀ ਵੀਡਿਓ ਗੀਤ ਦੁਨੀਆਂ ਦੇ ਸਟਾਰ ਡਾਇਰੈਕਟਰ ਹਨ ਤੇ ਸ਼ੋਰਟ, ਵੈੱਬ ਫ਼ਿਲਮਾਂ ਵਿੱਚ ਉਹਨਾਂ ਦੇ ਨਿਰਦੇਸ਼ਨ ਦੀ ਬੱਲੇ ਬੱਲੇ ਹੈ। ਬੌਬੀ ਬਾਜਵਾ ਨੇ "ਚਲੇ ਯਾਰ ਕੋਚੇਲਾ" ਫ਼ਿਲਮ ਬਣਾਈ ਹੈ। ਜੱਸ ਵੜੈਚ ਤੇ ਤਨੀਸ਼ਾ ਵਿਰਦੀ ਦੇ ਨਾਲ ਬੌਬੀ ਬਾਜਵਾ ਨੇ ਇਸ ਫਿਲਮ



ਵਿੱਚ ਗੁਰਚੇਤ ਚਿੱਤਰਕਾਰ, ਰਜਿੰਦਰ ਰੋਜ਼ੀ ਤੇ ਸਤਵੰਤ ਕੌਰ ਵੀ ਹਨ। ਸੰਗੀਤ ਮਿਸਟਰ ਡੋਪ ਨੇ ਦਿੱਤਾ ਹੈ ਜਦ ਕਿ ਡੀ ਓ ਪੀ ਸ਼ੈਲੀ ਧੀਮਾਨ ਹਨ।ਬੌਬੀ ਬਾਜਵਾ ਨਿਰਦੇਸ਼ਤ ਇਸ ਫ਼ਿਲਮ ਦੇ ਗੀਤ ਸ਼ੀਪਾ ਤੇ ਭੱਟੀ ਭੜੀ ਵਾਲਾ ਨੇ ਲਿਖੇ ਹਨ। ਪਟਕਥਾ ਤੇ ਸੰਵਾਦ ਮਲਕੀਤ ਮਲੰਗਾ ਦੇ ਹਨ। ਕਹਾਣੀ ਤੇ ਨਿ-ਰਮਾਣ ਕੈਪਟਨ ਮੰਡੇਰ ਦਾ ਹੈ। ਬੌਬੀ ਬਾਜਵਾ ਦੀ ਇਸ ਸਾਲ ਆ ਰਹੀ ਇਹ ਪਹਿਲੀ ਸਿਤਾਰਿਆਂ ਨਾਲ ਸੱਜੀ ਸ਼ਾਨਦਾਰ ਫ਼ਿਲਮ ਹੈ।

## ਸੀ ਐਮ ਸਾਬ ਭਗਵੰਤ ਮਾਨ ਦੀ "ਤਬਾਹੀ"


ਹਲਾਤ ਪੰਜਾਬ ਦੇ ਬੁਰੇ ਸਨ ਤੇ ਕਾਲਾ ਦੌਰ ਜ਼ਾਰੀ ਸੀ ਪਰ ਇਕਬਾਲ ਢਿੱਲੋਂ ਦੀ ਆਈ ਫ਼ਿਲਮ "ਤਬਾਹੀ" ਨੇ ਟਿਕਟ ਖਿੜਕੀ ਤੇ ਤਬਾਹੀ ਮਚਾ ਦਿੱਤੀ ਸੀ। ਖਾਸ ਗੱਲ ਕਿ ਨਵੇਂ ਹੀਰੋ ਵਿਸ਼ਾਲ ਸਿੰਘ ਨੂੰ ਲੋਕਾਂ ਨੇ ਸਟਾਰ ਬਣਾ ਦਿੱਤਾ ਸੀ ਤੇ ਫ਼ਿਲਮ ਦਾ ਮੁੱਖ ਤੇ ਅਹਿਮ ਪਾਤਰ ਸਾਡੇ ਅੱਜ ਦੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ




ਮਾਨ ਸਾਬ ਸਨ। ਭਗਵੰਤ ਮਾਨ ਦੁਪਿਹਰ ਦੀ ਰੋਟੀ ਤੇ ਅੰਦਾਜਾ ਲਾਓ ਸੰਵਾਦ ਨਾਲ ਫ਼ਿਲਮ ਵਿੱਚ ਛਾਅ ਗਏ। ਭਗਵੰਤ ਮਾਨ ਨਾਲ ਅੱਜ ਦੇ ਐਮ ਪੀ ਰਹੇ ਮੋਹਮੰਦ ਸਦੀਕ ਤੇ ਰਵਿੰਦਰ ਮਾਨ ਵੀ ਸਨ। ਭਗਵੰਤ ਮਾਨ ਸਾਬ "ਤਬਾਹੀ" ਵਿੱਚ ਬਹੁਤ ਪਸੰਦ ਕੀਤੇ ਗਏ ਸਨ ਤੇ ਫ਼ਿਲਮ ਸੁਪਰ ਹਿੱਟ ਰਹੀ ਸੀ। ਹਰਿੰਦਰ ਗਿੱਲ ਇਸ ਫ਼ਿਲਮ ਦੇ ਨਿਰਦੇਸ਼ਕ ਸਨ। ਇਕਬਾਲ ਢਿੱਲੋਂ ਤੇ ਭਗਵੰਤ ਮਾਨ ਦੀ ਤਦ ਕਾਫ਼ੀ ਆਪਸੀ ਸਾਂਝ ਰਹੀ। ਭਗਵੰਤ ਮਾਨ ਦੀਆਂ ਯਾਦਗਾਰ ਫ਼ਿਲਮਜ਼ ਵਿੱਚ "ਤਬਾਹੀ" ਦਾ ਜ਼ਿਕਰ ਸਦਾ ਰਹੇਗਾ।

## ਅਵਤਾਰ ਵਰਮਾ ਮਿਹਨਤ ਨੂੰ ਸਲਾਮ

ਦੂਰਦਰਸ਼ਨ ਜਲੰਧਰ ਤੇ ਨਿੱਜੀ ਨਿਰਦੇਸ਼ਕ ਬਣ ਸੀਰੀਅਲ ਦਰਸ਼ਕਾਂ ਨੂੰ ਦਿਖਾ ਕਿ ਹਿੱਟ ਡਾਇਰੈਕਟਰ ਬਣੇ ਅਵਤਾਰ ਵਰਮਾ ਨੇ ਪੰਜਾਬੀ ਫ਼ਿਲਮਾਂ ਵਿੱਚ ਐਕਟਿੰਗ ਵੀ ਕੋਈ ਹੈ ਤੇ ਅੱਜ ਕਲ ਉਹ ਵੀਡਿਓ ਐਲਬਮ ਗਾਣੇ ਕਰ ਕਿ ਮਾਲਵੇ ਵਿੱਚ ਬਹੁਤ ਪ੍ਰਸਿੱਧ ਹਨ। ਅਵਤਾਰ ਵਰਮਾ ਮਿਹਨਤ ਬਲਬੂਤੇ ਇਸ ਮੁਕਾਮ ਤੇ ਹਨ। ਪਾਲੀ ਦੇਤਵਾਲੀਆ ਦੇ ਉਹ ਮ ਨ ਪ ਸ ੰ ਦ ਨਿਰਦੇਸ਼ਕ ਹਨ।



ਅਵਤਾਰ ਵਰਮਾ ਨੇ ਨਵੇਂ ਮਾਡਲ ਲੋਕਾਂ ਨੂੰ ਕਾਫੀ ਚਮਕਾਇਆ ਹੈ। ਮੁਨੀਸ਼ਾ ਨੇ ਕਿਹਾ ਕਿ ਅਵਤਾਰ ਵਰਮਾ ਜੀ ਨਾਲ ਵੀਡਿਓ ਕਰਨਾ ਅੱਛੇ ਕੈਰੀਅਰ ਵੱਲ ਜਾਣਾ ਹੈ ਤੇ ਉਹ ਫਿਲਮੀ ਅੰਦਾਜ਼ ਨਾਲ ਕੰਮ ਕਰਵਾਉਂਦੇ ਹਨ। ਅਵਤਾਰ ਵਰਮਾ ਨੇ "ਜਾਗੋ ਪੰਜਾਬ" ਸਮੇਤ ਅਨੇਕਾਂ ਫ਼ਿਲਮਜ਼ ਨੂੰ ਨਿਰਦੇਸ਼ਨ ਦਿੱਤਾ ਹੈ। ਮਨੀਸ਼ਾ ਦੀ ਚਾਹਤ ਹੈ ਕਿ ਅਵਤਾਰ ਵਰਮਾ ਵੱਡੀ ਫ਼ਿਲਮ ਕਰਨ ਤੇ ਉਸ ਰਾਹੀਂ ਉਹ ਵੱਡੇ ਪੱਧਰ ਤੇ ਲਾਂਚ ਹੋਏ। ਅਵਤਾਰ ਵਰਮਾ ਹੈ ਤੋਂ ਸਭ ਜਾਇਜ਼ ਹੈ।

## ਜਗਰੂਪ ਹੰਸ ਦੀ ਸ਼ਾਨਦਾਰ ਫ਼ਿਲਮ "ਅੰਮੀ"

ਪੰਜਾਬੀ ਵੀਡਿਓ ਗੀਤਾਂ ਦੇ ਨੌਜਵਾਨ ਨਿਰਦੇਸ਼ਕ ਜਗਰੂਪ ਹੰਸ ਨੇ ਪੰਜਾਬੀ ਸ਼ੋਰਟ ਫ਼ਿਲਮਾਂ ਨਾਲ ਆਪਣਾ ਕੈਰੀਅਰ ਸ਼ੁਰੂ ਕੀਤਾ ਹੈ ਤੇ ਉਹਨਾਂ ਦੀ ਨਿਰਦੇਸ਼ਤ ਫ਼ਿਲਮ "ਅੰਮੀ " ਤਿਆਰ ਹੈ। ਜਗਰੂਪ ਹੰਸ ਦੱਸਦੇ ਨੇ ਕਿ ਉਹਨਾਂ ਦੇ ਪਿਤਾ ਸਤਨਾਮ ਸਿੰਘ ਉਮਰਪੁਰਾ ਰਾਜਨੇਤਾ ਦੇ ਨਾਲ ਐਕਟਰ ਵੀ ਹਨ ਤੇ ਉਹਨਾਂ ਨਾਲ ਫਿਲਮੀ ਸੈੱਟ ਤੇ ਜਾ ਕਿ ਉਹ ਬਹੁਤ ਕੁੱਝ ਸਿੱਖਦੇ ਰਹੇ। ਜਗਰੂਪ ਨੇ ਹੁਣ ਕੌਰ ਰਿਕਾਰਡ ਦੀ ਫ਼ਿਲਮ "ਅੰਮੀ "ਡਾਇਰੈਕਟ ਕੀਤੀ ਹੈ।




ਜਗਰੂਪ ਨੇ ਕਿਹਾ ਕਿ ਜੇ ਅਰ ਬ੍ਰਦਰਸ ਤੇ ਨਿਰਮਾਤਾ ਸੁਖਜੀਤ ਕੌਰ ਨੇ ਉਹਨਾਂ ਦਾ ਹੌਸਲਾ ਅਫਜ਼ਾਈ ਵਿੱਚ ਪੂਰਾ ਸਾਥ ਦਿੱਤਾ ਤੇ ਅੰਮੀ ਲਈ ਰੇਸ਼ਮਬਿਰ ਸਿੰਘ ਦੇ ਯੋਗਦਾਨ ਨਾਲ ਨਿਰਦੇਸ਼ਨ ਦੇ ਕਈ ਟਿਪਸ ਉਸ ਹਾਸਿਲ ਕੀਤੇ ਹਨ। ਜਗਰੂਪ ਹਾਂਸ ਦਾ ਨਿਸ਼ਾਨਾ ਵੱਡੇ ਪਰਦੇ ਦਾ ਕਾਮਯਾਬ ਡਾਇਰੈਕਟਰ ਬਣ ਚਮਕਣਾ ਹੈ ਤੇ ਜਲਦੀ ਉਹ ਦੋ ਸਟਾਰ ਗਾਇਕ ਭਰਾਵਾਂ ਨਾਲ ਵੱਡੀ ਫ਼ਿਲਮ ਡਾਇਰੈਕਟ ਕਰਨਗੇ ਤੇ ਇਹ ਸਭ "ਅੰਮੀ" ਦੀ ਬਦੌਲਤ ਹੈ।

## ਹਰਬੀਰ ਢੀਂਡਸਾ-ਲਘੂ ਫਿਲਮਾਂ ਦਾ ਮੇਲਾ ਕਰਵਾਉਣਗੇ

ਹਰਬੀਰ ਢੀਂਡਸਾ ਲਘੂ ਫਿਲਮਾਂ ਦੇ ਉਹ ਨਿਰਮਾਤਾ ਤੇ



ਨਿਰਦੇਸ਼ਕ ਨੇ ਜਿਹਨਾਂ ਦੀ ਰੱਜਵੀਂ ਸਿਫ਼ਤ ਕਰਨੀ ਬਣਦੀ ਹੈ। ਉਹ ਹਮੇਸ਼ਾ ਪੰਜਾਬ ਦੇ ਚਲੰਤ ਵਿਸ਼ਿਆਂ ਤੇ ਸ਼ਾਨਦਾਰ ਜਾਨਦਾਰ ਤੇ ਮੰਤਵ ਵਾਲੀ ਲਘੂ ਫਿਲਮਾਂ ਬਣਾਉਂਦੇ ਹਨ। ਹੁਣ ਵੱਡੀ ਸਾਬਾਸ਼ ਕਿ ਹ ਸ਼ੋਰਟ ਫ਼ਿਲਮਾਂ ਦਾ ਮੇਲਾ ਕਰਵਾਉਣ ਜਾ ਰਹੇ ਨੇ ਤੇ ਉਹਨਾਂ ਪੰਜਾਬ ਭਰ ਦੇ ਸ਼ੋਰਟ ਫ਼ਿਲਮਾਂ ਵਾਲਿਆਂ ਨੂੰ ਤਕੀਦ ਕੀਤੀ ਹੈ ਕਿ ਉਹ ਇਸ ਮੇਲੇ ਲਈ ਆਪਣੇ ਲਿੰਕ ਤੇ ਫ਼ਿਲਮਾਂ ਸੰਬੰਧੀ ਭੇਜਣ। ਹਰਬੀਰ ਢੀਂਡਸਾ ਬੈਸਟ ਐਕਟਰ, ਐਕਟ੍ਰੈਸ ਤੇ ਹੋਰਾਂ ਨੂੰ ਟਰਾਫੀ ਤੇ ਨਗਦ ਰਾਸ਼ੀ ਨਾਲ ਮਿਊਜ਼ਿਕ ਹੱਟ ਟੀਵੀ ਵੱਲੋਂ ਸਨਮਾਨਿਤ ਕਰਨਗੇ।ਯਾਦ ਰਹੇ ਢੀਂਡਸਾ ਜੀ ਕਸ਼ਮੀਰੀ ਫ਼ਿਲਮ "ਮਿੱਟੀ ਨਸੀਬ ਕੀ" ਵੀ ਕਰ ਚੁੱਕੇ ਹਨ। ਰਮਣੀਕ ਨੇ ਕਿਹਾ ਸੀ ਕਿ ਇੱਕ ਦਿਨ ਸਟਾਰ ਮੇਕਰ ਬਣ ਜਾਣੇ ਨੇ ਤੇ ਅੱਜ ਉਹ ਗੱਲ ਸੱਚ ਹੋਣ ਦੇ ਬਰਾਬਰ ਹੈ।

## ਪੂਜਾ ਸ਼ਾਰਦਾ ਬੱਲੇ ਬੱਲੇ ਤੇ ਪੂਜਾ ਕੌਸ਼ਲ ਦਾ ਸਿੱਕਾ ਵੀ ਚਲੇ

ਪੂਜਾ ਗਾਬਾ ਸ਼ਾਰਦਾ ਸੁੰਦਰਤਾ ਮੁਕਾਬਲਿਆਂ ਦੀ ਦੇਣ ਫ਼ਿਲਮ ਨਗਰ ਨੂੰ ਹੈ ਤੇ ਪੂਜਾ ਸ਼ਾਰਦਾ ਨੇ "ਤਬਾਹੀ ਰਿਲੋਡਡ" ਵਿੱਚ ਬੇਗਮ ਸਾਹਿਬਾਂ ਦਾ ਜ਼ਬਰਦਸਤ ਕਿਰਦਾਰ ਕਰ ਕਿ ਸਭ ਨੂੰ ਮੋਹ ਲਿਆ। ਅੱਜ ਕਲ ਪੂਜਾ ਸ਼ਾਰਦਾ ਗਾਬਾ ਵੈੱਬ ਸੀਰੀਜ਼ ਕਰ ਰਹੀ ਹੈ ਤੇ ਕਿ ਵੱਡੀ ਪੰਜਾਬੀ ਫ਼ਿਲਮ ਕਰਮਜੀਤ ਅਨਮੋਲ ਨਾਲ ਉਸ ਨੂੰ ਮਿਲੀ ਹੈ। ਇਸ ਤਰਾਂ ਦੂਜੀ ਪੂਜਾ ਵੀ ਜਾਨ ਜਵਾਨ ਜਹਾਨ ਹੈ। ਪੂਜਾ ਕੌਸ਼ਲ ਉਸ ਦਾ ਪੂਰਾ ਨਾਮ ਹੈ ਤੇ ਮਿਸ ਪੂਜਾ ਕੌਸ਼ਲ "ਰਾਣੋ " ਤੋਂ ਬਾਅਦ ਰਾਜਸਥਾਨੀ ਫ਼ਿਲਮਜ਼ ਤੇ ਵੀਡਿਓ ਕਰ ਰਹੀ ਹੈ। ਪੂਜਾ ਕੌਸ਼ਲ ਨੇ ਕਿਹਾ ਕਿ ਮਾਡਲਿੰਗ ਦਾ ਆਪਣਾ ਅਰਥ ਹੈ ਜਦ ਕਿ ਐਕਟਿੰਗ ਦਾ



ਆਪਣਾ ਮਜ਼ਾ ਹੈ। ਮਾਡਲਿੰਗ ਨਾਲ ਚਿਹਰੇ ਦੀ ਪਹਿਚਾਣ ਜਲਦੀ ਹੁੰਦੀ ਹੈ ਤੇ ਫ਼ਿਲਮ ਨਾਲ ਅੰਤਰ ਰਾਸ਼ਟਰੀ ਪੱਧਰ ਤੇ ਨਾਂ ਬਣਦਾ ਹੈ। ਇਸ ਤਰਾਂ ਪੂਜਾ ਕੌਸ਼ਲ ਟੌਪ ਨਾਇਕਾ ਬਣ ਜਾਣ ਲਈ ਸਰਗਰਮ ਹੈ। ਦੂਜੇ ਪਾਸੇ ਪੂਜਾ ਗਾਬਾ ਸ਼ਾਰਦਾ ਦੀ ਵੀ ਬੱਲੇ ਬੱਲੇ ਹੈ। ਪੂਜਾ ਨਾਮ ਹੀ ਕਿਸਮਤ ਵਾਲਾ ਹੈ ਸ਼ਾਰਦਾ ਜਾਂ ਗਾਬਾ ਜਾਂ ਕੌਸ਼ਲ ਲਈ ਵਰ ਹੈ।

# ਸੰਗਤ ਲਈ ਸੁਰੀਲਾ ਹੋਕਾ ਦਿੱਤਾ "ਸੰਗਤੇ ਕਾਂਸ਼ੀ ਨੂੰ ਗਾਇਕ ਰੂਪ ਲਾਲ ਧੀਰ ਨੇ ਪੇਸ਼ਕਸ਼ ਰਾਮ ਭੋਗ ਪੁਰੀਆ

ਰੂਪ ਲਾਲ ਧੀਰ ਨੇ ਗੁਰੂ ਰਵਿਦਾਸ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਲਈ ਸੰਗਤਾਂ ਨੂੰ ਗੁਰੂ ਜੀ ਦੀ ਨਗਰੀ ਕਾਂਸ਼ੀ ਨੂੰ ਜਾਣ ਤੇ ਇੱਕ ਸ਼ਰਧਾ ਵਾਲਾ ਗੀਤ ਗਾਇਆ ਹੈ।ਗੁਰੂ ਰਵਿਦਾਸ ਜੀ ਦੇ ਪੁਰਬ ਤੇ ਉਹ ਵਿਸ਼ੇਸ਼ ਕਰ ਸੰਗਤਾਂ ਲਈ ਮਿੱਠੇ ਸੁਰੀਲੇ ਕਲਾਕਾਰਾਂ ਦੇ ਟਰੈਕ ਲਿਆਉਂਦੇ ਰਾਮ ਜੀ ਨੇ ਇਹ ਗੀਤ ਪੇਸ਼ ਕੀਤਾ ਹੈ। ਰੂਪ ਲਾਲ ਧੀਰ ਗਾਉਂਦਾ ਏ ਖੂਹਾਂ ਦੇ ਪਾਣੀ ਖਲੋ ਸੁਣਦੇ ਨੇ ਬੋਲ ਤੇ ਕਾਂਸ਼ੀ ਜਾ ਰਹੀਆਂ ਸੰਗਤਾਂ ਲਈ ਇਹ ਗੀਤ ਖਾਸ ਹੈ। ਰੂਪ ਲਾਲ ਧੀਰ ਦੀ ਆਵਾਜ਼ ਵਿੱਚ ਬੰਨੀ ਸ਼ਰਮਾ ਦਾ ਪ੍ਰੋਜੈਕਟ "ਸੰਗਤੇ ਕਾਂਸ਼ੀ ਨੂੰ" ਆਰ ਜੇ ਭਗਤੀ ਸੰਗੀਤ ਕੰਪਨੀ ਵਿੱਚੋਂ ਆਰ ਜੇ ਬੀਟਸ ਨੇ ਲਿਆਂਦਾ ਹੈ। ਪੰਜਾਬੀ ਗੀਤਕਾਰ ਬਲਵਿੰਦਰ ਭੌਰਾ ਨੇ ਰਚਿਆ ਹੈ। ਮਨੀਸ਼ ਠੁਕਰਾਲ ਨੇ ਕਾਰਜਕਾਰੀ ਅਧਿਕਾਰੀ ਮਨੀਸ਼ ਸ਼ਰਮਾ ਲਈ ਇਹ ਵੀਡਿਉ ਤਿਆਰ ਕੀਤਾ ਹੈ। ਬੀ ਆਰ ਡਿਮਨਾ ਦਾ ਸੰਗੀਤ ਹੈ।




ਸਹਿ ਨਿਰਮਾਤਾ ਸੁੱਖ ਵਾਲੀਆ ਆਖ ਰਹੇ ਹਨ ਕਿ ਰੂਪ ਲਾਲ ਧੀਰ ਦੇ ਇਸ ਧਾਰਮਿਕ ਗੀਤ ਨੇ ਸੰਗਤਾਂ ਨੂੰ ਹੋਕਾ ਕਾਂਸ਼ੀ ਗੁਰੂ ਜੀ ਦੀ ਨਗਰੀ ਆਉਣ ਦਾ ਦਿੱਤਾ ਹੈ ਤੇ ਇਹੀ ਗੀਤ ਦੀ ਭਾਵਨਾ ਹੈ। ਧੰਨਵਾਦ ਰਾਮ ਜੀ, ਸੁੱਖ ਵਾਲੀਆ ਤੇ ਬਲਵਿੰਦਰ ਭੌਰਾ ਤੇ ਗਾਇਕ ਰੂਪ ਲਾਲ ਧੀਰ ਦਾ ਜਿਹਨਾਂ ਨੇ ਗੁਰੂ ਰਵਿਦਾਸ ਜੀ ਦੇ ਪੁਰਬ ਤੇ ਸੰਗਤਾਂ ਨੂੰ ਇਹ ਬੇਮਿਸਾਲ ਟਰੈਕ ਦਿੱਤਾ ਹੈ। ਰੂਪ ਲਾਲ ਧੀਰ ਨੇ ਕਿਹਾ ਕਿ ਬੀ ਆਰ ਨੇ ਸਾਜਾਂ ਦੀ ਛਣਕਾਰ ਨਾਲ ਇਹ ਟਰੈਕ ਮਿੱਠਾ ਬਣਾ ਦਿੱਤਾ ਹੈ। "ਸੰਗਤੇ ਕਾਂਸ਼ੀ ਨੂੰ" ਗੀਤ ਦਿਨ ਬ ਦਿਨ ਹਿੱਟ ਹੋ ਰਿਹਾ ਹੈ। **- ਅੰਮ੍ਰਿਤ ਪਵਾਰ**

# ਪਹਿਲੀ ਵਾਰ ਇਤਿਹਾਸ ਬਣੇਗਾ ਕਿ ਹੋਏਗਾ ਲੁਧਿਆਣੇ "ਮੇਲਾ ਗੀਤਕਾਰਾਂ ਦਾ" ਸ਼ਲਾਘਾ ਯੋਗ ਹੈ ਭੱਟੀ ਦਾ ਕਦਮ- ਜੀਤ ਕੱਦੋਂ ਵਾਲਾ

ਆਈ ਪੀ ਆਰ ਐਸ ਕੋਲ ਹੁੰਦੇ ਨੇ ਗੀਤਾਂ ਦੇ ਹੱਕ ਤੇ ਜਿਹੜੇ ਗੀਤਕਾਰ "ਮੇਲਾ ਗੀਤਕਾਰਾਂ ਦਾ" ਮੁਹਿੰਮ ਨਾਲ ਜੁੜ ਗਏ ਉਹ ਆਪਣੇ ਗੀਤ ਕਾਪੀ ਰਾਇਟ ਐਕਟ ਅਧੀਨ ਲਿਆ ਬੇਫ਼ਿਕਰ ਹੋਣਗੇ ਤੇ ਉਹਨਾਂ ਨੂੰ ਗੀਤਾਂ ਦਾ ਹੱਕ ਮਿਲਦਾ ਰਹੇਗਾ। ਉੱਘੇ ਗੀਤਕਾਰ ਕਰਮਜੀਤ ਜੀਤ ਕੱਦੋਂਵਾਲਾ ਨੇ "ਮੇਲਾ ਗੀਤਕਾਰਾਂ ਦਾ" ਲਈ ਭੱਟੀ ਭੜੀਵਾਲਾ ਤੇ ਜਸਵੰਤ ਸੰਦੀਲਾ, ਸੇਵਾ ਸਿੰਘ ਨੌਰਥ ਤੇ ਹੋਰ ਸਾਰੇ ਜਿਹੜੇ ਦਿਨ ਰਾਤ ਇੱਕ ਕਰ ਇਸ ਮੇਲੇ ਦੀ ਕਾਮਯਾਬੀ ਲਈ ਦਿਨ ਰਾਤ ਇੱਕ ਕਰ ਰਹੇ ਨੇ ਦੀ ਸ਼ਲਾਘਾ ਕੀਤੀ ਹੈ। ਫੇਸਬੁੱਕ ਤੇ ਇੰਸਟਾਗ੍ਰਾਮ ਤੇ ਇਸ ਮੇਲੇ ਪ੍ਰਤੀ ਉਤਸ਼ਾਹ ਹੈ ਤੇ ਟਵਿੱਟਰ ਐਕਸ ਤੇ ਵੀ ਚਰਚਾ ਹੈ। ਜੀਤ ਨੇ ਕਿਹਾ ਕਿ ਸਰਕਾਰ ਤੋਂ ਇਸ ਮੇਜਰ ਮੇਲੇ ਵਿੱਚ ਹੱਕ ਦਿਵਾਉਣ ਦਾ ਕੰਮ ਵੀ ਹੋਣਾ ਹੈ। ਜਲਦੀ ਹੀ ਇਸ ਮੇਲੇ ਦਾ ਪੋਸਟਰ ਆ ਰਿਹਾ ਹੈ। ਭੱਟੀ ਸਾਬ




ਨੇ ਕਿਹਾ ਕਿ ਮਾਝੇ, ਮਾਲਵੇ ਤੇ ਦੋਆਬੇ ਦੇ ਬਹੁਤ ਗੀਤਕਾਰ ਸਾਡੇ ਨਾਲ ਜੁੜ ਗਏ ਹਨ। ਵਿਦੇਸ਼ ਬੈਠੇ ਗੀਤਕਾਰ ਜ਼ਰੂਰੀ ਮੇਲੇ ਲਈ ਆਪਣਾ ਤਨ ਮਨ ਧਨ ਦਾ ਯੋਗਦਾਨ ਦੇਣ ਇਹ ਸਾਡੀ ਨਿੱਜੀ ਰਾਏ ਹੈ ਕਿਉਂ ਕਿ ਐਡਾ ਵੱਡਾ ਮੇਲਾ ਬਹੁਤ ਖਰਚ ਵੀ ਆਏਗਾ ਤੇ ਗੀਤਕਾਰ ਇਧਰਲੇ ਅੱਗੇ ਹੀ ਤੁਹਾਨੂੰ ਪਤਾ ਹੈ। ਖੈਰ ਜੀਤ ਕੱਦੋਂਵਾਲਾ ਦੇ ਸੁਨੇਹੇ ਦੇ ਨਾਲ ਹੋਰ ਵੀ ਗੀਤਕਾਰ ਲੋਕ "ਮੇਲਾ ਗੀਤਕਾਰਾਂ ਦਾ" ਲਈ ਸਰਗਰਮ ਹਨ। ਪੰਜਾਬੀ ਭਵਨ ਲੁਧਿਆਣਾ ਵਿਖੇ ਫਰਵਰੀ ਦੇ ਆਖਰੀ ਹਫਤੇ ਹੀ ਹੋ ਰਹੇ ਇਸ ਮੇਲੇ ਲਈ ਕਲਾਕਾਰਾਂ ਦੀ ਸਰਕਾਰ ਮੁੱਖੀ ਭਗਵੰਤ ਮਾਨ ਆਪਣਾ ਉਸਾਰੂ ਯੋਗਦਾਨ ਦੇਵੇ ਤਾਂ ਕਿ ਪੰਜਾਬੀ ਗੀਤਕਾਰੀ ਫ਼ਖ਼ਰ ਦਾ ਕੰਮ ਬਣੇ। ਬਾਕੀ ਆਈ ਪੀ ਆਰ ਐਸ ਨਾਲ ਗੀਤਕਾਰਾਂ ਦਾ ਮੇਲ ਇਹ ਬਹੁਤ ਵੱਡਾ ਕਦਮ ਹੈ। ਦਿਲਬਾਗ ਹੁੰਦਲ ਨੇ ਵੀ ਇਸ ਮੇਲੇ ਲਈ ਆਪਣੇ ਪੱਧਰ ਤੇ ਕੰਮ ਪ੍ਰਚਾਰ ਦਾ ਜ਼ਾਰੀ ਰੱਖਿਆ ਹੈ। "ਮੇਲਾ ਗੀਤਕਾਰਾਂ ਦਾ" ਸਾਲ 2025 ਨੂੰ ਯਾਦਗਾਰ ਸਾਲ ਬਣਾ ਦੇਵੇਗਾ ਕਿਉ ਕਿ 2000 ਤੋਂ ਪਹਿਲਾ 1900 ਤੋਂ 2000 ਤੱਕ ਤੇ 2000 ਤੋਂ 2024 ਤੱਕ ਕੋਈ ਮੇਲਾ ਨਿਰੋਲ ਗੀਤਕਾਰਾਂ ਦਾ ਨਹੀਂ ਹੋਇਆ। ਇਸ ਲਈ ਸਾਡੀਆਂ ਸ਼ੁੱਭ ਕਾਮਨਾਵਾਂ ਇਸ ਮੇਲੇ ਲਈ ਸੱਤੇ ਖੈਰਾਂ ਹੋਵਣ ਆਫ਼ਰੀਨ। **- ਅੰਮ੍ਰਿਤ ਪਵਾਰ**

## ਕਾਵਿ-ਵਿਅੰਗ

# ਧੌਂਸ ਡਾਲਰ ਦੀ?

ਸੁਣਦੇ ਆਏ ਸਾਂ 'ਧੌਂਸ' ਅਮਰੀਕਣਾ ਦੀ  
ਦੁਨੀਆਂ ਭਰ ਦੇ ਵਿਚ ਹੀ 'ਚੱਲਦੀ' ਏ।  
ਜਿਸ ਦਿਨ ਦਾ ਸਾਹਿਬ ਟਰੰਪ ਆਇਆ  
ਹਾਲਤ ਸਾਰੇ ਥਾਂਹ ਬਣੀ ਤਰਥੱਲ੍ਹ ਦੀ ਏ।  
'ਦਬਕਾ' ਕਿਸੇ ਨੂੰ ਵੱਜਿਆ 'ਟੈਰਿਫਾਂ' ਦਾ  
ਦੇਖੋ ਕਿਹੜੀ ਸਰਕਾਰ ਇਹ 'ਝੱਲਦੀ' ਏ।  
ਪਾਵਰ ਫੁੱਲ 'ਕਰੰਸੀ' ਹਾਂ ਵਿਸ਼ਵ ਭਰ ਦੀ  
ਟੋਨ ਡਾਲਰ ਦੀ ਮੈਸਿਜ਼ ਇਹ ਘੱਲਦੀ ਏ।  
ਆ ਗਏ 'ਗ਼ੈਰ-ਕਾਨੂੰਨੀ' ਪ੍ਰਵਾਸੀਆਂ ਦੀ  
ਕਿਸਮਤ ਜਾਪਦੀ ਉਨ੍ਹਾਂ ਦੀ 'ਰੋਣ' ਲੱਗੀ।  
ਹਾਕਮ ਵਿਚ ਅਮਰੀਕਾ ਕੀ ਬਦਲਿਆ ਏ  
ਉਸਦੀ 'ਚਰਚਾ' ਸੰਸਾਰ ਵਿਚ ਹੋਣ ਲੱਗੀ!



-ਤਰਲੋਚਨ ਸਿੰਘ ਦੁਪਾਲ ਪੁਰ  
001-408-915-1268

# SUNSHINE AUTO CARE INC.

## WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

We do Truck Smoke Test & Alignment FOR ALL CUSTOMERS

hablamos español

We Speak English, Spanish & Punjabi

We Provide Towing & 24/7 Mobile Road Services For All Autos, Trucks & Trailers

Open Monday to Saturday

Com-Check
T-Check
EFS Check

ACCEPTED HERE

VISA MasterCard AMERICAN EXPRESS DISCOVER NETWORK




**209-239-1551**

**1003 MOFFAT BLVD., MANTECA, CA 95336**



# HAPPY BAZAAR

## Indian, Pakistani & Fijjian Groceries

**WE ARE OPEN**
**7 DAYS A WEEK**
**9:00 am to 8:30 pm**

RENT DVDS & BUY CLOTHES
ENJOY YOUR DAY WITH HOPES

**We sell Air Tickets**

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ

CALL US
Ph: (209) 478-0285
Fax: (209) 477-3206

EVERY SATURDAY & SUNDAY
SPECIAL DISCOUNT ON GROCERIES

**1304 E Hammer Lane # 7 Stockton CA 95212**

EMAIL : indiabazaar08@yahoo.com